**ਸਾਲ ਪੰਦਰਵਾਂ, ਮਹੀਨਾ ਦਿਸੰਬਰ 2009**

**ਫਾਊਂਡਰ ਚੇਅਰਮੈਨ**
**ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ**
**ਚੇਅਰਪਰਸਨ**
**(ਸੰਤ ਮਾਤਾ ਬੀਜੀ) ਰਣਜੀਤ ਕੌਰ ਜੀ, ਰਤਵਾੜਾ ਸਾਹਿਬ**


**SUBSCRIPTION FOREIGN (ਵਿਦੇਸ਼)**

| | Annual | Life |
|---|---|---|
| U.S.A. | 50 US$ | 500 US$ |
| U.K. | 30 $ | 300 $ |
| Aus. | 80 $ | 800 $ |
| Europ | 50 Euro | 500 Euro |


**Postal Address for Enquiry, Money Order, Cheque, Draft & correspondence : V.G.R.M Charitable Trust, Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar, Distt. S.A.S. Nagar (Mohali) 140901 Pb.India**



**Exemption U/S 80-G upto 31.03.2012 vide L. No. CIT-II/CHD/80G/TECH/245/2008-09/823**

**Registration Under Foreign Contribution (Regulation) Act 1976 R.No. 115320023**



**ਆਤਮ ਮਾਰਗ ਮੈਗਜੀਨ ਨਾ ਮਿਲਣ ਤੇ ਅਤੇ ਮਹਾਂਪੁਰਖਾਂ ਵੱਲੋਂ ਪ੍ਰਕਾਸ਼ਿਤ ਕਿਤਾਬਾਂ ਮੰਗਵਾਉਣ ਲਈ ਸੰਪਰਕ ਨੰ.-**

**Head Office INDIA - (M) 94172-14391, 9417214379**
**0160-2255002, Fax - 2255009**

U.S.A. - Baba Satnam Singh ji Atwal
Phone and Fax : 408-263-1844
Bhai Kuldeep Singh Sher Gill
Phone : 408-230-8319
**Bibi Sukhvinder Kaur Bains -** Phone : 403-270-3387
**Canada - Bhai Sarmukh Singh Pannu**
Phone - 604-433-0408
**England - Bibi Gurbax Kaur /Jagtar Singh Jagi**
Phone : 0121-200-2818
Fax : 0121-200-2879, **Raj Mobile** : 07968734058

**For more information please visit us on internet at:-**
**Email : atammarg@glide.net.in**
http:# www.ratwarasahib.org, http # www.ratwarasahibmedia.org



**ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।**



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਐਸ.ਏ.ਐਸ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


## ਤਤਕਰਾ


1. ਸੰਪਾਦਕੀ 2
2. ਪੋਖਿ ਦੀ ਸੰਗਰਾਂਦ 3
3. ਚਮਕੌਰ ਦਾ ਸਾਕਾ 4
4. ਸੁਰਤਿ ਸਬਦਿ ਮਾਰਗ 17
5. ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ 28
6. ਮਹਾਂਪੁਰਸ਼ਾਂ ਦੀ ਅੱਠਵੀਂ ਬਰਸੀ ਸਮਾਗਮ ਦ੍ਰਿਸ਼ 29
7. ਬਿਜੈ ਸਿੰਘ 50
8. ਨਾਮ ਤੇ ਨਾਮ ਦਾ ਦਾਤਾ ਸਤਿਗੁਰੂ 55
9. ਮਾਰਗ ਚੋਣ 58
10. ਸਿਹਤ ਰੱਖਿਆ ਗਿਆਨ 62


**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 280/- | 2080/- | (For outstation cheques) |


**ਸੰਪਰਕ ਨੰ. ਰਤਵਾੜਾ ਸਾਹਿਬ**

ਗੁ. ਰਤਵਾੜਾ ਸਾਹਿਬ 0160-2255001
ਗੁ. ਰਤਵਾੜਾ ਸਾਹਿਬ ਵਿਖੇ ਅਖੰਡਪਾਠ ਬੁਕਿੰਗ ਸਬੰਧੀ -9417214386
ਪਰਮ ਸਤਿਕਾਰ ਯੋਗ ਬੀਜੀ 9417214381
ਜਰਨਲ - 9417214384, ਬੀ ਐਡ ਕਾਲਜ - 9417214382
ਬਾਬਾ ਰਾਜਿੰਦਰ ਸਿੰਘ ਸ੍ਰੀ ਮਾਨ ਲੰਗਰ 9417214380
ਆਡੀਓ ਵੀਡੀਓ ਲਾਇਬ੍ਰੇਰੀ 9872814385, 9417214385
ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ 0160-2255003
ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ 0160-2255004


**ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 0176 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -**

**ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ**
**ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ**
**ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।**

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

**ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.**

# ਸੰਪਾਦਕੀ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਅਤੇ ਆਤਮ ਮਾਰਗ ਸਪਰਿਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਸ਼ਾਂ ਦੀ ਅੱਠਵੀਂ ਸਲਾਨਾ ਬਰਸੀ ਬਹੁਤ ਹੀ ਸ਼ਰਧਾ ਪਿਆਰ ਵੈਰਾਗ ਅੰਦਰ ਦੇਸ਼ਾਂ ਵਿਦੇਸ਼ਾਂ ਤੋਂ ਸੰਗਤਾਂ ਨੇ ਰਤਵਾੜਾ ਸਾਹਿਬ ਹਾਜਰੀਆਂ ਭਰ ਕੇ ਮਨਾਉਣਾ ਕੀਤੀ ਹੈ। ਸਤਿਪੁਰਸ਼ਾਂ ਦੇ ਜੀਵਨ ਸਾਥੀ ਪਰਮ ਪੂਜਯ ਸਤਿਕਾਰਯੋਗ ਬੀਜੀ ਦੀ ਅਸ਼ੀਰਵਾਦ ਨਾਲ ਸਾਰਾ ਹੀ ਸਤਿਸੰਗ ਬਰਸੀ ਸਮਾਗਮ ਪ੍ਰੋਗਰਾਂਮ ਨਿਰਬਿਘਨ ਸੰਪੂਰਨ ਹੋਇਆ ਹੈ । ਟਰਸਟ ਰਤਵਾੜਾ ਸਾਹਿਬ ਦੀ ਰੂਹਾਨੀ ਖੇਤਰ ਅੰਦਰ ਪ੍ਰਾਪਤੀ ਆਪਣੀ ਮਿਸਾਲ ਆਪ ਹੈ । ਮਹਾਂਪੁਰਸ਼ਾਂ ਨੇ ਆਪਣੇ ਸਰੀਰਕ ਜੀਵਨ ਕਾਲ ਸਮੇਂ ਅਨੇਕਾਂ ਹੀ ਪ੍ਰਉਪਕਾਰ ਦੇ ਕਾਰਜ ਆਪਣਾ ਸਾਰਾ ਤਨ ਮਨ ਧਨ ਲਾ ਕੇ ਸ਼ੁਰੂ ਕੀਤੇ ਸਨ। ਸਤਿਪੁਰਸ਼ਾਂ ਦੀ ਹਾਜਰੀ ਹਾਜਰ ਨਾਜਰ ਜਾਣਦੇ ਹੋਏ ਹੁਣ ਵੀ ਮੌਜੂਦਾ ਸਮੇਂ ਅੰਦਰ ਸੰਗਤਾਂ ਬਹੁਤ ਹੀ ਪਿਆਰ ਉਤਸ਼ਾਹ ਦੇ ਨਾਲ ਮਹਾਂਪੁਰਸ਼ਾਂ ਦੇ ਪਾਏ ਪੂਰਨਿਆਂ ਉਪਰ ਚਲਦੇ ਹੋਏ ਉਨ੍ਹਾਂ ਦੁਆਰਾ ਅਰੰਭੇ ਪਰਉਪਕਾਰੀ ਕਾਰਜਾਂ ਨੂੰ ਨਿਰੰਤਰ ਅੱਗੇ ਵਧਾ ਰਹੀਆਂ ਹਨ। ਸੰਗਤਾਂ ਨੇ ਆਪਣੇ ਨੈਤਿਕ ਫਰਜ ਨੂੰ ਪਛਾਣਦੇ ਹੋਏ ਕੰਮਾਂ ਕਾਰਾਂ ਨੂੰ ਸੰਕੋਚ ਕੇ ਪਿਆਰੇ ਦੇ ਪਿਆਰ ਵਿੱਚ ਪਿਛਲੇ ਸਾਲਾਂ ਨਾਲੋਂ ਵੀ ਲਗਾਤਾਰ ਛੇ ਦਿਨ ਰਾਤ ਨਿਰੰਤਰ ਰਤਵਾੜਾ ਸਾਹਿਬ ਗੁਰੂ ਦਰਬਾਰ ਦੀ ਹਾਜਰੀ ਭਰਨ ਦੇ ਨਾਲ ਤਨ ਮਨ ਧਨ ਨਾਲ ਅਥਾਹ ਸੇਵਾ ਨਿਭਾਈ ਹੈ ਜਿਸ ਦੀ ਪੂਰੀ ਰਿਪੋਰਟ ਵਿਸਥਾਰ ਸਹਿਤ ਅੱਠਵੀਂ ਬਰਸੀ ਸਮਾਗਮ ਦ੍ਰਿਸ਼ ਸਿਰਲੇਖ ਹੇਠ ਇਸ ਮਹੀਨੇ ਦੇ ਮੈਗਜੀਨ ਵਿੱਚ ਅੰਕਿਤ ਕੀਤੀ ਗਈ ਹੈ।

ਸਾਲ ਬਾਅਦ ਜੋ ਸੰਗਤਾਂ ਗੁਰ ਪੀਰਾਂ ਮਹਾਂਪੁਰਸ਼ਾਂ ਦੇ ਦਿਨ ਦਿਹਾੜੇ ਉਪੱਰ ਗੁਰੂ ਚਰਨਾਂ ਵਿੱਚ ਇਕੱਤਰ ਹੁੰਦੀਆਂ ਹਨ ਉਨ੍ਹਾਂ ਬਾਰੇ ਸਾਰੇ ਹੀ ਅਨੁਭਵੀ ਮਹਾਂਪੁਰਸ਼ਾਂ ਦਾ ਵਿਚਾਰ ਹੈ ਕਿ ਜੇ ਸਤਿਪੁਰਸ਼ਾਂ ਦੇ ਪਾਏ ਪੂਰਨਿਆਂ ਉਪੱਰ ਚੱਲਿਆ ਜਾਵੇ ਤਾਂ ਸਾਲ ਭਰ ਦੀ ਹਾਜਰੀ ਦਾ ਪੂਰਾ ਪੂਰਾ ਮਹਾਤਮ ਪ੍ਰਾਪਤ ਹੋ ਜਾਂਦਾ ਹੈ। ਅਨੇਕਾਂ ਹੀ ਸਾਧੂ ਸੰਤ ਅਨੁਭਵੀ ਮਹਾਂਪੁਰਸ਼ਾਂ ਜੋਗੀ ਜਨਾਂ ਨੇ ਆਪਣੇ ਅਨੁਭਵਾਂ ਤੋਂ ਬਰਸੀ ਸਮਾਗਮ ਸਮੇਂ ਸਤਿਸੰਗ ਵਿੱਚ ਪ੍ਰਬਚਨ ਸੁਣਾ ਕੇ ਨਿਹਾਲ ਕੀਤਾ ਹੈ। ਵਿਦੇਸ਼ਾਂ ਦੀਆਂ ਸੰਗਤਾਂ ਦਾ ਉਤਸ਼ਾਹ ਮਹਾਂਪੁਰਸ਼ਾਂ ਦੇ ਸਰੀਰਕ ਵਿਛੋੜੇ ਦੇ ਅੱਠ ਸਾਲ ਸਮੇਂ ਤੋਂ ਬਾਅਦ ਵੀ ਉਸੇ ਤਰਾਂ ਹੀ ਹੈ ਜਿਵੇਂ ਕਿ ਮਹਾਂਪੁਰਸ਼ਾਂ ਦੇ ਸਰੀਰ ਹੁੰਦਿਆਂ ਹੁੰਦਾ ਸੀ। ਇਸ ਵਾਰ ਪਰਵਾਸੀ ਪ੍ਰੇਮੀ ਆਪਣੇ ਪਰਿਵਾਰਾਂ ਸਮੇਤ ਵਿਦੇਸ਼ਾਂ ਤੋਂ ਹਾਜਰੀਆਂ ਭਰਨ ਵਾਸਤੇ ਪਹੁੰਚੇ ਸਨ। ਮਹਾਂਪੁਰਸ਼ਾਂ ਦੀ ਦਰਸਾਈ ਜੁਗਤ ਅਨੁਸਾਰ ਸੁਆਸ ਪ੍ਰਕਿਰਿਆ ਦੁਆਰਾ ਗੁਰਮੰਤਰ ਅਭਿਆਸ ਸਮਾਗਮ ਸਮੇਂ ਸੰਗਤੀ ਰੂਪ ਵਿੱਚ ਅੰਮ੍ਰਿਤਵੇਲੇ ਪ੍ਰੈਕਟੀਕਲੀ ਕਰਨ ਦਾ ਨਜਾਰਾ ਸ਼ਬਦਾਂ ਅੰਦਰ ਬਿਆਨ ਕਰਨਾਂ ਬਹੁਤ ਹੀ ਮੁਸ਼ਕਿਲ ਹੈ। ਮਹਾਂਪੁਰਸ਼ਾਂ ਦੀ ਮਹਾਨ ਇਤਿਹਾਸਕ ਕਰਮ ਭੂਮੀ ਰਤਵਾੜਾ ਸਾਹਿਬ ਦੀ ਧਰਤੀ ਦੀ ਅਕਰਸ਼ਨ ਸ਼ਕਤੀ ਅਤੇ ਭਗਤੀ ਸਾਰਿਆਂ ਨੂੰ ਆਪਣੇ ਵੱਲ ਅਕਰਸ਼ਿਤ ਕਰਦੀ ਹੈ। ਸੈਂਕੜੇ ਏਕੜ ਗੁਰਦੁਆਰਾ ਸਾਹਿਬ ਕੰਪਲੈਕਸ ਅੰਦਰ ਵੱਖੋ ਵੱਖਰੀ ਕਿਸਮ ਦੇ ਹਜਾਰਾਂ ਹੀ ਹਰਬਲ ਦਰਖਤ ਜੰਗਲ ਦਾ ਰੂਪ ਧਾਰਨ ਕਰਦੇ ਜਾ ਰਹੇ ਹਨ। ਬਰਸੀ ਸਤਿਸੰਗ ਸਮਾਗਮ ਵਿੱਚ ਅੰਮ੍ਰਿਤਵੇਲੇ ਤੋਂ ਹੀ ਜਗਿਆਸੂ ਦੇਸ਼ ਕਾਲ ਵਸਤੂ ਤੋਂ ਉਪੱਰ ਉਠ ਕੇ ਸਾਵਿਕੱਲਪ ਸਮਾਧੀ ਅੰਦਰ ਪ੍ਰਵੇਸ਼ ਕਰ ਕੇ ਸਮਾਪਤੀ ਸਮੇਂ ਹੀ ਆਪਣੇ ਆਸਣਾ ਤੋਂ ਪ੍ਰਸਥਾਨ ਕਰਦੇ ਸਨ। ਗੁਰੂ ਕੇ ਲੰਗਰਾਂ ਅੰਦਰ ਵੱਖੋ ਵੱਖਰੇ ਅਨਿਕ ਪ੍ਰਕਾਰ ਦੇ ਪਕਵਾਨ ਨਿਰੰਤਰ ਸੰਗਤਾਂ ਵਾਸਤੇ ਵਰਤ ਰਹੇ ਸਨ। ਨਿਸ਼ਕਾਮ ਪ੍ਰੇਮੀ ਦਿਨ ਰਾਤ ਪਿਆਰੇ ਦੇ ਪਿਆਰ ਵੈਰਾਗ ਅੰਦਰ ਨਿਰੰਤਰ ਸੇਵਾ ਨਿਭਾਉਂਦੇ ਰਹੇ ਹਨ ।

ਸਮੂੰਹ 'ਆਤਮ ਮਾਰਗ' ਅਦਾਰੇ ਨੂੰ ਸੰਗਤਾਂ ਨੇ ਅਥਾਹ ਪਿਆਰ ਬਖਸ਼ਿਆ ਹੈ ਸਮਾਗਮ ਸਮੇਂ ਹੀ ਦੋ ਹਜਾਰ ਤੋਂ ਵੱਧ ਮੈਂਬਰਾਂ ਨੇ ਸਲਾਨਾ ਅਤੇ ਲਾਇਫ ਮੈਂਬਰਸਿੱਪ ਲੈ ਕੇ ਸਦਾ ਵਾਸਤੇ ਇਸ ਰੂਹਾਨੀ ਸੰਸਥਾ ਦੇ ਨਾਲ ਆਪਣਾ ਰਿਸਤਾ ਜੋੜਿਆ ਹੈ। ਵਿਦੇਸ਼ਾਂ ਤੋਂ ਵੀ ਡਾਕਟਰ ਦਵਾਈਆਂ ਲੈ ਕੇ ਆਏ ਸਨ ਜਿਨ੍ਹਾਂ ਦੇ ਵਿੱਚ ਡਾ. ਪਰਮਵੀਰ ਸਿੰਘ ਰਾਹਲ ਬਿਕਰਸਫੀਲਡ ਵਾਲਿਆਂ ਦੀ ਸੇਵਾ ਬਹੁਤ ਹੀ ਸਲਾਹੁਣ ਜੋਗ ਰਹੀ ਹੈ। ਸਵਾਮੀ ਰਾਮ ਜੀ ਦੀ ਵਿਦੇਸ਼ੀ ਵਿਦਿਆ ਪ੍ਰਾਪਤ ਡਾਕਟਰਾਂ ਦੀ ਟੀਮ ਹਰ ਸਾਲ ਵਾਗੂੰ ਸੇਵਾ ਨਿਭਾਅ ਕੇ ਗਈ ਹੈ । ਬਰਸੀ ਸਮਾਗਮ ਤੋਂ ਬਾਅਦ ਗੁਰੂ ਨਾਨਕ ਪਾਤਸ਼ਾਹ ਦਾ ਪ੍ਰਕਾਸ਼ ਦਿਹਾੜਾ ੧ ਨਵੰਬਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਰਾਹੀਂ ਮਨਾਉਣਾ ਕੀਤਾ ਹੈ। ਚੰਦਰਮਾਂ ਦੀਆਂ ਰਿਸ਼ਮਾਂ ਅੰਦਰ ਹਰ ਪੂਰਨਮਾਸ਼ੀ ਦੀ ਰਾਤ ਨੂੰ ਰੁਤਾਂ ਅਨੁਸਾਰ ਜੜ੍ਹੀਆਂ ਬੂਟੀਆਂ ਪਾ ਕੇ ਦਰਗਾਹੀ ਪ੍ਰਸ਼ਾਦ ਖੀਰ ਰਾਹੀਂ ਅਨੇਕਾਂ ਹੀ ਬਿਮਾਰੀਆਂ ਦਾ ਇਲਾਜ ਕੀਤਾ ਜਾਂਦਾ ਹੈ । ਆਉਣ ਵਾਲੇ ਸਮੇਂ ਦੇ ਵਿੱਚ ਵੀ ਸੰਗਤਾਂ ਤੋਂ ਪਿਆਰ ਦੀ ਆਸ ਦੇ ਨਾਲ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਇਸ ਤਰ੍ਹਾਂ ਦੇ ਮਹਾਂਪੁਰਸ਼ਾਂ ਦੀ ਸੰਗਤ ਸੋਭਤ ਸ਼ੋਹਰਤ ਦਾ ਲਾਹਾ ਪ੍ਰਾਪਤ ਹੁੰਦਾ ਰਹਿਣਾ ਹੈ ।

Note:- Please send all Chq/Draft for Indian/Foreign subscription of Membership's in favour of " Vishav Gurmat Roohani Mission Charitable Trust".

We will be thankful to your contribution.

# ਬਾਰਹਮਾਹਾ ਪੋਖਿ

*ਰਾਗੁ ਮਾਝ ਬਾਰਹਮਾਹਾ ਮਹਲਾ ੫*
*ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ॥*
*ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ॥*
*ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ।।*
*ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ॥*
*ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ।.*
*ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ।।*
*ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ॥*
*ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ॥*
*ਪੋਖੁ ਸੋਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ॥*

*ਪੰਨਾ - 135*

ਪੋਹ ਦੇ ਮਹੀਨੇ ਪ੍ਰਤੀ ਗੁਰੂ ਨਾਨਕ ਦੇਵ ਜੀ ਫੁਰਮਾਨ ਕਰਦੇ ਹਨ ਕਿ ਇਸ ਮਹੀਨੇ ਕੱਕਰ ਪੈਂਦਾ ਹੈ। ਅਤਿ ਦੀ ਸਰਦੀ ਕਾਰਨ, ਕੋਰੇ ਕਾਰਨ, ਸਾਰੀ ਬਨਸਪਤੀ ਵਿਚੋਂ ਰੁੱਖਾਂ, ਘਾਹ-ਤ੍ਰਿਣਾਂ ਵਿਚੋਂ ਰਸ ਮੁੱਕ ਜਾਂਦਾ ਹੈ। ਇੰਜ ਹੀ ਜਿਸ ਮਨੁੱਖ ਦੇ ਅੰਦਰੋਂ ਪ੍ਰਭੂ ਯਾਦ ਭੁੱਲ ਜਾਂਦੀ ਹੈ, ਪ੍ਰਭੂ ਪਿਆਰ ਵਿਸਰ ਜਾਂਦਾ ਹੈ, ਉਸ ਦੇ ਅੰਦਰ ਕੁਦਰਤੀ ਤੌਰ ਤੇ ਕੋਰਾਪਨ ਅਤੇ ਰੁੱਖਾਪਨ ਪੈਦਾ ਹੋ ਜਾਂਦਾ ਹੈ। ਉਸ ਦੇ ਜੀਵਨ ਨੂੰ ਦੁਨਿਆਵੀ ਵੈਰ-ਵਿਰੋਧ ਯਖ਼-ਠੰਢਾ ਕਰ ਦਿੰਦੇ ਹਨ ਜਿਵੇਂ ਪਾਲਾ ਕੱਕਰ ਬਨਸਪਤੀ ਦੇ ਰਸ ਨੂੰ ਸੁਕਾਅ ਦਿੰਦਾ ਹੈ, ਤਿਵੇਂ ਕੋਰਾਪਨ ਅੰਦਰੋਂ ਪ੍ਰੇਮ ਰਸ ਨੂੰ ਸੁਕਾਅ ਦਿੰਦਾ ਹੈ। (ਪੋਖੁ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ) ਇਸ ਲਈ ਗੁਰੂ ਨਾਨਕ ਦੇਵ ਜੀ ਸਾਡੇ ਜੀਵਾਂ ਦੀ ਅਗਵਾਈ ਕਰਦੇ ਬੇਨਤੀ ਕਰਦੇ ਹਨ ਕਿ ਹੇ ਪ੍ਰਭੂ! ਤੂੰ ਆ ਕੇ ਮੇਰੇ ਮਨ ਵਿਚ, ਮੇਰੇ ਤਨ ਵਿਚ, ਮੇਰੇ ਮੂੰਹ ਵਿਚ ਕਿਉਂ ਨਹੀਂ ਵਸਦਾ? (ਆਵਤ ਕੀ ਨਾਹੀ, ਮਨਿ ਤਨਿ ਵਸਹਿ ਮੁਖੇ) ਤਾਕਿ ਤੇਰੇ ਪਿਆਰ ਵਿਚ ਭਿੱਜ ਕੇ ਮੇਰਾ ਕੋਰਾਪਨ, ਰੁਖਾਪਨ ਦੂਰ ਹੋ ਜਾਵੇ। ਪਰ ਪ੍ਰਭੂ ਤਾਂ ਕਿਤੇ ਦੂਰ ਨਹੀਂ ਹੈ। ਇਹ ਤਾਂ ਸਾਡੀ ਅਗਿਆਨਤਾ, ਅਣਗਹਿਲੀ, ਬੇਪਰਵਾਹੀ ਕਾਰਨ ਦੂਰ ਜਾਪਦਾ ਹੈ। ਗੁਰੂ ਜੀ ਇਹ ਸੋਝੀ ਬਖਸ਼ਦੇ ਹਨ ਕਿ ਜੋ ਸਾਰੇ ਜਗਤ ਦਾ ਆਸਰਾ ਹੈ, ਉਹ ਤਾਂ ਹਰੇਕ ਜੀਵ ਦੇ ਤਨ ਤੇ ਮਨ ਵਿਚ ਪਹਿਲਾਂ ਹੀ ਵਸ ਰਿਹਾ ਹੈ। ਗੁਰੂ ਦੇ ਸ਼ਬਦ ਵਿਚ ਜੁੜਨ ਨਾਲ ਐਸਾ ਅਨੁਭਵ ਪ੍ਰਾਪਤ ਹੁੰਦਾ ਹੈ ਅਤੇ ਪ੍ਰਭੂ ਮਿਲਾਪ ਦਾ ਅਨੰਦ ਮਿਲਦਾ ਹੈ (ਮਨਿ ਤਨਿ ਰਵਿ ਰਹਿਆ ਜਗਜੀਵਨੁ ਗੁਰ ਸਬਦੀ ਰੰਗੁ ਮਾਣੀ) ਨਾਲ ਹੀ ਇਹ ਸੋਝੀ ਪ੍ਰਾਪਤ ਹੁੰਦੀ ਹੈ ਕਿ ਚੌਹਾਂ ਖਾਣੀਆਂ - ਅੰਡਜ, ਜੇਰਜ, ਸੇਤਜ ਅਤੇ ਉਤਭੁਜ ਦੇ ਸਭਨਾਂ ਜੀਵਾਂ ਵਿਚ, ਹਰੇਕ ਦੇ ਘਟ ਘਟ ਵਿਚ ਪ੍ਰਭੂ ਦੀ ਜੋਤਿ ਸਮਾਈ ਦਿਸਦੀ ਹੈ। (ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ) ਗੁਰੂ ਜੀ ਪਿਆਰੇ ਪ੍ਰਭੂ ਪਾਸ ਬੇਨਤੀ ਕਰਦੇ ਹਨ, ਹੇ ਦਿਆਲੂ ਦਾਤਾਰ! ਮੈਨੂੰ ਆਪਣੇ ਦਰਸ਼ਨ ਬਖਸ਼ਿਸ਼ ਕਰੋ! ਮੈਨੂੰ ਚੰਗੀ ਬੁੱਧੀ ਬਖਸ਼ਿਸ਼ ਕਰੋ ਜਿਸ ਨਾਲ ਮੈਂ ਉਚੀ ਆਤਮਿਕ ਅਵਸਥਾ ਪ੍ਰਾਪਤ ਕਰ ਸਕਾਂ ***(ਦਰਸ਼ਨ ਦੇਹੁ ਦਇਆ ਪਤਿ ਦਾਤੇ ਗਤਿ ਪਾਵਉ ਮਤਿ ਦੇਹੋ)*** ਗੁਰੂ ਮਹਾਰਾਜ ਦਸਦੇ ਹਨ ਕਿ ਜਦੋਂ ਕਿਸੇ ਪ੍ਰੇਮੀ ਅੰਦਰ ਪ੍ਰਭੂ ਪਿਆਰ ਉਛਾਲੇ ਮਾਰਦਾ ਹੈ, ਪਿਆਰੇ ਪ੍ਰਮਾਤਮਾ ਨਾਲ ਬਣ ਆਉਂਦੀ ਹੈ ਤਾਂ ਉਹ ਪ੍ਰੇਮੀ ਪ੍ਰਭੂ ਪਿਆਰ ਵਿਚ ਜੁੜ ਕੇ, ਉਸ ਦੇ ਪਿਆਰ ਸੋਹਿਲੇ ਗਾਉਂਦਾ ਹੈ, ਗੁਣ ਗਾਇਨ ਕਰਦਾ ਹੈ ਅਤੇ ਮਹਾਂ ਅਨੰਦ ਮਾਣਦਾ ਹੈ। (ਨਾਨਕ ਰੰਗਿ ਰਵੈ ਰਸਿ ਰਸੀਆ ਹਰਿ ਸਿਉ ਪ੍ਰੀਤਿ ਸਨੇਹੋ)

ਅਰਥਾਤ ਪ੍ਰਭੂ-ਪਿਆਰ ਨਾਲ ਮਨੁੱਖ ਦਾ ਅੰਦਰ ਰਸ ਭਰਪੂਰ ਹੋ ਜਾਂਦਾ ਹੈ, 'ਪੋਖਿ ਤੁਖਾਰੁ' ਦਾ ਉਸ ਉਪਰ ਕੋਈ ਅਸਰ ਨਹੀਂ ਹੁੰਦਾ। ਪ੍ਰਭੂ ਪਿਆਰ ਦੀ ਨਿੱਘ ਕਾਰਨ ਪ੍ਰਭੂ ਪਿਆਰ ਵਿਚ ਲਿਵਲੀਨ ਜੀਵਾਂ ਨੂੰ ਪਾਲਾ ਕੁਝ ਨਹੀਂ ਕਹਿੰਦਾ। ਨਾਮ-ਰਸ-ਗੱਤਿਆਂ ਲਈ ਹਰ ਰੁੱਤ ਸਰਦੀ ਗਰਮੀ ਸੋਹਣੀ ਸੁਹਾਵਣੀ ਹੈ ਕਿਉਂਕਿ ਉਹ ਹਰ ਰੁੱਤ ਵਿਚ ਪ੍ਰਭੂ ਪਿਆਰ ਵਿਚ ਰੰਗੇ ਰਹਿੰਦੇ ਅਨੰਦ ਮਾਣਦੇ ਹਨ।

ਗੁਰੂ ਮਹਾਰਾਜ ਪੋਹ ਦੇ ਮਹੀਨੇ ਰਾਹੀਂ ਉਪਦੇਸ਼ ਕਰਦੇ ਹਨ ਕਿ ਪੋਹ ਦੀ ਠੰਢ, ਕੋਰਾ, ਕੱਕਰ ਉਸ ਜੀਵ ਇਸਤ੍ਰੀ ਨੂੰ ਤੰਗ ਨਹੀਂ ਕਰਦਾ ਜਿਸਦੇ ਗਲ ਨਾਲ ਪ੍ਰਭੂ ਪਤੀ ਲਗਾ ਹੋਇਆ ਹੈ, ਜਿਸ ਦੇ ਹਿਰਦੇ ਵਿਚ ਸਦਾ ਪ੍ਰਭੂ ਪਿਆਰ ਵਿਆਪਕ ਰਹਿੰਦਾ ਹੈ (ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ)। ਕਾਰਨ ਇਹ ਹੈ ਕਿ ਗਰਮੀ ਸਰਦੀ ਦੇ ਪ੍ਰਭਾਵ ਮਨ ਕਬੂਲ ਕਰਦਾ ਹੈ। ਜਿਸ ਦੇ ਮਨ ਦੀ ਬਿਰਤੀ ਸੰਸਾਰੀ ਹੈ ਉਸ ਨੂੰ ਗਰਮੀ ਸਰਦੀ ਦਾ ਗਹਿਰਾ ਅਹਿਸਾਸ ਹੋਣਾ ਆਵਸ਼ਕ ਹੈ ਪਰ ਜਿਸ ਦੀ ਬਿਰਤੀ ਪ੍ਰਭੂ ਦੇ ਦੀਦਾਰ ਦੀ ਤਾਂਘ ਵਿਚ ਜੁੜੀ ਰਹਿੰਦੀ ਹੈ, ਜਿਸ ਦਾ ਮਨ ਪ੍ਰਭੂ ਦੇ ਸੋਹਣੇ ਚਰਨਾਂ ਵਿਚ ਵਿੱਝਾ ਰਹਿੰਦਾ ਹੈ, ਉਸ ਨੂੰ ਪੋਹ ਦਾ ਤੁਖਾਰ ਕੀ ਕਹਿੰਦਾ ਹੈ, ਉਸ ਤੇ ਇਸ ਦਾ ਕੋਈ ਪ੍ਰਭਾਵ ਨਹੀਂ ਹੁੰਦਾ (ਮਨ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ)। ਜਿਸ ਜੀਵ ਇਸਤ੍ਰੀ ਨੇ ਗੋਬਿੰਦ ਗੋਪਾਲ ਦਾ ਆਸਰਾ ਲਿਆ ਹੈ, ਸ੍ਰਿਸ਼ਟੀ ਦੇ ਸਹਾਰੇ ਅਤੇ ਪਾਲਨਹਾਰੇ ਦੀ ਓਟ ਪਕੜੀ ਹੈ ਅਤੇ ਪ੍ਰਭੂ ਪਤੀ ਦੀ ਸੇਵਾ ਨੂੰ ਹੀ ਜੀਵਨ ਦਾ ਧੁਰਾ ਬਣਾਇਆ ਹੈ, ਲਾਹਾ ਖੱਟਿਆ ਹੈ (ਓਟ ਗੋਬਿੰਦ ਗੋਪਾਲਰਾਇ ਸੇਵਾ ਸੁਵਾਮੀ ਲਾਹੁ) ਅਤੇ ਜਿਸ ਨੇ ਗੁਰੂ ਨਾਲ, ਸਾਧੂ ਜਨਾ, ਗੁਰੂ ਪਿਆਰਿਆਂ ਨਾਲ ਮਿਲ ਕੇ ਉਨ੍ਹਾਂ ਦੀ ਸੰਗਤ ਵਿਚ ਪ੍ਰਭੂ ਦੀ ਸਿਫਤਿ ਸਾਲਾਹ ਵਿਚ ਮਨ ਜੋੜਿਆ ਹੈ, ਉਨ੍ਹਾਂ ਨੂੰ ਨਾ ਕੋਈ ਬਿਖਿਆ, ਨਾ ਵਾਸ਼ਨਾਵਾਂ ਦੀ ਜ਼ਹਿਰ, ਨਾ ਮਾਇਆ ਦੇ ਦੋਸ਼ ਪੋਹ ਸਕਦੇ ਹਨ ਅਰਥਾਤ ਉਨ੍ਹਾਂ ਦਾ ਕੁਝ ਵੀ ਵਿਗਾੜ ਨਹੀਂ ਸਕਦੇ। (ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ) ਐਸੀ ਜੀਵ ਇਸਤ੍ਰੀ ਐਸੇ ਪ੍ਰਾਣੀ ਆਪਣੇ ਅਸਲੇ ਦੀ ਪਛਾਣ ਕਰ ਲੈਂਦੇ ਹਨ। ਜਿਸ ਪ੍ਰਮਾਤਮਾ ਤੋਂ ਉਨ੍ਹਾਂ ਦੀ ਹੋਂਦ ਕਾਇਮ ਹੋਈ ਹੈ, ਜਿਸ ਤੋਂ ਉਹ ਪੈਦਾ ਹੋਏ ਹਨ, ਉਸ ਅਸਲੇ ਨਾਲ ਹੀ ਸਦਾ ਜੁੜੇ ਰਹਿੰਦੇ ਹਨ, ਉਨ੍ਹਾਂ ਦੀ ਲਿਵ ਸਦਾ ਪ੍ਰਭੂ ਦੀ ਪ੍ਰੀਤ ਵਿਚ ਲੱਗੀ ਰਹਿੰਦੀ ਹੈ (ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ) ਪ੍ਰਭੂ ਪ੍ਰੀਤਮ ਸੱਚੇ ਪ੍ਰੇਮੀ ਦੇ ਪਿਆਰ ਨੂੰ ਕਬੂਲ ਕਰਦਾ ਹੈ, ਕ੍ਰਿਪਾ ਦ੍ਰਿਸ਼ਟੀ ਨਾਲ ਉਸ ਦਾ ਹੱਥ ਫੜ ਕੇ ਉਸ ਨੂੰ ਆਪਣੇ ਚਰਨਾਂ ਨਾਲ ਜੋੜ ਲੈਂਦਾ ਹੈ ਅਤੇ ਮੁੜ ਉਸ ਤੇ ਇਹ ਵਿਛੋੜਾ ਕਦੇ ਵੀ ਨਹੀਂ ਵਿਆਪਦਾ, ਸਦੀਵ ਕਾਲ ਲਈ ਮਿਲਾਪ ਪ੍ਰਾਪਤ ਹੋ ਜਾਂਦਾ ਹੈ। (ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ)। ਐਸੀ ਦਸ਼ਾ ਪ੍ਰਾਪਤ ਕਰਕੇ ਜੀਵ ਇਸਤ੍ਰੀ ਉਸ ਤੋਂ ਬਾਰ ਬਾਰ ਲੱਖਾਂ ਵਾਰ ਬਲਿਹਾਰ ਜਾਂਦੀ ਹੈ, ਉਸ ਪ੍ਰੀਤਮ ਤੋਂ, ਉਸ ਸੱਜਣ ਤੋਂ ਜੋ ਅਗਮ ਹੈ, ਅਪਹੁੰਚ ਹੈ, ਅਗਾਹ ਹੈ, ਅਤੀ ਡੂੰਘਾ ਹੈ। (ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ) ਨਿਰਸੰਦੇਹ ਉਹ ਅਗਮ ਹੈ, ਅਗਾਹੁ ਹੈ ਪਰ ਉਹ ਬੜਾ ਦਿਆਲੂ ਹੈ, ਦਰ ਡਿਗਿਆਂ ਦਾ ਸਦਾ ਮਾਣ ਰਖਦਾ ਹੈ, ਇਹ ਉਸ ਦਾ ਬਿਰਦ ਹੈ (ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ) ਇਸ ਤਰ੍ਹਾਂ ਪੋਹ ਦਾ ਮਹੀਨਾ ਉਨ੍ਹਾਂ ਜੀਵ ਇਸਤ੍ਰੀਆਂ ਲਈ ਬੜਾ ਸੁਖਾਵਾਂ ਤੇ ਸੁਹਾਵਣਾ ਹੁੰਦਾ ਹੈ, ਮਿੱਠਾ ਲਗਦਾ ਹੈ ਅਤੇ ਸਾਰੇ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ ਜਿਸ ਨੂੰ ਇਸ ਮਹੀਨੇ ਬੇਪਰਵਾਹ ਪ੍ਰਭੂ ਪਤੀ ਦੀ ਮਿਹਰ ਪ੍ਰਾਪਤ ਹੋ ਜਾਵੇ। (ਪੋਖੁ ਸੋਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ) (******)

# ਚਮਕੌਰ ਦਾ ਸਾਕਾ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - ੨੫੬*
*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*
*ਧਾਰਨਾ - ਖੇਲੇ ਸੁਆਮੀ ਮੇਰਾ ਨਿਰਗੁਨ ਹੋ ਕੇ,*
*ਸਰਗੁਨ ਹੋ ਕੇ।*
*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥*
*ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥*
*ਅੰਗ - ੨੯੦*
*ਕਤਹੂੰ ਸੁਚੇਤ ਹੁਇਕੈ ਚੇਤਨਾ ਕੋ ਚਾਰ ਕੀਓ,*
*ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ॥*
*ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ,*
*ਕਹੂੰ ਮਹਾਂ ਦਾਨ ਹੁਇਕੈ ਮਾਂਗਿਓ ਧਨ ਦੇਤ ਹੋ॥*
*ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,*
*ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥*
*ਕਹੂੰ ਬੇਦ ਰੀਤ ਕਹੂੰ ਤਾ ਸਿਉ ਬਿਪ੍ਰੀਤ*
*ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ॥*
*ਤ੍ਵਪ੍ਰਸਾਦਿ ਕਬਿੱਤ*

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਗਾਰ ਕਰੋ, ਗੱਜ ਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ। ਬੇਨਤੀ ਹੈ ਕਿ 'ਅੰਮ੍ਰਿਤ' ਸਿਰਫ ਮਨੁੱਖ ਨੂੰ ਪ੍ਰਾਪਤ ਹੈ ਹੋਰ ਚੌਰਾਸੀ ਲੱਖ ਜੂਨਾਂ, ਦੇਵਤੇ, ਅਦੇਵ, ਜੱਛ, ਗੰਧ੍ਰਬ ਕਿਸੇ ਨੂੰ ਪ੍ਰਾਪਤ ਨਹੀਂ ਹੈ, ਸਿਰਫ ਮਨੁੱਖ ਨੂੰ ਅੰਮ੍ਰਿਤ ਮਿਲ ਸਕਦਾ ਹੈ। ਜਦੋਂ ਤੋਂ ਸੰਸਾਰ ਰਚਿਆ ਹੈ ਉਸ ਵੇਲੇ ਤੋਂ ਹੀ ਪਤਾ ਹੈ ਮਨੁੱਖ ਨੂੰ ਕਿ ਇੱਕ ਐਸੀ ਚੀਜ਼ ਹੈ ਕਿ ਜੇ ਕਿਤੇ ਉਹ ਮਿਲ ਜਾਵੇ ਤਾਂ ਮੁੜ ਕੇ ਬੰਦਾ ਮਰਦਾ ਨਹੀਂ ਹੈ। ਸਰੀਰ ਤਾਂ ਨਾਸ਼ ਹੋਏਗਾ, ਸਰੀਰ ਦਾ ਰੱਖ ਕੇ ਕੀ ਫਾਇਦਾ, ਪੁਰਾਣਾ ਖੱਲੜ, ਮਰਦਾ ਕੀ ਹੈ? ਮਰਦੀ ਹੈ ਇਹਦੇ ਅੰਦਰ ਜਿਹੜੀ ਸੁਰਤ ਹੈ 'ਮੈਂ' ਦੀ। ਮਹਾਰਾਜ ਕਹਿੰਦੇ, ਜਿਹੜੀ ਇਹਦੇ ਅੰਦਰ ਮੈਂ ਹੈ ਨਾ, ਮੈਂ ਭਾਵ ਹੈ ਕਿ ਮੈਂ ਫਲਾਣਾ ਸਿੰਘ, ਮੇਰਾ ਫਲਾਣਾ ਘਰ, ਮੇਰੇ ਬੱਚੇ; ਆਪਾਂ ਸਾਰਿਆਂ ਅੰਦਰ ਹੀ ਇਹ ਗੱਲਾਂ ਨੇ, ਕਿਹੜਾ ਬੰਦਾ ਹੈ ਜਿਹਦੇ ਅੰਦਰ ਇਹ ਨਹੀਂ ਹੈ, ਮਹਾਰਾਜ ਕਹਿੰਦੇ ਪ੍ਰਮੇਸ਼ਰ ਵਾਲੀ ਸੁਰਤ ਹੋਰ ਹੈ। ਇਸ ਸੁਰਤ ਨੂੰ ਹਉਮੈ ਦੀ ਸੁਰਤ ਕਹਿੰਦੇ ਨੇ। ਜਿੰਨਾਂ ਚਿਰ ਇਹ ਸੁਰਤ ਤੇਰੇ ਨਾਲ ਹੈ ਓਨਾਂ ਚਿਰ ਤੂੰ ਜੰਮਦਾ ਰਹਿਣਾ ਹੈ, ਮਰਦਾ ਰਹਿਣਾ ਹੈ, ਜੰਮਣਾ ਮਰਨਾ ਗਲੋਂ ਨਹੀਂ ਛੁੱਟ ਸਕੇਗਾ ਕਦੇ ਵੀ।

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥*
*ਅੰਗ - ੪੬੬*

ਹਉਮੈ ਨੂੰ ਕੱਟਣ ਵਾਲਾ ਹੈ, ਸਾਰੇ ਪ੍ਰੇਮੀ ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਸੁਣ ਮੇਰੇ ਮਨਾਂ*
*ਅੰਮ੍ਰਿਤ ਹਰਿ ਹਰਿ ਨਾਮ ਹੈ।*
*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ ॥ ਅੰਗ - ੫੩੮*

ਜੇ ਗੁਰੂ ਦੀ ਮੱਤ ਧਾਰਨ ਕਰ ਲਵੇ ਫੇਰ ਇਹ ਮਿਲਦਾ ਹੈ। ਇਹ ਕਰਦਾ ਕੀ ਹੈ? -

*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ*
*ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥*
*ਅੰਗ - ੫੩੮*

ਦੋ ਜ਼ਹਿਰਾਂ ਚੜ੍ਹੀਆਂ ਹੋਈਆਂ ਨੇ ਸਾਡੀ ਸੁਰਤ ਨੂੰ, ਜਦੋਂ ਜ਼ਹਿਰ ਚੜ੍ਹ ਜਾਏ, ਆਦਮੀ ਨੂੰ ਕੋਈ ਸੁਰਤ ਨਹੀਂ ਹੁੰਦੀ। ਬੇਸੁਰਤ ਹੋ ਜਾਂਦਾ ਹੈ, ਨਸ਼ਾ ਪੀ ਲਏ ਤਾਂ ਬੇਸੁਰਤ ਹੋ ਜਾਂਦਾ ਹੈ। ਮਹਾਰਾਜ ਕਹਿੰਦੇ ਇੱਕ ਤਾਂ ਹਉਮੈ ਦੀ ਜ਼ਹਿਰ ਚੜ੍ਹ ਗਈ ਤੇ ਇੱਕ ਮਾਇਆ ਦੀ ਚੜ੍ਹ ਗਈ। ਜੇ ਮੈਂ ਦੋਹਾਂ ਦੀ ਗੱਲ ਕਰਾਂ ਦੋਹਾਂ ਨੇ ਇਸੇ ਗੱਲ 'ਤੇ ਖਤਮ ਹੋ ਜਾਣਾ ਹੈ। ਹਉਮੈ ਦੀ ਜ਼ਹਿਰ ਸਾਨੂੰ ਅਰਬਾਂ-ਖਰਬਾਂ ਸਾਲਾਂ ਤੋਂ ਜਦੋਂ ਤੋਂ ਸੰਸਾਰ ਬਣਿਆ ਹੈ, ਅਸੀਂ ਜੰਮੀ ਜਾਂਦੇ ਹਾਂ, ਮਰੀ ਜਾਂਦੇ ਹਾਂ, ਜਾਂਦੇ ਕਿੱਥੇ ਹਾਂ? ਮਹਾਰਾਜ ਕਹਿੰਦੇ -

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ਅੰਗ - ੧੭੬*

ਆਹ ਜਿਹੜੀਆਂ ਜੂਨੀਆਂ ਨੇ ੮੪ ਲੱਖ ਇਨ੍ਹਾਂ ਵਿੱਚ ਘੁੰਮਦੇ ਰਹਿੰਦੇ ਹਾਂ, ਘੁੰਮੇਟਣੀਆਂ ਖਾਂਦੇ, ਹੁਣ ਆਪੇ ਹੀ ਦੇਖ ਲਓ ਕਿ ਕਿੰਨਾਂ ਔਖਾ ਹੈ। ਇੱਕ ਤਾਂ ਹੈਗਾ ਕਿ ਹੁਣ ਵਾਰੀ ਆ ਗਈ ਹੁਣ ਛੁਟ ਜਾਣ ਦਾ ਮੌਕਾ ਹੈ। ਜੇ ਨਹੀਂ ਬੰਦੇ ਨੂੰ ਪਤਾ ਲਗਦਾ ਫੇਰ ਚੱਕਰ ਵਾਸਤੇ ਤਿਆਰ ਹੋ ਜਾ ਪਿਆਰਿਆ। ਇੱਥੇ ਵੀ ਦੁਖੀ ਹੈ, ਕਿਉਂਕਿ ਮਨ ਦੇ ਪਿੱਛੇ ਲੱਗਣ ਵਾਲਾ -

*ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ ਖਾਇ ॥*
*ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ॥*
*ਅੰਗ - ੯੪੭*

ਜਿੰਨੀ ਦੇਰ ਤੱਕ ਅੰਮ੍ਰਿਤ ਨਹੀਂ ਮਿਲਦਾ, ਓਨੀਂ ਦੇਰ ਤੱਕ ਜੰਮਣਾ ਮਰਨਾ ਨਹੀਂ ਛੁਟਦਾ। ਜਿੰਨੇ ਵੀ ਧਰਮ ਨੇ ਹਰੇਕ ਨੇ ਆਪਣਾ-ਆਪਣਾ ਤਰੀਕਾ ਉਸ ਖੂਹ ਤੱਕ ਪਹੁੰਚਣ ਵਾਸਤੇ ਜਾਰੀ ਕਰਿਆ ਹੋਇਆ ਹੈ। ਪਰ ਇਹ ਦੇਵਤਿਆਂ ਨੂੰ ਨਹੀਂ ਮਿਲਿਆ। ਦੇਵਤੇ ਸਮੁੰਦਰ ਰਿੜਕਦੇ ਨੇ, ਇਹਦੇ 'ਚੋਂ ਕਹਿੰਦੇ ਨੇ ਕਿ ਇੱਕ ਘੜਾ ਅੰਮ੍ਰਿਤ ਦਾ ਨਿਕਲਿਆ, ਪਰ ਉਹ ਜਿਹੜਾ ਅੰਮ੍ਰਿਤ ਹੈ ਉਹਦੇ ਨਾਲ ਨਹੀਂ ਸਾਡਾ ਕੋਈ ਵੀ ਤੁਅੱਲਕ। ਸਾਡੇ ਅੰਮ੍ਰਿਤ ਉਹ ਹੈ ਜਿਹਦਾ ਚਸ਼ਮਾ ਹਰ ਵਕਤ ਅੰਦਰ ਚਲਦਾ ਹੈ। ਫੁਹਾਰੇ

ਵਾਂਗਣ ਅੰਦਰ ਚਲ ਰਿਹਾ ਹੈ ਅੰਮ੍ਰਿਤ। ਪਰ ਉਥੇ ਪੰਜ ਚੋਰ ਪਹਿਰਾ ਲਾਈਂ ਖੜ੍ਹੇ ਨੇ –

*ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ*
*ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥*
*ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ*
*ਕੋਇ ਨ ਸੁਣੈ ਪੂਕਾਰਾ ॥ ਅੰਗ – ੬੦੦*

ਇਹ ਨਾਮ ਵਲ ਸੁਰਤ ਨਹੀਂ ਜਾਣ ਦਿੰਦੇ। ਇਹ ਅੰਮ੍ਰਿਤ ਮਿਲਣਾ ਹੈ 'ਗੁਰੂ' ਤੋਂ, ਹੋਰ ਕਿਤੋਂ ਮਿਲ ਨਹੀਂ ਸਕਦਾ। ਇਹਦੇ ਵਾਸਤੇ ਵਾਹਿਗੁਰੂ ਨੇ ਪਾਬੰਦੀ ਲਾ ਦਿੱਤੀ।

*ਬਿਨੁ ਸਬਦੈ ਅੰਤਰਿ ਆਨੇਰਾ ॥*
*ਨ ਵਸਤੁ ਲਹੈ ਨ ਚੂਕੈ ਫੇਰਾ ॥*
*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ ॥ ਅੰਗ – ੧੨੪*

ਕਿਸੇ ਤੋਂ ਇਹ ਦਰਵਾਜ਼ਾ ਨਹੀਂ ਖੁਲ੍ਹਦਾ। ਇਹ ਸਿਰਫ ਸਮਰੱਥ ਗੁਰੂ ਹੈ ਜਿਹੜਾ ਅੰਮ੍ਰਿਤ ਦਾ ਦਰਵਾਜ਼ਾ ਖੋਲ੍ਹ ਕੇ ਸੋਝੀ ਦੇ ਦਿੰਦਾ ਹੈ ਕਿ ਲੈ ਪਿਆਰਿਆ! ਅੰਮ੍ਰਿਤ ਮੈਂ ਤੈਨੂੰ ਬਾਹਰੋਂ ਨਹੀਂ ਦਿੱਤਾ, ਮੈਂ ਤਾਂ ਜਿਹੜਾ ਦਿੱਤਾ ਸੀ ਬਾਹਰੋਂ, ਕ੍ਰਿਆ ਕਰੀ ਸੀ ਪਾਹੁਲ ਛਕਾਉਣ ਦੀ, ਉਹ ਇਸ ਵਾਸਤੇ ਕਰੀ ਸੀ ਕਿ ਤੇਰੀ ਪਹੁੰਚ ਇਸ ਅੰਮ੍ਰਿਤ ਤੱਕ ਹੋ ਜਾਏ। ਹੁਣ ਇਹ ਚਸ਼ਮਾ ਖੁਲ੍ਹ ਗਿਆ ਤੇਰੇ ਅੰਦਰ, ਹੁਣ ਪੀਈ ਜਾਹ ਜਿੰਨਾਂ ਪੀਣਾ ਹੈ, ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ – ਅੰਮ੍ਰਿਤ ਚਸ਼ਮਾ ਅੰਦਰ ਤੇਰੇ*
*ਸੁਣ ਲੈ ਭਾਗਾਂ ਵਾਲਿਆ।*
*ਵਾਹਿਗੁਰੂ, ਵਾਹਿਗੁਰੂ ਵਾਹਿਗੁਰੂ, ਵਾਹਿਗੁਰੂ।*
*ਵਾਹਿਗੁਰੂ, ਵਾਹਿਗੁਰੂ ਵਾਹਿਗੁਰੂ, ਵਾਹਿਗੁਰੂ।*
*ਵਾਹਿਗੁਰੂ, ਵਾਹਿਗੁਰੂ ਵਾਹਿਗੁਰੂ, ਵਾਹਿਗੁਰੂ..........॥*

ਮਹਾਰਾਜ ਦਾ ਫੁਰਮਾਨ ਸੁਣੋ ਕਹਿੰਦੇ ਨੇ ਕਿ ਦੇਖੋ ਪਿਆਰਿਓ! –

*ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ*
*ਸੁ ਅੰਮ੍ਰਿਤੁ ਗੁਰ ਤੇ ਪਾਇਆ ॥ ਅੰਗ – ੯੨੮*

ਕੇਵਲ ਗੁਰੂ ਦੇ ਕੋਲ ਅੰਮ੍ਰਿਤ ਦੀ ਚਾਬੀ ਹੈ ਹੋਰ ਕਿਸੇ ਕੋਲ ਨਹੀਂ ਦੇਵਤਿਆਂ ਕੋਲ ਨਹੀਂ ਹੈ। ਉਹ ਤਾਂ ਖੁਦ ਲੋਚਦੇ ਨੇ। ਸਾਰੀ ਦੁਨੀਆਂ ਲੋਚਦੀ ਹੈ, ਕਿਉਂਕਿ ਇਹਨੂੰ ਪੀ ਕੇ ਅਮਰ ਹੋ ਜਾਂਦਾ ਹੈ। ਉਹ ਹੈ ਕਿੱਥੇ? ਬਾਹਰ ਨਹੀਂ ਹੇ ਮਹਾਰਾਜ ਕਹਿੰਦੇ –

*ਰਸਨਾ ਹਰਿ ਰਸੁ ਪੀਜੈ ਅੰਤਰੁ ਭੀਜੈ*
*ਸਾਚ ਸਬਦਿ ਬੀਚਾਰੀ ॥ ਅੰਗ – ੫੭੦*

ਆਹ ਜੀਭ ਦੇ ਨਾਲ ਪੀ ਹੁੰਦਾ ਹੈ। ਬਾਕੀ ਚੀਜ਼ਾਂ ਵੀ ਆਪਾਂ ਜੀਭ ਨਾਲ ਹੀ ਪੀਂਦੇ ਹਾਂ, ਜੀਭ ਨਾ ਹੋਵੇ ਤਾਂ ਹੂਥੂ ਆ ਜਾਂਦਾ ਹੈ। ਓਨਾਂ ਹੀ ਅੰਦਰ ਜਾਣ ਦਿੰਦੇ ਹਾਂ ਜਿੰਨਾ ਜੀਭ ਨੂੰ ਪਤਾ ਹੈ ਕਿ ਗਲ 'ਚੋਂ ਲੰਘ ਜਾਏਗਾ। ਸੋ ਇਹ ਵੀ ਜਿਹੜਾ ਹੈ ਰਸਨਾ ਦੇ ਨਾਲ ਪੀ ਹੁੰਦਾ ਹੈ। ਸੱਚ ਸ਼ਬਦ ਦਾ ਬੀਚਾਰ ਕਰਕੇ, ਇਹ ਥੋੜ੍ਹੀ ਜਿਹੀ ਔਖੀ ਗੱਲ ਹੈ ਜਿਹੜੀ ਮੈਂ ਹੁਣ ਕਹਿਣ ਲੱਗਿਆ ਹਾਂ, ਉਹ ਇਹ ਹੈ ਕਿ ਸੱਚਾ ਸ਼ਬਦ ਹੈ –

*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ਅੰਗ – ੧*

ਇਥੇ ਵਾਹਿਗੁਰੂ ਤੋਂ ਬਿਨਾਂ ਹੋਰ ਕੋਈ ਹੈ ਨਹੀਂ। ਜਿੰਨਾਂ ਚਿਰ ਅਸੀਂ ਇਸ ਗੱਲ 'ਤੇ ਨਹੀਂ ਆਉਂਦੇ ਓਨਾਂ ਚਿਰ ਹਉਮੈ ਦਾ ਖਾਤਮਾ ਨਹੀਂ ਹੁੰਦਾ। ਜਦ ਸਾਡੇ ਮਨ ਨੇ ੧੦੦% ਮੰਨ ਲਿਆ, ਉਸੇ ਵੇਲੇ ਹਉਮੈ ਨੱਠ ਜਾਏਗੀ, ਨਾਮ ਪ੍ਰਗਟ ਹੋ ਜਾਏਗਾ। ਸੋ ਮਹਾਰਾਜ ਕਹਿੰਦੇ –

*ਅੰਤਰਿ ਖੂਹਟਾ ਅੰਮ੍ਰਿਤਿ ਭਰਿਆ*
*ਸਬਦੇ ਕਾਢਿ ਪੀਐ ਪਨਿਹਾਰੀ ॥ ਅੰਗ – ੫੭੦*

ਅੰਮ੍ਰਿਤ ਦਾ ਖੂਹ ਭਰਿਆ ਹੋਇਆ, ਅੰਮ੍ਰਿਤ ਦਾ ਚਸ਼ਮਾ ਤੇਰੇ ਅੰਦਰ ਹੈ ਪਿਆਰਿਆ। ਆਹ ਜਿਹੜਾ ਗੁਰੂ ਤੋਂ ਸ਼ਬਦ ਲਿਆ ਹੈ ਨਾ, ਵਾਹਿਗੁਰੂ ਮੰਤਰ ਪੰਜ ਪਿਆਰਿਆਂ ਨੇ ਦਿੱਤਾ ਹੈ ਜਾਂ ਕਿਸੇ ਵੀ ਸਮਰੱਥ ਪੁਰਸ਼ ਨੇ ਕੋਈ ਵੀ ਸ਼ਬਦ ਦਿੱਤਾ ਹੈ। ਅੱਲਾਹ ਦਿੱਤਾ ਹੈ, ਰਾਮ ਦਿੱਤਾ ਹੈ, ਹਰੀ ਦਿੱਤਾ, ਓਮ, ਓਅੰਕਾਰ, ਸੋਹੰ ਦਿੱਤਾ ਹੈ, ਕਹਿੰਦੇ ਇਹਦੇ ਨਾਲ ਕੱਢ ਹੋਣਾ ਹੈ। ਕੋਈ ਵੱਡਾ ਡੋਲ ਹੈ, ਕੋਈ ਛੋਟਾ ਹੈ, ਕਿਸੇ ਨੇ ਗੜਵੇ ਨਾਲ ਹੀ ਬੰਨ੍ਹੀ ਹੋਈ ਹੈ ਰੱਸੀ, ਕੱਢਣਾ ਸਭ ਨੇ ਹੀ ਹੈ, ਨਿਸ਼ਚੇ ਦੀ ਗੱਲ ਹੈ ਆਪਣੇ। ਸੋ ਮਹਾਰਾਜ ਕਹਿੰਦੇ ਅੰਮ੍ਰਿਤ ਤੇਰੇ ਅੰਦਰ ਹੈ, ਇਹ ਖੂਹ ਭਰਿਆ ਪਿਆ ਹੈ। ਤੂੰ ਸ਼ਬਦ ਦੇ ਨਾਲ ਕੱਢ ਲੈ, ਜਿਸ ਤਰ੍ਹਾਂ ਆਪਾਂ ਹੁਣ ਜਾਪ ਕਰਿਆ ਸੀ ਨਾ ਸ਼ਬਦ ਦਾ, ਅੰਮ੍ਰਿਤ ਵੇਲੇ ਉਠਿਆ ਕਰ, ਇਸ਼ਨਾਨ ਕਰਕੇ ਕਿਸੇ ਇਕਾਂਤ ਥਾਂ 'ਤੇ ਬਹਿ ਜਾਇਆ ਕਰ, ਆਸਣ ਲਾ ਕੇ। ਫੇਰ ਤੂੰ ਇਸ ਸ਼ਬਦ ਨੂੰ ਜਪ। ਜਪਣ ਦੇ ਨਾਲ ਹੌਲੀ-ਹੌਲੀ ਇਹ ਲਟ ਜਿਹੜੀ ਹੈ ਸ਼ਬਦ ਦੀ, ਅੰਮ੍ਰਿਤ ਦੇ ਖੂਹ ਤੱਕ ਪਹੁੰਚ ਜਾਏਗੀ। ਫੇਰ ਹੋਏਗਾ ਕੀ? ਤੇਰੇ ਅੰਦਰ 'ਨਾਮ ਹੀ ਨਾਮ' ਹੋ ਜਾਏਗਾ, ਨਾਮ ਦੀ ਸ਼ਕਤੀ ਆ ਜਾਏਗੀ। ਨਾਮ ਦੀ ਸ਼ਕਤੀ ਕਿੱਡੀ ਹੁੰਦੀ ਹੈ? ਇਹਦਾ ਕੋਈ ਆਦਮੀ ਅੱਜ ਤੱਕ ਪੈਦਾ ਨਹੀਂ ਹੋਇਆ ਜਿਹੜਾ ਅੰਦਾਜ਼ਾ ਲਾ ਸਕੇ।

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥*
*ਅੰਗ – ੮੧*

ਉਹ ਨਾਮ ਅੰਦਰ ਹੈ, ਨੌਆਂ ਖਜ਼ਾਨਿਆਂ ਵਾਲਾ, ਜਿਥੇ ਹੈਗਾ ਉਥੇ ਨਿਸ਼ਾਨੀਆਂ ਨੇ 'ਸੁੰਨ ਸਮਾਧਿ' ਉਥੇ ਕੋਈ ਫੁਰਨਾ ਨਹੀਂ ਆਉਂਦਾ –

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥*
*ਅੰਗ – ੨੯੩*

ਉਥੇ ਬਾਰਿਸ਼ ਹੁੰਦੀ ਹੈ ਨਾਮ ਦੀ –

*ਗੁਰਮੁਖਿ ਅੰਤਰਿ ਸਹਜੁ ਹੈ*
*ਮਨੁ ਚੜਿਆ ਦਸਵੈ ਆਕਾਸਿ ॥*
*ਤਿਥੈ ਊਂਘ ਨ ਭੁਖ ਹੈ*
*ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥*
*ਨਾਨਕ ਦੁਖੁ ਸੁਖੁ ਵਿਆਪਤ ਨਹੀ*
*ਜਿਥੈ ਆਤਮ ਰਾਮ ਪ੍ਰਗਾਸੁ ॥ ਅੰਗ – ੧੪੧੪*

ਨਾ ਦੁਖ ਦਾ ਪਤਾ ਲਗਦਾ ਹੈ, ਨਾ ਸੁਖ ਦਾ ਪਤਾ ਲਗਦਾ ਹੈ, ਦੋਹਾਂ ਤੋਂ ਉੱਤੇ ਲੰਘ ਜਾਂਦਾ ਹੈ। ਜੇ ਤੱਤੀ ਤਵੀ 'ਤੇ ਬਿਠਾ ਦਿੱਤਾ, ਨਾਮ ਦੇ ਮੰਡਲ 'ਚ ਗਿਆ ਹੋਇਆ, ਸਾਡੇ ਵਾਂਗਣ ਚੀਕਾਂ ਨਹੀਂ ਉਹ ਮਾਰਦਾ। ਉਹਨੂੰ ਪਤਾ ਕਿ ਸੁਰਤ ਉਹਦੀ ਨਾਮ ਦੇ ਵਿੱਚ ਚਲੀ ਗਈ। ਸਰੀਰ ਦਾ ਦੁਖ ਸੁਖ ਉਥੇ ਪਹੁੰਚਦਾ ਨਹੀਂ ਹੈ। ਜਿਥੇ ਆਤਮਾ ਦਾ ਪ੍ਰਕਾਸ਼ ਹੋ ਜਾਂਦਾ ਹੈ, ਦੁੱਖਾਂ ਤੋਂ ਉਪਰ ਹੋ ਜਾਂਦਾ ਹੈ। ਹੁਣ ਦੇਖੋ ਕਿੱਡੀ ਵੱਡੀ ਕੀਮਤੀ ਚੀਜ਼ ਸਾਡੇ ਅੰਦਰ ਰੱਖੀ ਹੋਈ ਹੈ। ਪਹਿਲਾਂ ਦੱਸਿਆ ਗਿਆ ਹੈ ਕਿ ਉਹਦਾ ਤਰੀਕਾ ਪਿਆਰਿਓ ਆਹ ਹੈ। ਸਾਡੀ ਸੰਪਰਦਾ ਦਾ, ਸਿੱਖ ਧਰਮ ਦਾ। ਬਾਕੀ ਸੰਪਰਦਾਵਾਂ ਨੇ, ਵਾਹਿਗੁਰੂ ਨੇ ਬੇਅੰਤ ਦੁਨੀਆਂ, ਜਦ ਤੋਂ ਸੰਸਾਰ ਰਚਿਆ ਹੈ ਬਣਾਈ ਹੈ ਤੇ ਉਹਦੇ ਤਰਨ ਦਾ ਵੀ ਸਾਧਨ ਬਣਾਇਆ ਹੋਇਆ ਹੈ। ਸੋ ਜਿਹੜਾ ਸਾਡਾ ਸਾਧਨ ਹੈ ਇਹਨੂੰ ਅਪਣਾਓ, ਦੂਜਿਆਂ ਨਾਲ ਕਾਹਦਾ ਝਗੜਾ ਸਾਡਾ। ਸਾਨੂੰ ਆਪ ਹੀ ਨਹੀਂ ਲੱਭਿਆ ਅਜੇ ਰਸਤਾ। ਰੌਲਾ ਤਾਂ ਅਸੀਂ ਪਾਈ ਜਾਂਦੇ ਹਾਂ, ਸਾਨੂੰ ਪਤਾ ਹੀ ਨਹੀਂ ਲੱਗਿਆ ਅਜੇ ਅੰਦਰਲੇ ਅੰਮ੍ਰਿਤ ਦਾ, ਬਾਹਰਲਾ ਅੰਮ੍ਰਿਤ ਠੀਕ ਹੈ, ਉਹਦਾ ਨਾਉਂ ਅਸੀਂ ਰੱਖ ਲਿਆ, ਉਸ ਵੇਲੇ ਅੰਮ੍ਰਿਤ ਨਹੀਂ, ਉਸ ਵੇਲੇ ਪਾਹੁਲ ਕਹਿੰਦੇ ਸੀ -

***ਪੀਵਹੁ ਪਾਹੁਲ ਖੰਡੇਧਾਰ ਹੋਵੇ ਜਨਮ ਸੁਹੇਲਾ।***

ਸੋ ਇਹ ਗੁਰੂ ਨੇ ਸਾਨੂੰ ਬਖਸ਼ਿਸ਼ ਕੀਤੀ ਹੈ ਤੇ ਗੁਰੂ ਦਾ ਜਿਹੜਾ ਚਰਿੱਤਰ ਹੁੰਦਾ ਹੈ ਉਹ ਨਿਰਵੈਰ ਹੁੰਦਾ ਹੈ, ਨਿਰਾਲਾ ਹੁੰਦਾ ਹੈ, ਦੁਨੀਆਂ ਨਹੀਂ ਸੋਚ ਸਕਦੀ ਗੁਰੂ ਦੇ ਬਾਰੇ। ਗੁਰੂ ਸਭ ਕੁਛ ਜਾਣਦਾ ਹੈ ਤੇ ਐਸਾ ਫੁਰਮਾਨ ਕੀਤਾ ਹੈ, ਪੜ੍ਹੋ ਪਿਆਰ ਨਾਲ-

***ਧਾਰਨਾ - ਨਿਰਵੈਰ ਨਿਰਾਲਾ ਜੀ,***
***ਸਤਿਗੁਰ ਪੁਰਖ ਅਗੰਮ ਹੈ।***
***ਸਤਿਗੁਰੁ ਪੁਰਖੁ ਅਗੰਮੁ ਹੈ, ਨਿਰਵੈਰੁ ਨਿਰਾਲਾ।***
***ਜਾਣਹੁ ਧਰਤੀ ਧਰਮ ਕੀ, ਸਚੀ ਧਰਮਸਾਲਾ।***
***ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।***
***ਜਿਉ ਕਰਿ ਨਿਰਮਲੁ ਆਰਸੀ, ਜਗੁ ਵੇਖਣਿ ਵਾਲਾ।***
***ਜੇਹਾ ਮੁਹੁ ਕਰਿ ਭਾਲੀਐ, ਤੇਹੋ ਵੇਖਾਲਾ।***
***ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ॥***
***ਭਾਈ ਗੁਰਦਾਸ ਜੀ, ਵਾਰ, ੩੪/੧***

ਜਿਸਦੇ ਕੋਲ ਅੰਮ੍ਰਿਤ ਦੀ ਦਾਤ ਹੈ ਮਹਾਰਾਜ ਕਹਿੰਦੇ ਉਹ ਸਤਿਗੁਰੂ ਹੋਇਆ ਕਰਦਾ ਹੈ -

***ਘਰ ਮਹਿ ਘਰੁ ਦੇਖਾਇ ਦੇਇ***
***ਸੋ ਸਤਿਗੁਰੁ ਪੁਰਖੁ ਸੁਜਾਣੁ ॥ ਅੰਗ - ੧੨੯੧***

ਆਹ ਸਰੀਰ ਦੇ ਵਿੱਚ ਜਿਹੜਾ ਵਾਹਿਗੁਰੂ ਨੂੰ ਮਿਲਾ ਦੇਵੇ, ਉਹ ਸਤਿਗੁਰੂ ਹੁੰਦਾ ਹੈ, ਕਹਿੰਦੇ ਨਿਸ਼ਾਨੀ ਕੀ ਹੈ? ਕਹਿੰਦੇ -

***ਪੰਚ ਸਬਦ ਧੁਨਿਕਾਰ ਧੁਨਿ***
***ਤਹ ਬਾਜੈ ਸਬਦੁ ਨੀਸਾਣੁ ॥ ਅੰਗ - ੧੨੯੧***

ਪੰਜ ਸ਼ਬਦਾਂ ਦੀ ਧੁਨਕਾਰ ਹੁੰਦੀ ਹੈ, ਜਿਹਨੂੰ ਅਨਹਦ ਸ਼ਬਦ ਕਹਿੰਦੇ ਨੇ। ਇਹ ਜਦੋਂ ਨਿਸ਼ਾਨੀ ਆ ਜਾਵੇ ਤਾਂ ਸਮਝ ਲਓ ਮੈਨੂੰ ਰਾਹ ਲੱਭ ਗਿਆ।

***ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥***
***ਅੰਗ - ੧੨੯੧***

ਇਹ ਸੱਤ ਵਾਦੀਆਂ ਹੁੰਦੀਆ ਨੇ ਭਜਨ ਕਰਨ ਵਾਲਿਆਂ ਦੀਆਂ, ਸੱਤ ਸਟੇਜਾਂ। ਜਿਵੇਂ ਕਿਸੇ ਉੱਚੇ ਸਥਾਨ 'ਤੇ ਚੜ੍ਹਨਾ ਹੈ, ਸੱਤ ਮੰਜ਼ਲਾਂ, ਸੱਤ ਮੁਕਾਮ ਰਸਤੇ ਵਿੱਚ ਆਉਣ, ਕਿ ਪਹਿਲਾਂ ਆਹ ਆਏਗਾ, ਫੇਰ ਆਹ, ਫੇਰ ਆਹ; ਇਹ ਗੱਲਾਂ ਬੜੀਆਂ ਸਮਝਣ ਵਾਲੀਆਂ ਨੇ। ਲਗਾਤਾਰ ਸਤਿਸੰਗ ਕਰੋ, ਤਾਂ ਕਿਤੇ ਜਾ ਕੇ ਸਮਝ ਵਿੱਚ ਆਉਂਦੀਆਂ ਨੇ। ਫੇਰ ਵੀ ਬਹੁਤ ਮੁਸ਼ਕਲ ਹੈ। ਨਾਉਂ ਮੈਂ ਦੱਸ ਦਿੰਦਾ ਹਾਂ, ਪਰ ਨਾਉਂ ਲੈਣ ਨਾਲ ਕੋਈ ਫਰਕ ਨਹੀਂ ਪੈਣਾ। ਪਹਿਲੀ ਵਾਦੀ ਤਲਾਸ਼ ਦੀ ਹੁੰਦੀ ਹੈ, ਬਾਬਾ ਫਰੀਦ ਵਾਂਗੂੰ ਤਲਾਸ਼ ਲੱਗੇ। ਚੌਵੀ ਸਾਲ ਜੰਗਲਾਂ 'ਚ ਭਟਕਦਾ ਰਿਹਾ, ਤਲਾਸ਼ ਕਰਦਾ ਵਾਹਿਗੁਰੂ ਦੀ। ਦੂਸਰੀ ਹੋਇਆ ਕਰਦੀ ਹੈ, ਵਾਦੀ-ਏ-ਇਸ਼ਕ, ਪਿਆਰ ਦੀ, ਮੁਰਸ਼ਦ ਕੋਲ ਚਲਿਆ ਗਿਆ, ੧੪ ਸਾਲ ਪਿਆਰ ਕਰਿਆ। ਤੀਸਰੀ ਵਾਦੀ ਹੋਇਆ ਕਰਦੀ ਹੈ ਵਾਦੀ-ਏ-ਮਾਰਫਤ, ਪਤਾ ਲੱਗ ਜਾਂਦਾ ਹੈ ਕਿ ਇੱਥੇ ਵਾਹਿਗੁਰੂ ਆਪ ਹੀ ਹੈ, ਉਹਦਾ ਹੀ ਨੂਰ ਹੈ, ਉਹ ਆਪੇ ਹੀ ਸਾਰੇ ਪਸਰਿਆ ਹੋਇਆ ਹੈ। ਲੇਕਿਨ ਅੱਖਾਂ ਨਾਲ ਨਹੀਂ ਅਜੇ ਦਿਸਿਆ। ਤੀਸਰੇ ਡੰਡੇ ਦੀ ਪਉੜੀ ਚੜ੍ਹ ਗਿਆ। ਤੀਸਰੇ ਮੁਕਾਮ 'ਤੇ ਪਹੁੰਚ ਗਿਆ। ਚੌਥੇ ਮੁਕਾਮ 'ਤੇ ਜਾ ਕੇ ਲਿਵ ਲਗ ਜਾਂਦੀ ਹੈ। ਅਗਲਾ ਹਾਕਾਂ ਮਾਰਦਾ ਹੈ ਕਿ ਭਾਈ! ਪ੍ਰਸ਼ਾਦਾ ਛਕ ਲੈ, ਕਿਉਂ ਨਹੀਂ ਛਕਦਾ, ਇਥੇ ਹੀ ਬੈਠਾ ਹੈਂ। ਬਾਹਰ ਚਲਿਆ ਗਿਆ, ਉਥੇ ਹੀ ਲਿਵ ਲਗ ਗਈ, ਉਥੇ ਹੀ ਬੈਠਾ ਰਿਹਾ। ਨਾਮ ਦੀ ਧੁਨ ਅੰਦਰ ਚਲ ਪੈਂਦੀ ਹੈ ਪੂਰੇ ਜ਼ੋਰ ਨਾਲ, ਉਹਦੇ ਵਿੱਚ ਸੁਰਤ ਲਗ ਜਾਂਦੀ ਹੈ ਇਹਨੂੰ ਲਿਵ ਲਗਣਾ ਕਹਿੰਦੇ ਨੇ। ਮਹਾਰਾਜ ਕਹਿੰਦੇ ਜੇ ਲਿਵ ਨਹੀਂ ਨਾ ਲੱਗੀ ਪਿਆਰਿਓ! ਇੱਕ ਗੱਲ ਸੁਣ ਲਓ, ਤੁਹਾਡੀ ਦੇਹ ਜਿਹੜੀ ਹੈ ਇਹ ਦੇਹ ਕਹਾਉਣ ਦੇ ਕਾਬਲ ਨਹੀਂ ਹੈ, ਇਹ ਕੋਹੜ ਹੋਇਆ-ਹੋਇਆ ਹੈ ਦੇਹ ਨੂੰ। ਕੋਹੜੀ ਦੇਹ ਹੈ -

***ਸਾਚੀ ਲਿਵੈ ਬਿਨੁ ਦੇਹ ਨਿਮਾਣੀ ॥***
***ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ॥***
***ਅੰਗ - ੯੧੭***

ਚੌਥੀ ਮੰਜ਼ਲ 'ਤੇ ਅਸੀਂ ਪਹੁੰਚ ਹੀ ਨਹੀਂ ਸਕੇ, ਲਿਵ ਨਹੀਂ ਲੱਗੀ ਸਾਡੀ ਅਜੇ। ਲਿਵ ਲੱਗੀ ਹੋਈ ਹੈ ਪੈਸੇ ਕਮਾਉਣ 'ਚ, ਤੂੰ ਗਲਤ ਕੰਮ ਕਰਨ ਵਾਸਤੇ ਲਿਵ ਲਾਈ ਬੈਠਾ ਹੈਂ। ਜਦੋਂ ਪ੍ਰਮੇਸ਼ਰ ਦੇ ਨਾਮ ਨਾਲ ਲਿਵ ਲਗਦੀ ਹੈ ਅੰਦਰ ਰਸ ਆਉਂਦਾ ਹੈ। ਸਮਾਂ ਭੁੱਲ ਜਾਂਦਾ ਹੈ। ਅੰਦਰਲੇ ਪਾਸੇ ਨਾਦ ਸੁਣਦੇ ਨੇ, ਬਗੈਰ ਵਜਾਏ ਹੋਏ ਵਾਜੇ ਵਜਦੇ ਨੇ। ਉਹ ਐਨੀ ਮਿੱਠੀ ਸੁਰੀਲੀ ਧੁਨ ਹੈ, ਉਹਦੇ ਵਿੱਚ ਉਠ ਨਹੀਂ ਸਕਦਾ ਆਦਮੀ, ਫੇਰ ਲਿਵ ਲਗ ਜਾਂਦੀ ਹੈ, ਨਾਮ ਉਹਦੇ ਵਿੱਚ ਚਲਦਾ ਹੈ, ਸ਼ਬਦ ਦੀ ਗੂੰਜ ਪੈਂਦੀ ਹੈ ਤੇ ਨਾਲ ਵਾਜੇ ਵਜਦੇ ਨੇ। ਇਹ ਚੌਥੀ ਮੰਜ਼ਲ ਹੋ ਜਾਇਆ ਕਰਦੀ ਹੈ। ਪੰਜਵੀ ਹੋਇਆ ਕਰਦੀ ਹੈ, ਵਹਿਦੀਅਤ ਦੀ। ਪਤਾ ਲਗ ਜਾਂਦਾ ਹੈ ਕਿ ਮੈਂ ਤੇ ਵਾਹਿਗੁਰੂ ਅੱਡ-ਅੱਡ ਨਹੀਂ ਹੈਗੇ, ਅਸੀਂ ਇੱਕੋ ਹੀ ਹਾਂ। ਲੇਕਿਨ ਅਜੇ ਤੱਕ ਅੰਦਰੋਂ ਨਹੀਂ ਮੰਨਿਆ। ਅੰਦਰੋਂ ਮੰਨ ਲਓ। ਜੇ ਕੋਈ ਮੰਨ ਲਵੇ ਹੁਣੇ ਬ੍ਰਹਮਗਿਆਨੀ ਹੋ ਜਾਏਗਾ, ਇਥੇ ਬੈਠਾ-ਬੈਠਾ ਹੀ। ਕੋਈ ਬੰਦਾ ਹਿੰਮਤ ਨਾਲ ਮੰਨ ਲਵੇ। ਮਹਾਰਾਜ ਕਹਿੰਦੇ -

***ਆਦਿ ਸਚੁ ਜੁਗਾਦਿ ਸਚੁ ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ਅੰਗ - ੧***

ਇਹਦਾ ਮਤਲਬ ਕੀ ਹੈ ਅਸੀਂ ਤਾਂ ਜਾਣਦੇ ਹੀ ਨਹੀਂ। ਪ੍ਰੋਫੈਸਰ ਨਹੀਂ ਜਾਣਦੇ, ਗਿਆਨੀਆਂ ਨੂੰ ਨਹੀਂ ਪਤਾ; ਸੰਤਾਂ ਨੂੰ ਪਤਾ ਹੈ। ਉਹ ਇਹ ਹੈ ਕਿ ਵਾਹਿਗੁਰੂ ਤੋਂ ਬਿਨਾਂ ਹੈ ਹੀ ਕੋਈ ਨਹੀਂ। ਮੈਂ ਹਾਂ ਹੀ ਨਹੀਂ –

***ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥ ਅੰਗ – ੮੨੭***

ਇਹ ਤਾਂ ਤੂੰ ਹੀ ਤੂੰ ਹੈਂ, ਮੈਂ ਤਾਂ ਹਾਂ ਹੀ ਨਹੀਂ, ਮੈਂ ਐਵੇਂ ਵਿੱਚ ਵੜ ਗਿਆ ਆ ਕੇ। ਜਿਹਨੂੰ ਇਹ ੧੦੦% ਗਿਆਨ ਹੋ ਜਾਏ, ਉਸੇ ਵੇਲੇ ਬ੍ਰਹਮ ਦਾ ਗਿਆਨ ਹੋ ਜਾਏਗਾ। ਇਹਨੂੰ ਅਭੇਦ ਅਵਸਥਾ ਕਹਿੰਦੇ ਨੇ। ਅਜੇ ਮਿਲਿਆ ਨਹੀਂ ਹੈ, ਲੇਕਿਨ ਵਹਿਦੀਅਤ ਵਿੱਚ ਪਹੁੰਚ ਗਿਆ। ਖਿਆਲ ਆਉਣ ਲਗ ਗਿਆ ਕਿ ਇਥੇ ਹੋਰ ਕੋਈ ਨਹੀਂ। ਹੁਣ ਇਸ ਤੋਂ ਅੱਗੇ ਹੋਰ ਤਰੱਕੀ ਕਰੀ। ਫੇਰ ਕਿੱਥੇ ਪਹੁੰਚਿਆ? ਕਹਿੰਦੇ ਹੈਰਾਨੀ ਦੇ ਮੰਡਲ 'ਚ ਪਹੁੰਚ ਗਿਆ, ਵਿਸਮਾਦ ਦੇ ਮੰਡਲ ਵਿੱਚ ਪਹੁੰਚ ਗਿਆ। ਸਹਿ ਨਹੀਂ ਹੁੰਦਾ, ਜਰ ਨਹੀਂ ਹੁੰਦਾ, ਐਨਾ ਅਨੰਦ ਆਉਂਦਾ ਹੈ। ਹੁਣ ਇੱਕ ਮੰਜ਼ਲ ਹੋਰ ਰਹਿ ਗਈ। ਉਸ ਵਿੱਚ ਗੁਰੂ ਦੀ ਮਦਦ ਤੋਂ ਬਿਨਾਂ ਨਹੀਂ ਲੰਘ ਸਕਿਆ ਕਰਦਾ। ਇਥੇ ਗੁਰੂ ਦੀ ਮਦਦ ਦੀ ਲੋੜ ਹੈ, ਪੂਰੇ ਸੰਤ ਦੀ ਲੋੜ ਹੈ। ਸੰਤ ਹੈ ਨਹੀਂ ਦੁਨੀਆਂ 'ਚ. ਬੜਾ ਮੁਸ਼ਕਲ ਹੈ। ਗੁਰੂ ਗ੍ਰੰਥ ਸਾਹਿਬ ਅੱਗੇ ਹੀ ਬੇਨਤੀਆਂ ਕਰੋ। ਇਹੀ ਲੰਘਾ ਦੇਣਗੇ। ਗੁਰੂ ਗ੍ਰੰਥ ਸਾਹਿਬ ਜੋ ਹਨ ਇਹ ਪ੍ਰਤੀਕ ਹੁੰਦਾ ਹੈ, ਇਹ ਪ੍ਰਤੀਕ ਹੈ ਦਸਾਂ ਪਾਤਸ਼ਾਹੀਆਂ ਦਾ। ਗੁਰੂ ਜੋਤ ਹੈ ਉਹ ਹੁਣ ਵੀ ਹੈਗੀ। ਹਰੇਕ ਦੇ ਅੰਦਰ ਹੈ, ਜਿਹੜਾ ਮਿਲਣਾ ਚਾਹੁੰਦਾ ਹੈ ਮਿਲ ਲਓ, ਤਰੀਕੇ ਹੁੰਦੇ ਨੇ ਇਹਦੇ ਮਿਲਣ ਦੇ ਵੀ। ਉਹਦੀ ਮਿਹਰਬਾਨੀ ਹੁੰਦੀ ਹੈ, ਉਹ ਜੀਵ ਦੇ ਵਿਚੋਂ ਦ੍ਵੈਤ ਖਤਮ ਕਰਕੇ ਏਕਤਾ ਵਿੱਚ ਦਾਖਲ ਕਰਕੇ ਇਹਦਾ ਮੈਂ ਭਾਵ ਕੱਟ ਦਿੰਦਾ ਹੈ ਤੇ ਪ੍ਰਮੇਸ਼ਰ ਹੀ ਪ੍ਰਮੇਸ਼ਰ ਰਹਿ ਜਾਂਦਾ ਹੈ, ਉਹਨੂੰ ਕਹਿੰਦੇ ਨੇ ਫਿਨਾਹ-ਏ-ਅੱਲਾਹ, ਅੱਲਾਹ ਦੇ ਵਿੱਚ ਫਨਾਹ ਹੋ ਜਾਣਾ, ਵਾਹਿਗੁਰੂ 'ਚ ਅਭੇਦ ਹੋ ਜਾਣਾ, ਇਹ ਚੀਜ਼ਾਂ ਗੁਰੂ ਕੋਲ ਹੁੰਦੀਆਂ ਨੇ। ਜਿਹੜਾ ਗੁਰੂ ਹੈ ਉਹਨੂੰ 'ਗੁਰੂ' ਕਹਿੰਦੇ ਹੀ ਤਾਂ ਨੇ –

***ਘਰ ਮਹਿ ਘਰੁ ਦੇਖਾਇ ਦੇਇ***
***ਸੋ ਸਤਿਗੁਰੁ ਪੁਰਖੁ ਸੁਜਾਣੁ ॥ ਅੰਗ – ੧੨੯੧***

ਆਹ ਸਰੀਰ ਵਿੱਚ ਹੀ ਵਾਹਿਗੁਰੂ ਨਾਲ ਮਿਲਾ ਦਿੰਦਾ ਹੈ, ਹੈਗਾ ਵਾਹਿਗੁਰੂ ਹੀ ਸਰੀਰ ਵਿੱਚ, ਪਰਛਾਵੇਂ ਨੂੰ ਅਸੀਂ ਮੰਨ ਕੇ ਮੈਂ ਮੰਨੀ ਜਾਂਦੇ ਹਾਂ। ਇਹ ਹੁਣ ਗੱਲ ਟੁਟਦੀ ਨਹੀਂ ਹੈ। ਗੱਲਾਂ ਦੱਸਣ ਨਾਲ ਨਹੀਂ ਟੁੱਟਦੀ, ਇਹ ਤਾਂ ਸਾਧਨਾ ਨਾਲ ਟੁੱਟਦੀ ਹੈ। ਸੋ ਗੁਰੂ ਜਿਹੜਾ ਹੈ ਉਹ ਦਿਖਾ ਦਿੰਦਾ ਹੈ, ਗੁਰੂ ਹੁੰਦਾ ਹੀ ਏਸ ਕਰਕੇ ਹੈ, ਗੁਰੂ ਨੂੰ ਅਸੀਂ ਇਸ ਕਰਕੇ ਸਭ ਕੁਛ ਸੌਂਪਦੇ ਹਾਂ ਕਿ ਮੈਨੂੰ ਤੂੰ ਮਿਲਾ ਦੇ ਰੱਬ ਨੂੰ। ਮੇਰੇ ਗਲੋਂ ਜੰਮਣ ਮਰਨ ਦੀ ਫਾਹੀ ਲਾਹ ਦੇ। ਮਹਾਰਾਜ ਕਹਿੰਦੇ ਫੇਰ ਆਉਂਦੀ ਹੈ ਅਵਸਥਾ–

***ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥ ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥***
***ਅੰਗ – ੧੨੯੧***

ਉਥੇ ਮਹਾਰਾਜ ਕਹਿੰਦੇ ਬੇਅੰਤ –

***ਸੋ ਦਰੁ ਕੇਹਾ ਸੋ ਘਰੁ ਕੇਹਾ***
***ਜਿਤੁ ਬਹਿ ਸਰਬ ਸਮਾਲੇ ॥***
***ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥***
***ਅੰਗ – ੬***

ਗਿਣਤੀ ਮਿਣਤੀ ਤੋਂ ਬਾਹਰ ਨੇ ਗਾਉਣ ਵਾਲੇ –

***ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥***
***ਅੰਗ – ੧੨੯੧***

ਸੋ ਐਸਾ ਜੋ ਗੁਰੂ ਹੁੰਦਾ ਹੈ, ਉਹਦਾ ਸਾਡੇ ਵਰਗਾ ਸੁਭਾਅ ਨਹੀਂ ਹੁੰਦਾ, ਸਾਡੇ ਤੋਂ ਵੱਖਰਾ ਹੁੰਦਾ ਹੈ, ਨਿਰਵੈਰ ਹੁੰਦਾ ਹੈ, ਨਿਰਾਲਾ ਹੁੰਦਾ ਹੈ, ਉਹਦੀ ਕ੍ਰਿਆ ਨੂੰ ਕੋਈ ਜਾਣ ਨਹੀਂ ਸਕਦਾ।

ਗੁਰੂ ਦਸ਼ਮੇਸ਼ ਪਿਤਾ ਨਾਲ ਬਗੈਰ ਕਿਸੇ ਮਤਲਬ ਤੋਂ ਯੁੱਧ ਸ਼ੁਰੂ ਹੋਇਆ, ਕੋਈ ਮਤਲਬ ਨਹੀਂ ਸੀ। ਜੇ ਸੀ ਤਾਂ ਉਹ ਦੁਨਿਆਵੀ ਸੀ, ਰਾਜਸੀ ਮਤਲਬ ਸੀ, ਰਾਜਸੀ ਚਾਲ ਸੀ ਕਿ ਇਹ ਜਿਹੜੇ ਮੌਤ ਤੋਂ ਉੱਚੇ ਹੁੰਦੇ ਜਾਂਦੇ ਨੇ, ਅੰਮ੍ਰਿਤ ਜਿਨ੍ਹਾਂ ਦੇ ਮੂੰਹ ਨੂੰ ਲਗਦਾ ਹੈ, ਅੰਮ੍ਰਿਤ ਅੰਦਰ ਹੈ –

***ਅੰਮ੍ਰਿਤੁ ਪੀਵੈ ਅਮਰੁ ਸੋ ਹੋਇ ॥ ਅੰਗ – ੨੯੨***

ਜਿਹਨੇ ਵੀ ਉਹ ਅੰਦਰਲਾ ਅੰਮ੍ਰਿਤ ਪੀ ਲਿਆ ਉਹ ਮੁੜ ਕੇ ਨਹੀਂ ਮਰਦਾ।

***ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥***
***ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥***
***ਅੰਗ – ੮੦੮***

ਉਹ ਜਦੋਂ ਇਕ ਵਾਰੀ ਮਿਲ ਗਿਆ, ਫੇਰ ਨਹੀਂ ਆਦਮੀ ਥੱਲੇ ਆਇਆ ਕਰਦਾ, ਕਿਉਂਕਿ ਮਾਇਆ ਦੀ ਉਥੇ ਪਹੁੰਚ ਨਹੀਂ ਹੈ, ਨਾ ਹੋਣ ਕਰਕੇ ਇਹਨੂੰ ਦਿਸਦਾ ਨਹੀਂ ਹੈ। ਉਹ ਅੰਮ੍ਰਿਤ ਜਿਨ੍ਹਾਂ ਨੂੰ ਪ੍ਰਾਪਤ ਹੋ ਗਿਆ, ਜਿਹੜੇ ਉਮੀਦਵਾਰ ਸੀ, ਉਹ ਮੌਤ ਤੋਂ, ਡਰਨ ਤੋਂ ਹਟ ਗਏ। ਜਿਹੜੇ ਇਸ ਤਰ੍ਹਾਂ ਦੇ ਬੰਦੇ ਹੋਏ ਉਹ ਜ਼ੁਲਮ ਨੂੰ ਸਹਿ ਨਾ ਸਕੇ, ਉਨ੍ਹਾਂ ਨੇ ਟੋਕਾ-ਟਾਕੀ ਸ਼ੁਰੂ ਕਰ ਦਿੱਤੀ ਕਿ ਤੁਸੀਂ ਮਾੜਾ ਕੰਮ ਕਰਦੇ ਓਂ। ਤੁਹਾਡਾ ਕੰਮ ਨਹੀਂ। ਰਾਜਾ ਤਾਂ ਹੁੰਦਾ ਹੈ ਜੇ ਨਿਆਂ ਕਰੇ, ਨਹੀਂ ਤਾਂ ਰਾਜਾ ਕਸਾਈ ਹੁੰਦਾ ਹੈ।

***ਕਲਿ ਕਾਤੀ ਰਾਜੇ ਕਾਸਾਈ***
***ਧਰਮੁ ਪੰਖ ਕਰਿ ਉਡਰਿਆ ॥***
***ਕੂੜੁ ਅਮਾਵਸ ਸਚੁ ਚੰਦ੍ਰਮਾ***
***ਦੀਸੈ ਨਾਹੀ ਕਹ ਚੜਿਆ ॥ ਅੰਗ – ੧੪੫***

ਤੁਸੀਂ ਰਾਜੇ ਬਣੇ ਹੋਏ ਓਂ, ਵਾਹਿਗੁਰੂ ਨੇ ਤੁਹਾਡੇ ਉਪਰ ਕ੍ਰਿਪਾ ਕਰੀ, ਤੁਸੀਂ ਇੱਕ ਅੱਖ ਨਾਲ ਦੇਖੋ ਸਾਰਿਆਂ ਨੂੰ, ਹਿੰਦੂਆਂ ਨੂੰ ਅੱਡ ਦੇਖਦੇ ਓਂ, ਇਸਲਾਮ ਵਾਲਿਆਂ ਨੂੰ ਅੱਡ ਦੇਖਦੇ ਓਂ, ਇਨ੍ਹਾਂ ਦੇ ਵਿੱਚ ਵੀ ਅਮੀਰ ਆਦਮੀਆਂ ਨੂੰ ਅੱਡ ਦੇਖਦੇ ਓਂ, ਗਰੀਬਾਂ ਨੂੰ ਅੱਡ ਦੇਖਦੇ ਓਂ। ਇਹ ਡਰ ਜਿਹੜਾ ਸੀ ਇਹ ਰਾਜਿਆਂ ਨੂੰ ਕੁਦਰਤੀ ਪੈਂਦਾ ਹੈ, ਕਿਤੇ ਵੀ ਜਨਤਾ ਦਾ ਜ਼ੋਰ ਵਧ ਜਾਵੇ, ਰਾਜਾ ਡਰ ਜਾਂਦਾ ਹੈ, ਉਹਦੇ ਕਰਕੇ ਪਹਿਲਾਂ ਤਾਂ ਉਨ੍ਹਾਂ ਨੇ ਚਲਾਕੀਆਂ ਕਰੀਆਂ ਪਹਾੜੀ ਰਾਜਿਆਂ ਨੂ ਚੁੱਕਦੇ ਰਹੇ, ਅਖੀਰ ਬਹੁਤ ਵੱਡਾ ਯੁੱਧ ਕਿੰਨੀ ਫੌਜ, ਮਹਾਰਾਜ ਜੀ ਲਿਖਦੇ ਹਨ ਕਿ ਦੱਸ ਲੱਖ ਫੌਜ ਭੇਜੀ ਸੀ। ਸਾਰੀ ਅਨੰਦਪੁਰ ਸਾਹਿਬ ਦੇ ਦੁਆਲੇ ਨਹੀਂ ਸੀ। ਹਰ ਥਾਂ ਦੇ ਉਤੇ ਸੀ, ਇੱਕ ਤਾਂ ਕਿਸੇ ਜਗ੍ਹਾਂ ਸਿੱਖ ਇਕੱਠੇ ਨਾ ਹੋਣ ਜਾਣ ਗੁਰੂ ਮਹਾਰਾਜ ਦੇ ਪਿਆਰੇ, ਹਮਲਾ ਨਾ ਕਰ ਦੇਣ, ਉਹ ਹਰ ਥਾਂ 'ਤੇ ਦਬਾਏ ਹੋਏ, ਕੋਈ ਰਸਤਾ ਨਹੀਂ

ਸੀਗਾ। ਹੁਣ ਵੀ ਤੁਹਾਨੂੰ ਪਤਾ ਹੀ ਹੈ ਕਿ ਕਿਸ ਤਰ੍ਹਾਂ ਦੇ ਨਾਲ ਨਾਕਾਬੰਦੀ ਹੁੰਦੀ ਹੈ, ਸੋ ਅਨੰਦਪੁਰ ਦੇ ਘੇਰੇ ਨੂੰ ਛੇ ਮਹੀਨੇ ਲੰਘ ਗਏ। ਉਸ ਵੇਲੇ ਗੁਰੂ ਮਹਾਰਾਜ ਬਾਹਰ ਨਿਕਲਦੇ ਨੇ, ਕਹਿਣ ਲੱਗੇ ਸਿੰਘਾਂ ਨੂੰ ਕਿ ਇਹ ਪੱਤੇ ਦਰਖਤਾਂ ਦੇ ਕਿੱਥੇ ਗਏ? ਛਿੱਲਾਂ ਨਹੀਂ ਨਜ਼ਰ ਆਉਂਦੀਆਂ। ਕਹਿਣ ਲੱਗੇ, ਪਾਤਸ਼ਾਹ! ਤੇਰੇ ਪਿਆਰਿਆਂ ਨੇ ਪੱਤੇ ਵੀ ਉਬਾਲ-ਉਬਾਲ ਕੇ ਖਾ ਲਏ ਨੇ, ਛਿੱਲਾਂ ਵੀ ਉਬਾਲ-ਉਬਾਲ ਕੇ ਖਾ ਲਈਆਂ ਤੇ ਕੁਛ ਦਿਨ ਹੋਰ ਸਰੀਰ ਦਾ ਨਿਰਬਾਹ ਹੋ ਜਾਏ ਤੇ ਤੇਰੇ ਲੇਖੇ ਲਗ ਜਾਵੇ। ਐਵੇਂ ਨਾ ਸਰੀਰ ਅਸੀਂ ਛੱਡ ਜਾਈਏ। ਮਹਾਰਾਜ ਕਹਿੰਦੇ, ਖਾਲਸਾ ਜੀ! ਤੁਸੀਂ ਬਹੁਤ ਵੱਡਾ ਤਪ ਕਰ ਲਿਆ। ਉਧਰ ਉਹ ਵੀ ਦੁਖੀ ਹੋ ਗਏ। ਉਥੋਂ ਬਾਰ-ਬਾਰ ਹਦਾਇਤਾਂ ਆਉਂਦੀਆਂ ਨੇ ਕਿ ਬਈ ਕਿੱਡਾ ਕੁ ਹੈ ਕਿਲ੍ਹਾ। ਦੱਸ ਹਜ਼ਾਰ ਬੰਦਾ ਤੁਸੀਂ ਮੈਨੂੰ ਦੱਸਿਆ ਸੀ ਕਿ ਹੈਗਾ ਤੇ ਤੁਸੀਂ ਦਸ ਲੱਖ ਬੰਦੇ, ਦਸ ਹਜ਼ਾਰ ਨੂੰ ਕਾਬੂ ਨਹੀਂ ਕਰ ਸਕੇ ਅਜੇ ਤਕ। ਸਜਾਵਾਂ ਦੀਆਂ ਲਿਸਟਾਂ ਆ ਗਈਆਂ ਕਿ ਫਾਂਸੀ ਚਾੜ੍ਹ ਦਿੱਤੇ ਜਾਓਂਗੇ, ਖੱਲਾਂ 'ਚ ਮੜ੍ਹਾ ਦਿੱਤੇ ਜਾਓਂਗੇ, ਕੁੱਤਿਆਂ ਤੋਂ ਪੜਵਾ ਦਿੱਤੇ ਜਾਓਂਗੇ ਜੇ ਤੁਸੀਂ ਹਾਰ ਕੇ ਇਥੋਂ ਚਲੇ ਗਏ। ਡਰ ਗਏ ਸਾਰੇ, ਹੱਲਾ ਕਰਨ ਦੀ ਤਾਕਤ ਨਹੀਂ ਹੈ। ਅਖੀਰ ਰਾਜਸੀ ਚਾਲ ਚੱਲੀ। ਉਹ ਇਹ ਕਿ ਔਰੰਗਜ਼ੇਬ ਦੇ ਨਾਮ ਦੀ ਇੱਕ ਚਿੱਠੀ ਬਣਾਈ ਗਈ। ਸੱਚੀ ਸੀ ਜਾਂ ਝੂਠੀ ਸੀ ਇਹਦਾ ਅੱਜ ਤੱਕ ਕਿਸੇ ਨੂੰ ਨਹੀਂ ਪਤਾ ਲੱਗਿਆ। ਸੋ ਐਹੋ ਜਿਹੇ ਮੌਕਿਆਂ ਦੇ ਉਤੇ ਬੜਾ ਕੁਛ ਚੱਲਿਆ ਕਰਦਾ। ਕੁਰਾਨ ਸ਼ਰੀਫ ਰੱਖਿਆ ਗਿਆ, ਸਿਰ ਦੇ ਉਤੇ ਟਿਕਾ ਕੇ। ਜਿਹੜਾ ਵੱਡਾ ਮੌਲਵੀ ਸੀ ਓਸਨੂੰ ਭੇਜਿਆ ਗਿਆਂ ਰਾਜਦੂਤ ਦੇ ਨਾਲ ਕਿ ਗੁਰੂ ਦਸ਼ਮੇਸ਼ ਪਿਤਾ ਦੇ ਪਾਸ ਜਾਹ, ਇਧਰਲੇ ਪਾਸੇ ਪਹਾੜੀਆਂ ਨੇ ਸਾਲਗਰਾਮ ਲਿਆ ਕੇ ਰੱਖੀ, ਆਟੇ ਦੀ ਗਊ ਬਣਾਈ ਤੇ ਗਊ ਦੇ ਮੂਹਰੇ ਇੱਕ ਛੁਰੀ ਰੱਖ ਦਿੱਤੀ, ਜਾ ਕੇ ਗੁਰੂ ਮਹਾਰਾਜ ਦੇ ਕੋਲ ਰੱਖ ਦਿੱਤੀਆ ਕਿ ਮਹਾਰਾਜ! ਸਭ ਤੋਂ ਵੱਡੀ ਜਿਹੜੀ ਚੀਜ਼ ਹੈ ਇਹ ਇਸਲਾਮ ਵਾਲਿਆਂ ਵਾਸਤੇ ਕੁਰਾਨ ਸ਼ਰੀਫ ਦੀ ਹੈ; ਜਿਹੜੇ ਪਹਾੜੀ ਰਾਜੇ ਨੇ ਇਨ੍ਹਾਂ ਵਾਸਤੇ ਗਊ ਹੈ, ਆਹ ਛੁਰੀ ਰੱਖੀ ਪਈ ਹੈ, ਆਹ ਗਊ ਜ਼ੀਭਾ ਹੋ ਜਾਏਗੀ ਜੇ ਤੁਸੀਂ ਸਾਡੀ ਗੱਲ ਨਾ ਮੰਨੀ। ਸਾਨੂੰ ਵੀ ਬਹੁਤ ਤਾੜਨਾ ਆ ਰਹੀਆਂ ਨੇ। ਅਸੀਂ ਮਜ਼ਬੂਰ ਹੋਏ-ਹੋਏ ਜਾ ਨਹੀਂ ਸਕਦੇ। ਅਸੀਂ ਬਚ ਤਾਂ ਸਕਦੇ ਹਾਂ ਜੇ ਤੁਸੀਂ ਕਿਲ੍ਹਾ ਛੱਡ ਦਿਓਂ। ਅਸੀਂ ਜਾਮਨੀ ਦਿੰਦੇ ਹਾਂ। ਮਹਾਰਾਜ ਕਹਿੰਦੇ, ਜਾਮਨੀਆਂ ਤੁਹਾਡੀਆਂ ਕੱਚੀਆਂ ਨੇ, ਆਹ ਰਾਜਸੀ ਚਾਲਾਂ ਨੇ, ਅਸੀਂ ਇਨ੍ਹਾਂ ਚਾਲਾਂ ਵਿੱਚ ਨਹੀਂ ਆਉਣਾ। ਅੰਦਰਲੇ ਪਾਸੇ ਗੱਲ ਚੱਲ ਪਈ। ਉਹ ਕੋਈ ਮਾੜੇ ਸਿੱਖ ਨਹੀਂ ਸੀਗੇ ਕਿ ਐਵੇਂ ਅਸੀਂ ਕਹਿ ਦੇਈਏ ਕਿ ਬੇਦਾਵਾ ਦੇਣ ਵਾਲੇ ਮਾੜੇ ਸਿੱਖ ਸੀ, ਬੜੀਆਂ ਭਾਰੀ ਤਕਲੀਫਾਂ ਸਹੀਆਂ ਉਨ੍ਹਾਂ ਨੇ, ੯੯ ਨੰਬਰ ਤਾਂ ਲੈ ਲਏ, ਇਕ ਨੰਬਰ 'ਤੇ ਫੇਲ੍ਹ ਹੋਏ ਸੀ। ਉਹ ਵੀ ਜਾ ਕੇ ਦੂਹਰੀ ਵਾਰੀ ਇਮਤਿਹਾਨ ਦੇ ਕੇ ਮਹਾਰਾਜ ਤੋਂ ਵਰ ਲੈ ਲਏ ਉਨ੍ਹਾਂ ਨੇ। ਉਸ ਵੇਲੇ ਰਾਇ ਖਿਲਾਫੀ ਹੋ ਗਈ, ਨਿਸ਼ਚਾ ਕੁਛ ਕਮਜ਼ੋਰ ਪੈ ਗਿਆ। ਕਹਿਣ ਲੱਗੇ, ਗੁਰੂ ਮਹਾਰਾਜ ਨੇ ਸ਼ਕਤੀ ਤਾਂ ਕੋਈ ਦਿਖਾਈ ਨਹੀਂ ਹੈ। ਮਨੁੱਖਾਂ ਵਾਂਗੂ ਲੜ ਰਹੇ ਨੇ। ਸੱਚੇ ਪਾਤਸ਼ਾਹ! ਇਹ ਚਾਲ ਆਪਾਂ ਵੀ ਹੁਣ ਚੱਲੀਏ, ਜਾਂ ਤਾਂ ਨਿਕਲਣ ਦੀ ਗੱਲ ਕਰੀਏ, ਇੱਕ ਵਾਰੀ ਨਿਕਲ ਜਾਈਏ ਇੱਥੋਂ ਫੇਰ ਆਪਾਂ ਤਿਆਰੀ ਕਰ ਲਵਾਂਗੇ। ਮਹਾਰਾਜ ਕਹਿੰਦੇ, ਨਹੀਂ ਪਿਆਰਿਓ! ਇਹ ਹੁਣ ਬਿਲਕੁਲ ਹਿੱਲ ਚੁੱਕੇ ਨੇ। ਸੱਤ ਦਿਨ ਹੋਰ ਨੇ, ਸੱਤਾਂ ਦਿਨਾਂ ਬਾਅਦ ਇਨ੍ਹਾਂ ਨੇ ਹਿੱਲ ਜਾਣਾ ਹੈ। ਜੇ ਇਨ੍ਹਾਂ ਨੇ ਬਚਨ ਨਾ ਮੰਨਿਆ ਤਾਂ ਖੁਆਰੀ ਬਹੁਤ ਹੋਏਗੀ। ਉਸ ਵੇਲੇ ਦੋ ਰਾਇ ਹੋ ਗਈਆਂ। ਮਹਾਰਾਜ ਕਹਿੰਦੇ, ਦੇਖੋ, ਸਿੱਖ ਜਿਹੜਾ ਹੁੰਦਾ ਹੈ ਨਾ ਉਹ ਕਦੇ ਵੀ ਗੁਰੂ ਦੇ ਸਾਮ੍ਹਣੇ ਜੀਉਂਦਾ ਹੋ ਕੇ ਨਹੀਂ ਆਇਆ ਕਰਦਾ। ਸਿੱਖ ਤਾਂ ਜਿਹੜਾ ਹੈ ਉਹ ਮਰਿਆ ਹੋਇਆ ਹੁੰਦਾ ਹੈ, ਉਹਨੇ ਗੁਰੂ ਨੂੰ ਸਭ ਕੁਛ ਸੌਂਪਿਆ ਹੁੰਦਾ ਹੈ-

***ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ***
***ਹੁਕਮਿ ਮੰਨਿਐ ਪਾਈਐ ॥*** ***ਅੰਗ - ੯੧੮***

ਜਦ ਤੁਸੀਂ ਮਨ ਮੈਨੂੰ ਦੇ ਦਿਤਾ, ਤਨ ਮੈਨੂੰ ਦੇ ਦਿਤਾ ਫੇਰ ਐਨੇ ਕਾਹਲੇ ਕਿਉਂ ਪੈਂਦੇ ਓਂ ਤੇ ਮੁਰੀਦ ਤਾਂ ਜਿਹੜਾ ਹੁੰਦਾ ਹੈ ਉਹਦੇ ਬਾਰੇ ਇਸ ਤਰ੍ਹਾਂ ਫੁਰਮਾਨ ਹੈ -

**ਧਾਰਨਾ - ਮੁਰਦਾ ਹੋਇਕੈ ਮੁਰੀਦ ਬਣ ਜਾਵਣਾ।**

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।***
***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।***
***ਗੋਲਾ ਮੁਲ ਖਰੀਦੁ ਕਾਰੇ ਜੋਵਣਾ।***
***ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।***
***ਪੀਹਣਿ ਹੋਇ ਜਦੀਦ ਪਾਣੀ ਢੋਵਣਾ।***
***ਪਖੇ ਦੀ ਤਾਗੀਦ ਪਗ ਮਲਿ ਧੋਵਣਾ।***
***ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।***
***ਦਰ ਦਰਵੇਸੁ ਰਸੀਦੁ ਪਿਰਮ ਰਸ ਭੋਵਣਾ।***
***ਚੰਦ ਮੁਮਾਰਖ ਈਦ ਪੁਗ ਖਲੋਵਣਾ।***
***ਭਾਈ ਗੁਰਦਾਸ ਜੀ, ਵਾਰ ੩/੧੮***

ਮਹਾਰਾਜ ਕਹਿੰਦੇ, ਤੁਸੀਂ ਤਾਂ ਐਉਂ ਗੱਲ ਕਰਦੇ ਓਂ ਜਿਵੇਂ ਤੁਸੀਂ ਗੁਰੂ ਹੁੰਦੇ ਓਂ, ਮੈਂ ਸਿੱਖ ਹੁੰਦਾ ਹਾਂ। ਤੁਸੀਂ ਮੈਨੂੰ ਸੀਸ ਅਰਪਣ ਕੀਤਾ ਹੋਇਆ ਹੈ, ਸਭ ਕੁਛ ਅਰਪਣ ਕੀਤਾ ਹੋਇਆ ਹੈ, ਗੁਰੂ ਦੀ ਰਜ਼ਾ ਵਿੱਚ ਰਹੀਦਾ ਹੁੰਦਾ ਹੈ ਕਿ ਗੁਰੂ ਨੂੰ ਮੱਤਾਂ ਦੇਈਦੀਆਂ ਨੇ? ਮਹਾਰਾਜ ਨੇ ਰਮਜ਼ ਦੇ ਦਿੱਤੀ ਲੇਕਿਨ ਭੁੱਖ ਦਾ ਦੁਖ ਐਨਾ ਸੀ ਕਿ ਉਨ੍ਹਾਂ ਦੀ ਅਕਲ 'ਚ ਹੋਣਾ ਕਿ ਜੇ ਕਿਲ੍ਹਾ ਛੱਡ ਦੇਈਏ ਤਾਂ ਬਚ ਰਹਾਂਗੇ। ਮਹਾਰਾਜ ਕਹਿੰਦੇ, ਸਾਰੇ ਪੰਜਾਬ ਵਿੱਚ ਪਿਆਰਿਓ, ਫੌਜਾਂ ਹੀ ਫੌਜਾਂ ਲੱਗੀਆ ਹੋਈਆਂ ਨੇ, ਘਰ ਤੱਕ ਨਹੀਂ ਕਿਸੇ ਨੇ ਪਹੁੰਚਣ ਦੇਣਾ ਬੁਰੀ ਤਰ੍ਹਾਂ ਮਾਰੇ ਜਾਓਂਗੇ। ਇਹਦੇ ਨਾਲੋਂ ਸਨਮੁੱਖ ਰਹਿ ਕੇ ਸ਼ਹੀਦੀਆਂ ਪ੍ਰਾਪਤ ਕਰ ਲਓਂ, ਦਰਗਾਹ ਵਿੱਚ ਥਾਂ ਮਿਲੇਗਾ। ਪਿੱਠ ਦੇ ਕੇ ਜਾਓਂਗੇ, ਨਰਕਾਂ ਨੂੰ ਜਾਓਂਗੇ। ਅਖੀਰ ਬਹੁਤ ਸਾਰੀਆਂ ਸਲਾਹਾਂ ਹੋਈਆਂ। ਮਹਾਰਾਜ ਕਹਿੰਦੇ, ਚੰਗਾ! ਫੈਸਲਾ ਕਰ ਲੈਂਦੇ ਹਾਂ, ਆਹ ਫੜੋ ਕਾਗਜ਼ ਇਹਦੇ ਉਤੇ ਲਿਖ ਦਿਓ ਕਿ ਤੂੰ ਸਾਡਾ ਗੁਰੂ ਨਹੀਂ, ਅਸੀਂ ਤੇਰੇ ਸਿੱਖ ਨਹੀਂ। ਇਬਾਰਤ ਲਿਖ ਦਿੱਤੀ ਗਈ ਉੱਤੇ ਕਿ ਤੁਸੀਂ ਸਾਡੇ ਗੁਰੂ ਨਹੀਂ, ਅਸੀਂ ਤੁਹਾਡੇ ਸਿੱਖ ਨਹੀਂ। ਦਸਤਖਤ ਹੋਣੇ ਸ਼ੁਰੂ ਹੋ ਗਏ, ਇਕ ਦੂਜੇ ਨੂੰ ਕਹਿੰਦੇ ਨੇ ਕਿ ਤੂੰ ਵੀ ਕਰ ਦੇ, ਤੂੰ ਵੀ ਕਰ ਦੇ। ਹੁਣ ਇਹਦੇ ਵਿੱਚ ਦੋ ਗੱਲਾਂ ਨੇ, ਇੱਕ ਤਾਂ ਐਹੋ ਜਿਹੇ ਕਮਜ਼ੋਰ ਬੰਦੇ ਵੀ ਹੋਣੇ ਨੇ, ਜਿਹੜੇ ਮੌਤ ਨੂੰ ਸਾਮ੍ਹਣੇ ਦੇਖ ਕੇ ਚਾਹੁੰਦੇ ਸੀ ਕਿ ਕੋਈ ਤਰੀਕਾ ਕਰ ਲਈਏ ਕਿ ਕਿਵੇਂ ਬਚ ਜਾਈਏ। ਬਚ ਕੇ ਫੇਰ ਸਰੀਰ ਕਿਸੇ ਚੰਗੇ ਮੌਕੇ ਦੇ ਉੱਤੇ ਲੇਖੇ ਦੇ ਵਿੱਚ ਲਾ ਦੇਈਏ।

ਇਹ ਇੱਕ ਚਾਲ ਹੋਇਆ ਕਰਦੀ ਹੈ, ਜਵਾਹਰ ਲਾਲ ਨਹਿਰੂ ਨੇ ਇੱਕ 'ਮੇਰੀ ਯਾਦ' ਇੱਕ ਪੁਸਤਕ ਲਿਖੀ ਹੈ, ਉਹ ਉਨ੍ਹਾਂ ਦਿਨਾਂ ਦਾ ਜ਼ਿਕਰ ਕਰਦਾ ਹੈ ਜਦ ਮੋਰਚੇ ਲੱਗੇ ਹੋਏ ਸੀ ਜੈਤੋ ਦੇ, ਕਹਿੰਦਾ ਮੈਨੂੰ ਗਾਂਧੀ ਨੇ ਭੇਜਿਆ, ਅਸੀਂ ਤਿੰਨ ਜਣੇ ਸੀ ਕਿ ਜਾ ਕੇ ਅੱਖਾਂ ਨਾਲ ਦੇਖ ਕੇ ਆਓ ਕਿ ਕਿੰਨਾ ਕੁ ਤਸ਼ੱਦਦ ਹੋ ਰਿਹਾ ਹੈ ਗੁਰਸਿੱਖਾਂ 'ਤੇ, ਬਹੁਤਾ ਹੀ ਹੁੰਦਾ ਸੀ। ਹੱਦ ਤੋਂ ਜ਼ਿਆਦਾ ਤਸੀਹੇ ਦਿੰਦੇ ਸੀ। ਕਹਿੰਦੇ ਅਸੀਂ ਵੀ ਚਲੇ ਗਏ, ਸਾਨੂੰ ਫੜ ਕੇ ਨਾਭੇ ਦੀ ਜੇਲ੍ਹ ਵਿੱਚ ਕੈਦ ਕਰ ਦਿੱਤਾ। ਜਿਹੜੇ ਸਾਡੇ ਨਾਲ ਸੀ ਉਨ੍ਹਾਂ ਨੂੰ ਭਾਦਸੋਂ ਕੋਲ ਜਿਹੜਾ ਜੰਗਲ ਸੀ, ਉਥੇ ਬਹੁਤ ਬੁਰਾ ਹਾਲ ਹੋਇਆ ਕਰਦਾ ਸੀ, ਉਥੇ ਬੰਦ ਕਰ ਦਿੰਦੇ ਸੀ, ਤਾਰਾਂ ਲੱਗੀਆਂ ਹੋਈਆਂ ਸੀ। ਬਹੁਤ ਬੁਰਾ ਹਾਲ ਸਾਡੇ ਸਾਮ੍ਹਣੇ ਕਰਨਾ। ਅਸੀਂ ਜਿੱਥੇ ਰਹਿੰਦੇ ਸੀ ਤਿੰਨੋ ਜਣੇ, ਮੈਂ ਸੀ, ਇੱਕ ਪਟੇਲ ਸੀ, ਇਕ ਬੰਗਾਲ ਦਾ ਸੀ। ਅਸੀਂ ਰਾਤ ਨੂੰ ਸੌਂ ਨਾ ਸਕੇ, ਚੂਹੇ ਸਾਡੇ ਉੱਤੇ ਛਾਲਾਂ ਮਾਰੀ ਜਾਣ। ਪਿੱਸੂ ਸਾਰੇ ਹੀ ਸਾਡੇ ਵਲ ਨੂੰ ਤੁਰੇ ਆਉਣ। ਅਸੀਂ ਸਲਾਹ ਕਰੀ ਕਿ ਜੇ ਅਸੀਂ ਦੋ ਦਿਨ ਹੋਰ ਰਹਿ ਗਏ ਆਪਾਂ ਤਾਂ ਮਰ ਜਾਵਾਂਗੇ। ਮੱਛਰ ਧੜਾ-ਧੜ ਲੜਨ। ਸਲਾਹ ਕਰੀ ਕਿ ਕੋਈ ਤਰੀਕਾ ਸੋਚੋ ਕਿ ਆਪਾਂ ਨਿਕਲੀਏ ਇੱਥੋਂ। ਕਹਿੰਦਾ, ਮੈਂ ਆਪਣੇ ਪਿਤਾ ਨੂੰ ਸੁਨੇਹਾ ਭੇਜਿਆ ਮੋਤੀ ਲਾਲ ਨੂੰ ਕਿ ਸਾਨੂੰ ਕਿਵੇਂ ਵੀ ਕੱਢ ਇੱਥੋਂ, ਇੱਥੇ ਨਹੀਂ ਅਸੀਂ ਰਹਿ ਸਕਦੇ, ਮਰ ਜਾਵਾਂਗੇ। ਦੂਜੇ ਦਿਨ ਉਥੋਂ ਫੋਨ ਆ ਗਿਆ, ਮਹਾਰਾਜੇ ਨਾਭੇ ਵਾਲੇ ਨੇ ਫੇਰ ਸਾਨੂੰ ਛੱਡ ਦਿੱਤਾ। ਉਥੇ ਦੋ ਲਾਈਨਾਂ ਲਿਖੀਆਂ ਹੋਈਆਂ ਨੇ ਕਿ 'ਤੁਸੀਂ ਲੋਕ ਕਹੋਂਗੇ ਕਿ ਇਹ ਬੁੱਝਦਿਲ ਸੀ, ਮਾਫੀ ਮੰਗ ਲਈ ਇਹਨੇ। ਕਿਉਂਕਿ ਫਾਰਮ ਉਨ੍ਹਾਂ ਦਿਨਾਂ 'ਚ ਦਿੰਦੇ ਸੀ ਕਿ ਚਾਹੇ ਮਾਫੀ ਮੰਗ ਲਓ, ਚਾਹੇ ਦੁੱਖ ਤਕਲੀਫਾਂ ਸਹਿਣ ਨੂੰ ਤਿਆਰ ਰਹੋ। ਸਿੰਘ ਮਾਫੀ ਨਹੀਂ ਸੀ ਮੰਗਦੇ, ਬਹੁਤ ਬੁਰਾ ਮੰਨਦੇ ਸੀ, ਜਦ ਮੈਂ ਛੋਟਾ ਜਿਹਾ ਹੁੰਦਾ ਸੀ। ਜੇ ਕਿਸੇ ਇੱਕ ਅੱਧੇ ਨੇ ਮੰਗ ਲਈ, ਪਿੰਡਾਂ 'ਚ ਉਹਦੇ ਨਾਲ ਬੋਲਦੇ ਹੀ ਨਹੀਂ ਸੀ ਹੁੰਦੇ ਕਿ ਮਾਫੀ ਮੰਗ ਕੇ ਆਇਆ ਹੈ।

ਇਹ ਲਿਖਦਾ ਹੈ ਕਿ ਜੇ ਮੈਂ ਮਾਫੀ ਨਾ ਮੰਗਦਾ, ਮੇਰੇ ਨਾਲ ਦਾ ਤਾਂ ਇੱਕ ਬੰਗਾਲ ਜਾ ਕੇ ਮਰ ਗਿਆ, ਉਹਨੂੰ ਐਨਾ ਬੁਖਾਰ ਚੜ੍ਹਿਆ ਕਿ ਛੇ ਮਹੀਨੇ ਉਤਰਿਆ ਹੀ ਨਹੀਂ। ਮੈਂ ਤੇ ਭੋਲਾ ਬਾਈ ਬਚ ਗਏ, ਜੇ ਅਸੀਂ ਮਾਫੀ ਨਾ ਮੰਗਦੇ, ਤੁਸੀਂ ਤਾਂ ਕਹੋਂਗੇ ਕਿ ਇਹ ਬੁਝਦਿਲ ਸੀ, ਅਸੀਂ ਬੁਝਦਿਲ ਨਹੀਂ ਸੀ ਅਸੀਂ ਚਾਲ ਚੱਲੀ ਸੀ ਕਿ ਮਾਫੀ ਮੰਗ ਲਓ, ਮਾਫੀ ਮੰਗਣ ਨਾਲ ਕੀ ਹੈ ਕਾਗਜ਼ 'ਤੇ ਦਸਤਖਤ ਹੀ ਕਰਨੇ ਨੇ। ਅਸੀਂ ਹਟਣਾ ਥੋੜ੍ਹੇ ਹਾਂ, ਜਦ ਮੌਕਾ ਦੇਖਾਂਗੇ ਫੇਰ ਚੱਲ ਪਵਾਂਗੇ। ਇਕ ਤਾਂ ਇਹ ਖਿਆਲ ਸੀਗਾ ਕਿ ਇੱਥੋਂ ਨਿਕਲੀਏ ਕਿਸੇ ਤਰੀਕੇ ਨਾਲ। ਦੂਸਰਾ ਸੀ ਜਾਨ ਵੀ ਪਿਆਰੀ ਹੋਣੀ ਹੈ। ਪਰ ਉਹ ਜਿਹੜੇ ਦਸਤਖਤ ਕਰੇ ਉਹ ਬਹੁਤ ਬੁਰੀ ਬਾਤ ਕਰੀ। ਗੁਰੂ ਨੂੰ ਸਮਝਾਇਆਂ ਨਹੀਂ ਜਾ ਸਕਦਾ। ਗੁਰੂ ਸਮਰੱਥ ਹੋਇਆ ਕਰਦਾ ਹੈ। ਗੁਰੂ ਨੂੰ ਇਸ ਤਰ੍ਹਾਂ ਸਮਝਣਾ ਮਨੁੱਖ ਵਾਂਗੂੰ, ਇਹ ਬੜੀ ਭਾਰੀ ਕਮਜ਼ੋਰੀ ਹੈ। ਫੇਰ ਵੀ ਕਾਫੀ ਬੰਦੇ ਚਲੇ ਜਾਂਦੇ ਨੇ। ਉਸ ਤੋਂ ਬਾਅਦ ਮਹਾਰਾਜ ਨੇ ਦਿਖਾਇਆ, ਗੱਡੇ ਭਰ ਕੇ ਤੋਰ ਦਿੱਤੇ, ਉੱਤੇ ਕੀਮਤੀ ਵਸਤਰ ਰੱਖ ਦਿੱਤੇ, ਵਿੱਚ ਕੀ ਰੱਖਿਆ, ਬੋਰੀਆਂ ਭਰ ਕੇ ਰੱਖ ਦਿੱਤੀਆਂ ਟੁੱਟੀਆਂ ਹੋਈਆਂ ਜੁੱਤੀਆਂ ਦੀਆਂ, ਮਾੜੇ ਸਮਾਨ ਦੀਆਂ। ਉਹ ਪੈ ਗਏ ਆ ਕੇ, ਦੂਜੇ ਦਿਨ ਜਦ ਕੁਛ ਲੱਭਿਆ ਹੀ ਨਾ, ਕਹਿੰਦੇ ਜੀ ਅਸੀਂ ਤਾਂ ਇਨ੍ਹਾਂ ਨੂੰ ਬੜੀ ਭਾਰੀ ਸਜ਼ਾ ਦੇ ਦਿੱਤੀ, ਇਨ੍ਹਾਂ ਨੇ ਐਵੇਂ ਆ ਕੇ ਕਸਮ ਤੋੜ ਦਿੱਤੀ। ਅਸੀਂ ਕਸਮ ਦੇ ਉੱਤੇ ਪੂਰੀ ਤਰ੍ਹਾਂ ਕਾਇਮ ਹਾਂ, ਮਹਾਰਾਜ ਕਹਿੰਦੇ, ਪਿਆਰਿਓ! ਇਹ ਵੀ ਛਲ ਹੈ, ਧੋਖਾ ਹੈ, ਕਦੇ ਵੀ ਰਾਜੇ ਦੀ ਕਸਮ ਦੇ ਉੱਤੇ ਇਤਬਾਰ ਨਹੀਂ ਕਰੀਦਾ ਹੁੰਦਾ, ਚਾਹੇ ਰਾਜਾ ਆਪਣਾ ਹੈ, ਚਾਹੇ ਬੇਗਾਨਾ ਹੈ। ਰਾਜਾ ਹਿਤ ਦਾ ਪਿਆਰਾ ਹੁੰਦਾ ਹੈ, ਕਸਮ ਦਾ ਪਿਆਰਾ ਨਹੀਂ ਹੁੰਦਾ। ਮਹਾਰਾਜਾ ਰਣਜੀਤ ਸਿੰਘ ਨਾਲ ਅੰਗਰੇਜ਼ ਨੇ ਕਿੱਡਾ ਵੱਡਾ ਸਮਝੌਤਾ ਕਰਿਆ, ਰੋਪੜ; ਪਰ ਜਦ ਮਹਾਰਾਜਾ ਰਣਜੀਤ ਸਿੰਘ ਦੀ ਤਾਕਤ ਕਮਜ਼ੋਰ ਹੋਣ ਲੱਗੀ, ਉਸੇ ਵੇਲੇ ਰੌਲਾ ਪਾ ਦਿੱਤਾ। ਉਸੇ ਵੇਲੇ ਸ਼ੈਤਾਨੀਆਂ ਸ਼ੁਰੂ ਕਰ ਦਿੱਤੀਆਂ, ਵਿੱਚੋਂ ਸਰਦਾਰਾਂ ਨੂੰ ਪਾੜਨਾ ਸ਼ੁਰੂ ਕਰ ਦਿੱਤਾ। ਪਾਰਟੀਬਾਜ਼ੀਆਂ ਬਣਾਉਣ ਲਗ ਗਿਆ। ਪਤਾ ਸੀਗਾ ਕਿ ਹੁਣ ਅਸੀਂ ਪੰਜਾਬ ਲੈ ਲਵਾਂਗੇ, ਕਸਮ ਕਿਹੜੀ? ਰਾਜੇ ਨੂੰ ਹਿਤ ਪਿਆਰਾ ਹੋਇਆ ਕਰਦਾ ਹੈ, ਕਸਮ ਨਹੀਂ।

ਜਦ ਪੌਂਡ ਦੀ ਕੀਮਤ ਗਿਰਨ ਲੱਗੀ, ਇੰਗਲੈਂਡ ਦੀ ਜਿਹੜੀ ਮੁੱਖ ਮੰਤਰੀ ਸੀ ਮਿਸਿਜ਼ ਥੈਚਰ, ਇਹਦਾ ਮਿੱਤਰ ਸੀ, ਜਦ ਇਹਦਾ ਬਹੁਤ ਪਿਆਰ ਸੀ ਅਮਰੀਕਾ ਨਾਲ; ਉਥੇ ਰੀਗਨ ਦੇ ਪਾਸ ਚਲੀ ਗਈ, ਉਹ ਪ੍ਰੈਜ਼ੀਡੈਂਟ ਸੀ, ਕਹਿਣ ਲੱਗੀ ਮਿਸਟਰ ਰੀਗਨ! ਇਸ ਵੇਲੇ ਸਾਨੂੰ ਬਚਾ ਦੇ, ਸਾਡਾ ਬੁਰਾ ਹਾਲ ਹੋ ਜਾਏਗਾ ਜੇ ਪੌਂਡ ਦੀ ਕੀਮਤ ਗਿਰ ਗਈ। ਜਵਾਬ ਦੇ ਦਿੱਤਾ ਉਹਨੇ। ਪਾਰਲੀਮੈਂਟ ਦੇ ਵਿੱਚ ਸਵਾਲ ਹੋਇਆ ਕਿ ਉਹ ਮਿੱਤਰ ਹੈ ਸਾਡਾ ਬਰਤਾਨੀਆਂ, ਸਾਨੂੰ ਮੌਕੇ ਦੇ ਉੱਤੇ ਉਹਦੀ ਮਦਦ ਕਰਨੀ ਚਾਹੀਦੀ ਹੈ, ਰੀਗਨ ਨੇ ਕਿਹਾ ਕਿ ਦੇਖੋ, ਮਿਤਰਤਾ personal (ਨਿੱਜੀ) ਹੋਇਆ ਕਰਦੀ ਹੈ। ਰਾਜ ਦਾ ਕੋਈ ਮਿਤਰ ਨਹੀਂ ਹੋਇਆ ਕਰਦਾ। ਰਾਜ ਦਾ ਮਿੱਤਰ ਹਿਤ ਹੁੰਦਾ ਹੈ। ਜੇ ਇਨ੍ਹਾਂ ਦਾ ਪੌਂਡ ਗਿਰ ਜਾਏਗਾ ਤਾਂ ਸਾਡਾ ਡਾਲਰ ਵਧੇਗਾ, ਸਾਡੀ ਤਜਾਰਤ ਚੱਲੇਗੀ, ਅਸੀਂ ਕਿਉਂ ਉਹਦੀ ਮਦਦ ਕਰੀਏ।

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਪਿਆਰਿਓ! ਬਿਲਕੁਲ ਸਿੱਧੇ ਨਹੀਂ ਕਦੇ ਵੀ ਬਣੀਦਾ ਹੁੰਦਾ, ਰਾਜੇ ਦਾ ਇਤਬਾਰ ਨਹੀਂ ਹੁੰਦਾ। ਬਾਰ-ਬਾਰ ਜਦ ਕਿਹਾ ਤਾਂ ਮਹਾਰਾਜ ਕਹਿੰਦੇ ਜੇ ਤਾਂ ਸੱਤ ਦਿਨ ਹੋਰ ਠਹਿਰ ਸਕਦੇ ਓਂ, ਤਾਂ ਤੁਹਾਡੇ ਸਾਰੇ ਸੰਕਟ ਦੂਰ ਹੋ ਜਾਣਗੇ। ਹੁਣ ਦੇ ਖੁੰਝੇ ਹੋਏ ਤੁਹਾਨੂੰ ਸੈਂਕੜੇ ਸਾਲ ਲੱਗਣਗੇ, ਪੈਰਾਂ 'ਤੇ ਖੜ੍ਹੇ ਹੋਣ ਨੂੰ। ਕਾਹਲੇ ਪੈ ਗਏ। ਥੋੜ੍ਹੇ ਜਿਹੇ ਸਿੰਘ ਨਿਕਲੇ। ਉਸ ਵੇਲੇ ਮਾਤਾ ਜੀ ਨੇ ਕਿਹਾ ਕਿ ਅਸੀਂ ਤਾਂ ਸਾਹਿਬਜ਼ਾਦੇ ਲੈ ਕੇ ਨਿਕਲ ਜਾਣਾ ਹੈ। ਇਤਿਹਾਸ 'ਚ ਲਿਖਿਆ ਹੋਇਆ ਹੈ, ਪਰ ਮੇਰਾ ਮਨ ਨਹੀਂ ਮੰਨਦਾ ਕਿ ਮਾਤਾ ਜੀ ਐਸੀ ਗੱਲ ਕਹਿ ਦੇਣ। ਗੁਰੂ ਮਹਾਰਾਜ ਸਾਰਿਆਂ ਦੇ ਨਾ ਮੰਨਣ ਤੋਂ, ਅੱਧੀ ਰਾਤ ਕਿਲ੍ਹੇ 'ਚੋਂ ਨਿਕਲ ਗਏ, ਤੇ ਕਿਹਾ ਕਿ ਠੀਕ ਹੈ ਭਾਈ ਪ੍ਰੇਮੀਓ! ਫੇਰ ਅਸੀਂ ਜ਼ਿੰਮੇਵਾਰ ਨਹੀਂ ਹਾਂ ਜਿਹੜੀਆਂ ਤਕਲੀਫਾਂ ਹੁਣ ਤੁਹਾਨੂੰ ਆਉਣੀਆਂ ਨੇ, ਆਪੇ ਹੀ ਕਹੋਂਗੇ ਕਿ ਇਹਦੇ ਨਾਲੋਂ ਚੰਗਾ ਜੇ ਅਨੰਦਪੁਰ ਹੀ ਰਹਿੰਦੇ ਤਾਂ ਚੰਗਾ ਸੀ। ਅਨੰਦਪੁਰ ਸਾਹਿਬ ਦਾ ਕਿਲ੍ਹਾ ਅੱਧੀ ਰਾਤ ਨੂੰ ਛੱਡ ਦਿੱਤਾ ਜਾਂਦਾ ਹੈ। ਜਦ ਨਿਕਲ ਕੇ ਥੋੜ੍ਹਾ ਬਾਹਰ ਆਏ। ਨਿਰਮੋਹ ਗੜ੍ਹੀ ਦੇ ਕੋਲ ਪਹੁੰਚਦੇ ਨੇ, ਉਹ ਪਹਿਲਾਂ ਹੀ ਤਿਆਰ ਸੀ ਉਨ੍ਹਾਂ ਨੇ ਚਾਰੋਂ ਪਾਸਿਆਂ ਤੋਂ ਘੇਰਨਾ ਸ਼ੁਰੂ ਕਰ ਦਿੱਤਾ। ਉਸ ਵੇਲੇ ਗੁਰੂ ਮਹਾਰਾਜ ਤਾਂ ਅੱਗੇ ਲੰਘ ਜਾਂਦੇ ਨੇ। ਸੋਨਾ ਜਿੰਨਾਂ ਸੀ ਸਾਰੇ ਦਾ ਸਾਰਾ ਦਰਿਆ ਵਿੱਚ ਸੁਟਾ ਦਿਤਾ, ਕਪੜਿਆਂ ਨੂੰ ਅੱਗ ਲਵਾ ਦਿੱਤੀ,

ਸਮਾਨ ਜਿਹੜੇ ਸਸ਼ਤਰਬੱਧ ਸੀ ਉਹ ਧਰਤੀ ਵਿੱਚ ਦੱਬ ਦਿੱਤੇ ਤੇ ਲੈ ਕੇ ਕੀ ਚੱਲੇ ਨਾਲ। ੧੦੨ ਲਿਖਾਰੀ ਸੀ ਗੁਰੂ ਮਹਾਰਾਜ ਕੋਲ, ੫੨ ਕਵੀ ਸੀ, ੫੦ ਨਸ਼ਰ ਲਿਖਣ ਵਾਲੇ ਸੀ, ਜੋ ਭਾਰਤ ਵਰਸ਼ ਦੀਆਂ ਪੁਰਾਣੀਆਂ ਲਾਇਬ੍ਰੇਰੀਆਂ ਸੀ, ਉਨ੍ਹਾਂ ਸਾਰਿਆਂ ਦਾ ਅਨੁਵਾਦ ਗੁਰੂ ਮਹਾਰਾਜ ਨੇ ਕਰਾ ਕੇ, ਇੱਕ ਗ੍ਰੰਥ ਗੁਰੂ ਮਹਾਰਾਜ ਨੇ ਨੌਂ ਮਣ ਦਾ ਬਣਾਇਆ, ਵਿਦਿਆਧਰ ਗ੍ਰੰਥ ਉਹਦਾ ਨਾਉਂ ਸੀ। ਕਹਿੰਦੇ, ਗ੍ਰੰਥ ਲੈ ਚੱਲੀਏ, ਲੇਕਿਨ ਉਹ ਸਾਰਾ ਦਾ ਸਾਰਾ ਸਮਾਨ ਸਰਸੇ ਦੇ ਕੰਢੇ 'ਤੇ ਰਹਿ ਗਏ। ਸਰਸੇ ਦੇ ਕੰਢੇ 'ਤੇ ਬੜਾ ਹੀ ਘਮਸਾਨ ਦਾ ਯੁੱਧ ਹੋਇਆ। ਸਾਹਿਬਜ਼ਾਦਾ ਅਜੀਤ ਸਿੰਘ ਯੁੱਧ ਕਰਦਾ ਮਹਾਰਾਜ ਜੀ ਨੇ ਵਾਪਸ ਬੁਲਾਇਆ, ਉਸ ਵੇਲੇ ਇੱਕ ਬਚਨ ਹੋਇਆ, ਜਿਹਦੀ ਅਸੀਂ ਅਸਲੀਅਤ ਨਾ ਸਮਝ ਕੇ ਅਸੀਂ ਹੁਣ ਤੱਕ ਔਖੇ ਹੋ ਰਹੇ ਹਾਂ, ਉਹ ਇਹ ਹੋਇਆ ਕਿ ਜੇ ਰਾਜਾ ਸੈਂਕੜੇ, ਲੱਖਾਂ ਕਸਮਾਂ ਖਾ ਲਵੇ, ਸਾਧਸੰਗਤ ਜੀ! ਕਦੇ ਇਤਬਾਰ ਨਾ ਕਰਿਓ ਰਾਜੇ ਦਾ। ਕਿਉਂਕਿ ਰਾਜਾ ਉਸ ਵੇਲੇ ਮੁਸਲਮਾਨ ਸੀ, ਅਸੀਂ ਇੱਕ ਦਮ ਹੀ ਸੁਖਾਲਾ ਜਿਹਾ ਲਾ ਲਿਆ ਕਿ ਮੁਸਲਮਾਨ ਦਾ ਇਤਬਾਰ ਨਾ ਕਰੋ। ਉਹ ਹੁਣ ਤੱਕ ਸਾਡੇ ਗੱਲ ਚੱਲੀ ਆਉਂਦੀ ਹੈ, ਇਸ ਗੱਲ ਨੂੰ ਚੁੱਕ ਦਿੱਤਾ ਗਿਆ। ਅੰਗਰੇਜ਼ ਨੇ ਵੀ ਚੁੱਕਿਆ, ਦੂਜਿਆਂ ਨੇ ਵੀ ਚੁੱਕਿਆ, ਕਿ ਇਹ ਸਿੰਘ ਕਿਤੇ ਮੁਸਲਮਾਨ ਦੇ ਨੇੜੇ ਨਾ ਆ ਜਾਣ, ਰੂਹਾਨੀ ਤੌਰ 'ਤੇ ਤੇ ਕੁਰਾਨ ਸ਼ਰੀਫ ਉਹ ਬਹੁਤ ਨੇੜੇ ਹੈ ਸਾਡੇ। ਉਪਨਿਸ਼ਦਾਂ ਨੇੜੇ ਨੇ, ਗੀਤਾ ਨੇੜੇ ਹੈ, ਕੁਰਾਨ ਸ਼ਰੀਫ ਨੇੜੇ ਹੈ। ਲੇਕਿਨ ਇੱਕ ਖਿਆਲ ਪੈਦਾ ਕਰ ਦਿੱਤਾ ਕਿ ਮੁਸਲਮਾਨ ਮਾੜਾ ਹੈ। ਹੁਣ ਜਦ ਅਸੀਂ ਵਿਚਾਰ ਕਰਦੇ ਹਾਂ, ਗੁਰੂ ਮਹਾਰਾਜ ਸਰਸੇ ਦੇ ਕੰਢੇ ਬੜਾ ਭਿਆਨਕ ਯੁੱਧ ਕਰਨ ਤੋਂ ਬਾਅਦ ਨਿਕਲਦੇ ਨੇ, ਰੋਪੜ ਆਉਂਦੇ ਨੇ। ਰੋਪੜ ਦੇ ਪਠਾਣ ਰਾਹ ਰੋਕੀ ਖੜ੍ਹੇ ਨੇ, ਉਸ ਵੇਲੇ ਮਹਾਰਾਜ ਕਿੱਥੇ ਜਾਂਦੇ ਨੇ? ਉਹ ਨਿਹੰਗ ਖਾਂ ਕੋਟਲੇ ਦੇ ਕਿਲ੍ਹੇ 'ਚ ਜਾਂਦੇ ਨੇ। ਹੁਣ ਜੇ ਮੁਸਲਮਾਨ ਦਾ ਇਤਬਾਰ ਨਹੀਂ ਸੀ ਕਰਨਾ ਤਾਂ ਮਹਾਰਾਜ ਉਹਦੇ ਕਿਲ੍ਹੇ 'ਚ ਕਿਉਂ ਗਏ? ਉਥੇ ਬਚਿੱਤਰ ਸਿੰਘ ਕਿਉਂਕਿ ਬਹੁਤ ਜ਼ਖਮੀ ਸੀ, ਕਹਿਣ ਲੱਗੇ ਕਿ ਖਾਨ ਸਾਹਿਬ! ਇਲਾਜ ਕਰਨਾ, ਜੇ ਇਲਾਜ ਨਾ ਹੋ ਸਕਿਆ ਤਾਂ ਇਨ੍ਹਾਂ ਦਾ ਸਸਕਾਰ ਕਰ ਦੇਣਾ। ਫੌਜ ਨੂੰ ਪਤਾ ਲੱਗਿਆ, ਜਦ ਪਾਰ ਲੰਘੇ ਕਿ ਇੱਥੇ ਆਏ ਸੀ, ਉਹ ਕਿਲ੍ਹੇ ਵਿੱਚ ਚਲੇ ਗਏ, ਤਲਾਸ਼ੀ ਹੋਣ ਲਗ ਗਈ, ਇੱਕ ਕਮਰੇ ਦੇ ਅੱਗੇ ਉਹ ਖਾਨ ਸ਼ਸਤਰ ਨੰਗੇ ਕਰਕੇ ਖੜ੍ਹ ਗਿਆ। ਕਹਿੰਦੇ, ਹੋਰ ਸਾਰੇ ਕਿਲ੍ਹੇ ਦੀ ਤਲਾਸ਼ੀ ਲੈ ਲਓ ਆਹ ਕਮਰੇ ਦੀ ਨਹੀਂ ਮੈਂ ਤਲਾਸ਼ੀ ਲੈਣ ਦੇਣੀ। ਗੁਰੂ ਗੋਬਿੰਦ ਸਿੰਘ ਲੁੱਕਣ ਵਾਲੇ ਨੇ ਕਿਤੇ, ਇੱਥੇ ਹੈ ਹੀ ਨਹੀਂ। ਜਦ ਉਹਦੀ ਤਲਾਸ਼ੀ ਲੈਣ ਲੱਗੇ ਕਹਿੰਦਾ ਮੈਂ ਕੱਟ ਕੇ ਮਾਰ ਦਊਂ। ਕਹਿੰਦੇ, ਕਿਉਂ? ਕਹਿੰਦਾ ਇੱਥੇ ਮੇਰਾ ਦਾਮਾਦ ਤੇ ਲੜਕੀ ਨੇ। ਉਹ ਚਲੇ ਗਏ, ਉਸ ਤੋਂ ਬਾਅਦ ਲੜਕੀ ਨੇ ਕਿਹਾ ਕਿ ਅੱਬਾ ਜਾਨ! ਤੇਰੇ ਮੂੰਹ ਤੋਂ ਨਿਕਲ ਗਿਆ ਕਿ ਮੇਰਾ ਦਾਮਾਦ ਹੈ, ਹੁਣ ਮੈਂ ਸ਼ਾਦੀ ਨਹੀਂ ਕਰਾਉਣੀ ਸਾਰੀ ਜ਼ਿੰਦਗੀ, ਤੇਰੇ ਮੁੱਖ ਤੋਂ ਇੱਕ ਵਾਰੀ ਨਿਕਲਿਆ ਹੋਇਆ ਮੈਂ ਫੁੱਲ ਚੜ੍ਹਾਵਾਂਗੀ। ੧੩੭ ਸਾਲ ਦੀ ਉਮਰ ਹੋਈ ਉਹਨੇ ਸ਼ਾਦੀ ਨਹੀਂ ਕਰਾਈ। ਭਾਈ ਬਚਿੱਤਰ ਸਿੰਘ ਅੰਦਰ ਸੀਗੇ, ਉਹ ਚੜ੍ਹਾਈ ਕਰ ਗਏ ਤੇ ਉਨ੍ਹਾਂ ਦਾ ਸਸਕਾਰ ਕਰ ਦਿੱਤਾ। ਉਸ ਵੇਲੇ ਗੁਰੂ ਮਹਾਰਾਜ ਜੀ ਕਿੱਥੇ ਜਾਂਦੇ ਨੇ, ਚਮਕੌਰ ਸਾਹਿਬ ਦੇ ਕੋਲ ਪੰਜ-ਚਾਰ ਮੀਲ 'ਤੇ ਇੱਕ ਸਿੱਖ ਬਹੁਤ ਕਾਹਲੀ-ਕਾਹਲੀ ਦਿੱਲੀ ਤੋਂ ਅਨੰਦਪੁਰ ਸਾਹਿਬ ਵਲ ਜਾ ਰਿਹਾ ਸੀ। ਉਹ ਮਿਲ ਗਿਆ, ਪੰਜ ਸਿੰਘ ਪਿੱਛੇ ਆ ਰਹੇ ਸੀ ਉਨ੍ਹਾਂ ਨੂੰ ਮਿਲ ਗਿਆ। ਉਹ ਕਹਿਣ ਲੱਗਿਆ, ਸਿੰਘੋ! ਗੁਰੂ ਮਹਾਰਾਜ ਕਿੱਥੇ ਨੇ? ਕਹਿਣ ਲੱਗੇ ਕਿ ਅਸੀਂ ਤਾਂ ਉਨ੍ਹਾਂ ਨੂੰ ਆਪ ਤਲਾਸ਼ ਕਰ ਰਹੇ ਹਾਂ। ਪਰ ਉਨ੍ਹਾਂ ਨੇ ਕਿਹਾ ਸੀ ਕਿ ਸਤਲੁਜ ਦੇ ਕੰਢੇ-ਕੰਢੇ ਹੀ ਅਸੀਂ ਤੁਰਾਂਗੇ। ਮਾਲਵੇ ਨੂੰ ਜਾਣਾ ਹੈ, ਕਹਿਣ ਲੱਗਿਆ ਦੇਖੋ, ਮੈਂ ਵੀ ਤਲਾਸ਼ ਕਰਦਾ ਹਾਂ। ਪਰ ਤੁਸੀਂ ਇੱਕ ਸੁਨੇਹਾ ਪਹੁੰਚਾ ਦਿਓ ਕਿ ਦਿੱਲੀ ਤੋਂ ਤਾਜ਼ਾਦਮ ਫੌਜ ਔਰੰਗਜ਼ੇਬ ਨੇ ਭੇਜੀ ਹੈ, ਤੋਪਾਂ ਲੈ ਕੇ ਆ ਜਾਓ ਤੇ ਜੇ ਗੁਰੂ ਮਹਾਰਾਜ ਨਾਲ ਤੁਹਾਡਾ ਮਿਲਾਪ ਹੋ ਗਿਆਂ ਤਾਂ ਦੱਸ ਦਿਓ ਕਿ ਤਾਜ਼ਾਦਮ ਫੌਜ ਹੈ, ਉਸ ਤੋਂ ਆਪਣਾ ਬਚਾਅ ਕਰ ਲੈਣ। ਗੁਰੂ ਮਹਾਰਾਜ ਨੂੰ ਇਹ ਸਿੰਘ ਜਾ ਕੇ ਮਿਲ ਜਾਂਦੇ ਨੇ। ਮਹਾਰਾਜ ਜੀ ਨੂੰ ਜਦ ਜਾ ਕੇ ਦੱਸਿਆ ਕਿ ਕਿਉਂ ਭਾਈ ਦਇਆ ਸਿੰਘਾਂ! ਗੁਰੂ ਜਿਹੜਾ ਹੁੰਦਾ ਹੈ ਉਹ ਸਮਰੱਥ ਹੁੰਦਾ ਹੈ, ਉਸ ਦੇ ਕੋਲ ਜਿਹੋ ਜਿਹੀ ਕੋਈ ਭਾਵਨਾ ਲੈ ਕੇ ਆਉਂਦਾ ਹੈ ਉਹੋ ਜਿਹਾ ਫਲ ਉਹਨੂੰ ਦਿੰਦਾ ਹੈ। ਕਹਿਣ ਲੱਗੇ, ਦੇਖ ਦਿੱਲੀ ਤੋਂ ਇਹ ਫੌਜਾਂ ਤੁਰੀਆਂ ਆਉਂਦੀਆਂ ਨੇ, ਆਪਾਂ ਜੇ ਨਾ ਜਾਈਏ ਇਨ੍ਹਾਂ ਦੀ ਭਾਵਨਾ ਵਿਚ ਹੀ ਰਹਿ ਜਾਏਗੀ, ਆਪਾਂ ਇਨ੍ਹਾਂ ਨਾਲ ਯੁੱਧ ਕਰਕੇ ਫੇਰ ਹੀ ਕੋਈ ਪ੍ਰੋਗਰਾਮ ਅੱਗੇ ਦਾ ਬਣਾਵਾਂਗੇ।

ਸੋ ਇਹ ਜਿਹੜੀ ਲੀਲਾ ਹੈ ਰੱਬ ਦੇ ਪਿਆਰਿਆਂ ਦੀ ਉਹ ਸਮਝ ਵਿੱਚ ਨਹੀਂ ਆਉਂਦੀ, ਐਉਂ ਪੜ੍ਹ ਲਓ ਸਾਰੇ -

***ਧਾਰਨਾ - ਹਰਿ ਕੇ ਸੇਵਕ ਜੋ ਹਰਿ ਭਾਏ,***
***ਤਿਨ ਕੀ ਕਥਾ ਨਿਰਾਰੀ ਰੇ।***

***ਹਰਿ ਕੇ ਸੇਵਕ ਜੋ ਹਰਿ ਭਾਏ***
***ਤਿਨ੍ ਕੀ ਕਥਾ ਨਿਰਾਰੀ ਰੇ ॥***
***ਆਵਹਿ ਨ ਜਾਹਿ ਨ ਕਬਹੂ ਮਰਤੇ***
***ਪਾਰਬ੍ਰਹਮ ਸੰਗਾਰੀ ਰੇ ॥ ਅੰਗ - ੮੫੫***

ਪ੍ਰਮੇਸ਼ਰ ਦੇ ਪਿਆਰਿਆਂ ਦੀ ਕਥਾਵਾਂ ਸੰਸਾਰ ਨਾਲੋਂ ਨਿਆਰੀਆਂ ਹੁੰਦੀਆਂ ਨੇ, ਮਹਾਰਾਜ ਕਹਿਣ ਲੱਗੇ, ਕਿਉਂ ਭਾਈ ਦਇਆ ਸਿੰਘ ਜੀ! ਭਾਈ ਧਰਮ ਸਿੰਘ ਜੀ! ਕੀ ਕੁਛ ਹੈ ਤੁਹਾਡਾ? ਕਹਿਣ ਲੱਗੇ, ਸੱਚੇ ਪਾਤਸ਼ਾਹ! ਅਸੀਂ ਤਾਂ ਅਲਪੱਗ ਜੀਵ ਹਾਂ, ਸਾਨੂੰ ਨਹੀਂ ਕੁਛ ਵੀ ਪਤਾ ਤੁਸੀਂ ਸਰਬ ਕਲਾ ਸਮਰੱਥ ਓਂ। ਆਪ ਅਕਾਲ ਪੁਰਖ ਦਾ ਰੂਪ ਓਂ। ਤੁਹਾਡੀ ਮੌਜ ਹੈ, ਤੁਹਾਡੀ ਖੇਡ ਹੈ, ਅਸੀਂ ਤੁਹਾਡੀ ਲੀਲਾ ਨੂੰ ਜਾਣ ਨਹੀਂ ਸਕਦੇ। ਐਉਂ ਪੜ੍ਹ ਲਓ-

***ਧਾਰਨਾ - ਮੈਂ ਕੀ ਜਾਣਾ ਓ, ਤੇਰੀ ਸਾਰ ਨੂੰ।***
***ਤੂੰ ਤਾਂ ਕਿਹੜਿਆਂ ਰੰਗਾਂ ਦੇ ਵਿਚ ਖੇਡਦੈਂ।***

ਕਹਿਣ ਲੱਗੇ, ਪਾਤਸ਼ਾਹ! ਤੁਸੀਂ ਗੁਰੂ ਓਂ ਤੇ ਅਸੀਂ ਤੁਹਾਡੇ ਸਿੱਖ ਹਾਂ। ਤਨ ਵੀ ਤੁਹਾਨੂੰ ਅਰਪਿਆ ਹੋਇਆ ਹੈ, ਮਨ ਵੀ ਤੁਹਾਨੂੰ ਅਰਪਿਆ ਹੋਇਆ ਹੈ, ਬੁੱਧੀ ਵੀ ਤੁਹਾਨੂੰ ਅਰਪੀ ਹੋਈ ਹੈ, ਚਿੱਤ ਵੀ ਤੁਹਾਨੂੰ ਅਰਪਿਆ ਹੋਇਆ ਹੈ, ਆਪਣਾ ਆਪਾ ਭਾਵ ਵੀ ਤੁਹਾਨੂੰ ਅਰਪਿਆ ਹੋਇਆ ਹੈ। ਅਸੀਂ ਤਾਂ ਤੁਹਾਡੇ ਹੁਕਮੀ ਬੰਦੇ ਹਾਂ, ਜਿਵੇਂ ਤੁਹਾਨੂੰ ਭਾਉਂਦੀ ਹੈ, ਜਿੱਥੇ ਤੁਸੀਂ ਸਾਨੂੰ ਲਾਉਣਾ ਚਾਹੁੰਦੇ ਓਂ। ਜੋ-ਜੋ ਤੁਸੀਂ ਕਹੋਂਗੇ, ਅਸੀਂ ਕਰਾਂਗੇ, ਅਸੀਂ ਕੀ ਸਲਾਹ ਦੇ ਸਕਦੇ ਹਾਂ। ਮਹਾਰਾਜ ਕਹਿੰਦੇ ਕਿ ਉਹ ਆਏ ਨੇ ਦਿੱਲੀ ਤੋਂ। ਕਹਿਣ ਲੱਗੇ, ਮਹਾਰਾਜ! ਆਪ ਸਮਰੱਥ ਓਂ।

ਹੇ ਪ੍ਰਭੂ! ਇਹ ਤਾਂ ਤੁਹਾਡੀ ਖੇਲ੍ਹ ਹੈ ਜੇ ਤੁਹਾਡੇ ਮਨ ਵਿੱਚ ਇੱਕ ਫੁਰਨਾ ਆ ਜਾਵੇ ਤਾਂ ਆਹ ਸਾਰੀ ਫੌਜ ਹੁਣੇ ਹੀ ਸੌਂ ਜਾਏਗੀ। ਤੁਸੀਂ ਖੇਲ੍ਹ ਰਹੇ ਓਂ। ਇਹ ਕੋਈ ਯੁੱਧ ਨਹੀਂ ਕਰ ਰਹੇ ਇਹ ਸਾਨੂੰ ਕੋਈ ਸਬਕ ਦੇ ਰਹੇ ਓਂ ਤੁਸੀਂ। ਇਹਦੇ ਵਿੱਚ ਅਸੀਂ ਕੋਈ ਗੱਲ ਨਹੀਂ ਕਹਿ ਸਕਦੇ।

*ਹਮ ਅਲਪੱਗ ਕਹਾਂ ਗਤਿ ਜਾਨਉਂ,*
*ਭੂਤ ਭਵਿਖ ਉਰਿਧਾਰੋ।*

ਤੁਸੀਂ ਕੱਲ੍ਹ ਵਾਸਤੇ ਕਿਹੜੀ ਗੱਲ ਕਰ ਰਹੇ ਓਂ ਤੇ ਹੁਣ ਤੁਸੀਂ ਕਿਹੜੀ ਗੱਲ ਕਰ ਰਹੇ ਓਂ ਪਾਤਸ਼ਾਹ! ਅਸੀਂ ਨਹੀਂ ਕੁਛ ਵੀ ਕਹਿ ਸਕਦੇ, ਚਿੱਤ ਇੱਥੇ ਖੜ੍ਹਦਾ ਹੈ ਸਾਧਸੰਗਤ ਜੀ। ਸਿੱਖ ਗੁਰੂ ਦੇ ਵਿੱਚ ਪੂਰੀ ਤਰ੍ਹਾਂ ਲੀਨ ਹੋਇਆ ਹੁੰਦਾ ਹੈ ਉਹਦੀ ਮਰਜ਼ੀ ਦੇ ਅੰਦਰ। ਕਿਉਂਕਿ ਗੁਰੂ ਸਮਰੱਥ ਹੈ, ਵਾਹਿਗੁਰੂ ਦਾ ਤੇ ਗੁਰੂ ਦਾ ਕੋਈ ਫਰਕ ਨਹੀਂ ਹੁੰਦਾ।

*ਧਾਰਨਾ – ਗੁਰੂ ਗੋਬਿੰਦ ਗੋਬਿੰਦ ਗੁਰੂ ਹੈ,*
*ਨਾਨਕ ਭੇਦ ਨਾ ਭਾਈ।*
*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ ॥ ਅੰਗ – ੪੪੨*

ਪਾਤਸ਼ਾਹ! ਅਸੀਂ ਤਾਂ ਅਲਪੱਗ ਜੀਵ ਹਾਂ। ਸਾਡੀ ਜੀਵ ਬੁੱਧੀ ਹੈ ਅਸੀਂ ਨਹੀਂ ਜਾਣਦੇ। ਪਰ ਤੁਸੀਂ ਤਾਂ ਭਾਣੇ ਦੇ ਮਾਲਕ ਹੋਂ। ਤੁਹਾਡੇ ਵਿੱਚ ਤੇ ਨਿਰੰਕਾਰ ਦੇ ਵਿੱਚ ਕੋਈ ਵੀ ਫਰਕ ਨਹੀਂ ਹੈ ਪਾਤਸ਼ਾਹ, ਅਸੀਂ ਕੀ ਸਲਾਹ ਦੇ ਸਕਦੇ ਹਾਂ? ਜਿਵੇਂ ਤੁਸੀਂ ਪੁਤਲੀਆਂ ਨੂੰ ਨਚਾ ਸਕਦੇ ਓਂ, ਨਚਾਵੋ। ਉਸ ਵੇਲੇ ਮਹਾਰਾਜ ਕਹਿਣ ਲੱਗੇ ਕਿ ਪਿਆਰਿਓ! ਇਹ ਬੰਦਾ ਕੌਣ ਆਉਂਦਾ ਹੈ? ਨੇੜੇ ਆ ਗਿਆ। ਇੱਥੇ ਇਤਿਹਾਸ ਦੇ ਵਿੱਚ ਕਈ ਗੱਲਾਂ ਬਣਾ ਕੇ ਲਿਖੀਆਂ ਹੋਈਆਂ ਨੇ, ਦੂਜਾ ਕੁਛ ਲਿਖਦਾ ਹੈ, ਤੀਜਾ ਕੁਛ ਲਿਖਦਾ ਹੈ। ਨੇੜੇ ਆ ਗਿਆ, ਨਮਸ਼ਕਾਰ ਕਰੀ ਕਹਿਣ ਲੱਗਿਆ, ਪਾਤਸ਼ਾਹ! ਤੁਸੀਂ ਜਦ ਪਹਿਲਾਂ ਆਏ ਸੀ ਜਦ ਵੀ ਚਮਕੌਰ ਦੇ ਵਿੱਚ ਮੇਰੇ ਘਰ ਚਰਨ ਪਾਏ ਸੀ। ਹੁਣ ਕ੍ਰਿਪਾ ਕਰੋ ਜਿਹੋ ਜਿਹਾ ਹੈ ਟੁੱਟਿਆ ਫੁੱਟਿਆ ਮੇਰਾ ਘਰ ਆਹ ਜਿਹੜੀ ਉਚੀ ਹਵੇਲੀ ਹੇ ਕਿਲ੍ਹੇ ਵਰਗੀ ਇਹਦੇ ਵਿੱਚ ਆਪ ਚਰਨ ਪਾਓ।

ਕਈ ਇਸ ਤਰ੍ਹਾਂ ਕਹਿੰਦੇ ਹਨ ਕਿ ਇੱਥੇ ਦੋ ਭਰਾ ਸੀ ਇੱਕ ਨੇ ਜਵਾਬ ਦੇ ਦਿੱਤਾ, ਦੂਜੇ ਨੇ ਹਾਂ ਕਰ ਦਿੱਤੀ। ਚਲੋ, ਕਿਵੇਂ ਵੀ ਹੋਇਆ, ਗੁਰੂ ਮਹਾਰਾਜ ਜੀ ਨੇ ਛੋਟੀ ਜਿਹੀ ਗੜ੍ਹੀ ਦੇ ਵਿੱਚ ਚਰਨ ਪਾਏ, ਉਸ ਤੋਂ ਬਾਅਦ ਉਨ੍ਹਾਂ ਨੇ ਵਿਉਂਤਬੰਦੀ ਕਰ ਲਈ। ਅੱਠ-ਅੱਠ ਸਿੰਘ ਇੱਕ-ਇੱਕ ਬਾਹੀ ਦੇ ਉੱਤੇ ਲਾ ਦਿੱਤੇ। ਦੋ ਦਰਵਾਜ਼ੇ ਦੇ ਅੱਗੇ ਖੜ੍ਹਾ ਦਿੱਤੇ। ਕੁਛ ਆਪਣੇ ਕੋਲ ਭਾਈ ਦਇਆ ਸਿੰਘ ਵਰਗੇ ਕੋਲ ਰੱਖ ਲਏ। ਆਪ ਉੱਚੀ ਅਟਾਰੀ ਦੇ ਉੱਤੇ ਬੈਠ ਜਾਂਦੇ ਨੇ। ਸਵੇਰ ਹੋ ਆਈ, ਐਨੇ ਨੂੰ ਬੇਅੰਤ ਮੁਲਖਈਆਂ ਆ ਗਿਆ, ਚਾਰੇ ਪਾਸੇ ਜਿੱਧਰ ਵੀ ਦੇਖਦੇ ਨੇ ਕਾਲੇ ਹੀ ਕਾਲੇ ਕੱਪੜੇ ਨੇ, ਆ ਕੇ ਘਿਰ ਗਿਆ, ਚਾਰੋਂ ਪਾਸੇ ਤੋਂ ਘੇਰ ਲਿਆ। ਇਤਿਹਾਸ ਵਿੱਚ ਇੱਥੇ ਆਉਂਦਾ ਹੈ ਕਿ ਮਹਾਰਾਜ ਜੀ ਨੇ ਇੱਕ ਬਾਣ ਮਾਰਿਆ ਦੱਸ ਹਜ਼ਾਰ ਫੌਜ ਇੱਕ ਬਾਣ ਨਾਲ ਖਤਮ ਕਰ ਦਿੱਤਾ। ਹੁਣ ਤੁਸੀਂ ਮੰਨ ਲਓ, ਕਿਉਂਕਿ ਮਹਾਰਾਜ ਤਾਂ ਇੱਕ ਲੀਲਾ ਕਰ ਰਹੇ ਸੀ, ਕੀ ਇਹ ਗੱਲਾਂ ਸੀ ਮਹਾਰਾਜ ਦੇ ਸਾਮ੍ਹਣੇ। ਗੁਰੂ ਨਾਨਕ ਪਾਤਸ਼ਾਹ ਬਗਦਾਦ ਜਾਂਦੇ ਨੇ, ਬਗਦਾਦ ਗਏ ਤਾਂ ਮਹਾਰਾਜ ਜੀ ਇਸ਼ਨਾਨ ਕਰਕੇ ਉੱਥੇ ਹੀ ਬੈਠ ਗਏ। ਨਾਲ ਮਰਦਾਨਾ ਵੀ ਹੈ, ਜਪੁਜੀ ਸਾਹਿਬ ਪੜ੍ਹਿਆ ਜਾ ਰਿਹਾ ਹੈ ਤੇ ਉਥੇ ਆ ਗਿਆ-

*ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥*
*ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥*
*ਸਹਸ ਅਠਾਰਹ ਕਹਨਿ ਕਤੇਬਾ*
*ਅਸੁਲੂ ਇਕੁ ਧਾਤੁ ॥*
*ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥*
*ਅੰਗ – ੫*

ਉਹ ਹਿੰਦੋਸਤਾਨ ਤੋਂ ਗਿਆ ਹੋਇਆ ਸੀ, ਮਤਲਬ ਸਮਝ ਗਿਆ। ਕਹਿਣ ਲੱਗਿਆ, ਬਗਦਾਦ? ਇੱਥੇ ਕੁਫਰ ਦੀ ਗੱਲ ਹੋ ਜਾਵੇ। ਜਿਸ ਤਰ੍ਹਾਂ ਅਕਾਲ ਤਖਤ ਅਸੀਂ ਸਹਿ ਨਹੀਂ ਸਕਦੇ ਕੋਈ ਗੱਲ? ਇਵੇਂ ਜਿਵੇਂ ਬਗਦਾਦ ਦਾ ਹਾਲ ਸੀ। ਬਗਦਾਦ ਬੀਜ ਸੀ ਇਸਲਾਮ ਦਾ। ਜਿਥੋਂ ਫਤਵੇ ਜ਼ਾਰੀ ਹੋਇਆ ਕਰਦੇ ਸੀ। ਚਲਿਆ ਗਿਆ ਜਾ ਕੇ ਦਸਤਗੀਰ ਪੀਰ ਸੀ, ਜਾ ਕੇ ਕਹਿਣ ਲੱਗਿਆ, ਪੀਰ ਜੀ! ਗਜਬ ਹੋ ਗਿਆ। ਕਹਿੰਦੇ ਕੀ ਹੋ ਗਿਆ? ਕਹਿੰਦੇ, ਸ਼ਰਾ ਦੀਆਂ ਧੱਜੀਆਂ ਉਡਾ ਦਿੱਤੀਆਂ, ਇੱਕ ਭਾਰਤ ਵਰਸ਼ ਤੋਂ ਆਇਆ ਹੋਇਆ ਹੈ। ਪਤਾ ਨਹੀਂ ਲਗਦਾ ਕਿ ਹਿੰਦੂ ਹੈ ਜਾਂ ਕੌਣ ਹੈ। ਮੈਨੂੰ ਤਾਂ ਹਿੰਦੂ ਲਗਦਾ ਹੈ। ਵਸਤਰ ਆਪਣੇ ਵਰਗੇ ਹੀ ਪਾਏ ਹੋਏ ਨੇ, ਹਰੇ ਵਸਤਰ ਪਹਿਨੇ ਹੋਏ ਨੇ। ਆਸਣ ਵੀ ਉਹਦੇ ਕੋਲ, ਪਤਾ ਨਹੀਂ ਲਗਦਾ ਕਿ ਉਹ ਕੌਣ ਹੈ। ਲੇਕਿਨ ਜਿਹੜਾ ਕੁਛ ਉਹ ਕਹਿੰਦਾ ਹੈ ਉਹ ਮੈਂ ਦਸਦਾ ਹਾਂ ਇੱਕ ਤਾਂ ਉਹ ਰਬਾਬ ਵਜਾ ਰਿਹਾ ਹੈ, ਇੱਥੇ ਮਨ੍ਹਾ ਹੈ ਰਬਾਬ ਕੋਈ ਵਜਾ ਨਹੀਂ ਸਕਦਾ। ਕੋਈ ਵੀ ਸਾਜ ਨਹੀਂ ਵਜਾ ਸਕਦਾ। ਦੂਸਰਾ ਪੀਰ ਜੀ! ਝੂਠ ਬੋਲਦਾ ਹੈ ਕਿ ਲੱਖਾਂ ਹੀ ਪਾਤਾਲ, ਲੱਖਾਂ ਹੀ ਆਕਾਸ ਨੇ। ਮੈਂ ਉਹਦੇ ਚੇਲੇ ਨੂੰ ਪੁਛਿਆ ਸੀ, ਉਹ ਕਹਿੰਦਾ ਕਿ ਇਹ ਸਾਡੇ ਗੁਰੂ ਨੇ ਜੋ ਕੁਛ ਇਨ੍ਹਾਂ ਨੇ ਦੇਖਿਆ ਹੈ, ਓਹੀ ਬਾਤ ਕਹਿ ਰਹੇ ਨੇ। ਗੱਲ ਸੁਣ ਕੇ ਪੀਰ ਨੂੰ ਗੁੱਸਾ ਆ ਗਿਆ, ਇਹ ਤਾਂ ਨਹੀਂ ਕਿ ਮੈਂ ਚੱਲਾਂਗਾ, ਚੱਲ ਕੇ ਪੁੱਛਾਂ। ਇਹ ਜਿਹੜੇ ਤਮੋ ਗੁਣੀ ਸ਼ਕਤੀਆਂ 'ਚ ਵਧ ਜਾਂਦੇ ਨੇ ਉਨ੍ਹਾਂ ਨੂੰ ਗੁੱਸਾ ਬਹੁਤ ਛੇਤੀ ਆਇਆ ਕਰਦਾ ਸੀ। ਸਰਾਪ ਜ਼ਿਆਦਾ ਦਿੰਦੇ ਸੀ ਵਰ ਘੱਟ। ਹੁਣ ਵਲੀ ਕੰਧਾਰੀ ਨੂੰ ਕਿੰਨਾ ਗੁੱਸਾ ਆਇਆ, ਦੋ ਵਾਰੀ ਮਰਦਾਨਾ ਗਿਆ, ਤੀਸਰੀ ਵਾਰੀ ਗਿਆ, ਤਾਂ ਗੁਰੂ ਮਹਾਰਾਜ ਜੇ ਕਿਹਾ ਕਿ ਲੈ ਮਰਦਾਨਿਆਂ! ਤੈਨੂੰ ਪਾਣੀ ਇੱਥੇ ਹੀ ਪਿਲਾ ਦਿੰਦੇ ਹਾਂ, ਆਹ ਪੱਥਰ ਚੁੱਕ। ਉਪਰਲਾ ਪਾਣੀ ਖਤਮ ਹੋ ਗਿਆ, ਪਾਣੀ ਹੇਠਾਂ ਆ ਗਿਆ। ਉਹ ਸਹਿ ਨਾ ਸਕਿਆ, ਉਹਨੇ ਵੱਡਾ ਪੱਥਰ ਰੋੜ੍ਹ ਦਿੱਤਾ ਗੁਰੂ ਨਾਨਕ ਸਾਹਿਬ ਦੇ ਉਪਰ। ਹੁਣ ਤੱਕ ਖੜ੍ਹਾ ਹੈ ਉਥੇ, ਪੰਜਾ ਸਾਹਿਬ। ਐਉਂ ਨਹੀਂ ਸੀ ਕਿ ਗੁਰੂਆਂ 'ਚ ਸ਼ਕਤੀਆਂ ਨਹੀਂ ਸੀ ਉਹ ਤਾਂ ਇੱਕ ਅਧਿਆਪਕ ਵਾਂਗੂੰ ਦੱਸਣ ਆਏ ਸੀ, ਉਹ ਇੱਕ ਨਾਟਕ ਕਰ ਰਹੇ ਸੀ, ਮਹਾਰਾਜ ਨੇ ਆਪਣੇ ਜੀਵਨ ਨੂੰ ਇਕ ਨਾਟਕ ਕਿਹਾ ਹੈ।

*ਮੈ ਹੋ ਪਰਮ ਪੁਰਖ ਕੋ ਦਾਸਾ।*
*ਦੇਖਨ ਆਯੋ ਜਗਤ ਤਮਾਸਾ।*
*ਅਕਾਲ ਪੁਰਖ ਬਾਚ॥ ਚੌਪਈ॥*

ਮੈਂ ਇਹਦੇ ਵਿੱਚ ਨਾਟ ਕਰਨਾ ਹੈ, ਸ਼ਕਤੀਆਂ ਦਿਖਾਉਣ ਨਹੀਂ ਆਇਆ। ਮੈਂ ਤੁਹਾਨੂੰ ਟੁਕੜੇ-ਟੁਕੜੇ ਹੋਇਆਂ ਨੂੰ ਚੁੱਕ ਕੇ ਉਪਰ ਖੜ੍ਹੇ ਕਰਨਾ ਹੈ। ਜੇ ਮੈਂ ਸ਼ਕਤੀਆਂ ਦਿਖਾਉਂਦਾ ਹਾਂ ਤੁਸੀਂ ਕਹੋਂਗੇ ਕਿ ਉਹ ਤਾਂ ਸ਼ਕਤੀਆਂ ਦਿਖਾ ਕੇ ਨਿਕਲ ਗਏ, ਸਾਡੇ ਵਿੱਚ ਸ਼ਕਤੀ ਹੈ ਨਹੀਂ। ਤੁਹਾਡੀ 'ਚ ਬਹਾਦਰੀ ਕਿਵੇਂ ਆਏਗੀ?

ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਦੇ ਵਿਰੁੱਧ ਫਤਵਾ ਦੇ ਦਿੱਤਾ ਸਾਰੇ ਸ਼ਹਿਰ ਕਹਿ ਦਿੱਤਾ ਕਿ ਇੱਕ ਕਾਫਰ ਆਇਆ ਹੈ ਵੱਡਾ। ਸਾਰਾ ਸ਼ਹਿਰ ਇੱਕ-ਇੱਕ ਵੱਟਾ ਹੱਥ ਵਿੱਚ ਲੈ ਕੇ, ਸੰਗਸਾਰ ਕਰੋ, ਸਜ਼ਾ ਹੁੰਦੀ ਸੀ ਉਨ੍ਹਾਂ ਦਿਨਾਂ 'ਚ। ਐਨੇ ਵੱਟੇ ਮਾਰਨੇ ਕਿ ਉਹ ਵੱਟਿਆਂ ਦੇ ਭਾਰ ਥੱਲੇ ਆ ਕੇ ਹੀ ਮਰ ਜਾਂਦਾ ਸੀ। ਢੇਰ ਲਗ ਜਾਂਦਾ ਸੀ ਵੱਡਾ ਸਾਰਾ। ਸਾਰਾ ਸ਼ਹਿਰ ਆ ਗਿਆ। ਇੱਕ ਤੋਂ ਅੱਗੇ ਦੂਜਾ ਆਉਂਦਾ ਹੈ ਕਿ ਮੈਂ ਛੇਤੀ ਜਾ ਕੇ ਮਾਰਾਂ, ਦੂਜਾ ਕਹਿੰਦਾ ਹੈ ਕਿ ਮੈਂ ਛੇਤੀ ਜਾ ਕੇ ਮਾਰਾਂ। ਮਰਦਾਨਾ ਕਹਿਣ ਲੱਗਿਆ ਕਿ ਸੱਚੇ ਪਾਤਸ਼ਾਹ! ਇਨ੍ਹਾਂ ਦੀ ਨਿਯਤ ਸਾਫ ਨਹੀਂ ਨਜ਼ਰ ਆ ਰਹੀ, ਦੇਖੋ ਕਿਵੇਂ ਕਾਹਲੀ ਨਾਲ ਵੱਟੇ ਹੱਥਾਂ ਵਿੱਚ ਨੇ। ਆਪ ਕਹਿਣ ਲੱਗੇ, ਮਰਦਾਨਿਆਂ! ਤੂੰ ਕਰਤਾਰ ਦੇ ਰੰਗ ਦੇਖ। ਕੋਈ ਗੱਲ ਨਹੀਂ। ਜਦ ਨੇੜੇ ਆਏ ਗੁਰੂ ਮਹਾਰਾਜ ਨੇ 'ਸਤਿ ਸ੍ਰੀ ਅਕਾਲ ਗੁਰਬਰ ਅਕਾਲ' ਉੱਚੀ ਅਵਾਜ਼ ਵਿੱਚ ਕਹਿ ਦਿੱਤਾ, ਜਿੱਥੇ ਤੱਕ ਉਹਦੀ ਆਵਾਜ਼ ਗਈ, ਸਾਰਾ ਸੁੰਨ-ਮੁੰਨ ਹੋ ਗਿਆ, ਜੜ ਹੋ ਗਿਆ ਸਭ ਕੁਛ। ਜਿੱਥੇ ਖੜ੍ਹੇ ਨੇ ਉਥੇ ਹੀ ਖੜ੍ਹੇ ਨੇ, ਜਿਹਨੇ ਬਾਂਹ ਉਪਰ ਚੁੱਕ ਲਈ ਉਹਦੀ ਬਾਂਹ ਖੜ੍ਹੀ ਹੈ, ਜਿਹਨੇ ਪੈਰ ਅਜੇ ਦੂਜਾ ਪੈਰ ਧਰਨਾ ਸੀ ਉਥੇ ਹੀ ਜੜ ਹੋਇਆ ਉਤੇ ਚੁੱਕੀਂ ਖੜ੍ਹਾ ਹੈ। ਸਾਰਾ ਸ਼ਹਿਰ ਜੜ ਕਰ ਦਿੱਤਾ। ਮਹਾਰਾਜ ਨੇ ਪੀਰ ਨੂੰ ਛੱਡ ਦਿੱਤਾ। ਉਸ ਵਕਤ ਪੀਰ ਦਸਤਗੀਰ ਦੁਨੀਆਂ ਵਿੱਚ ਸਭ ਤੋਂ ਵੱਡਾ ਪੀਰ, ਨਾਲ ਸ਼ਕਤੀਆਂ ਦਾ ਭੰਡਾਰਾ; ਉਹਦਾ ਮੁਕਾਬਲਾ ਕੋਈ ਕਰ ਨਹੀਂ ਸੀ ਸਕਿਆ ਕਰਦਾ। ਬੜਾ ਹੀ ਅਭਿਮਾਨ ਸੀ ਉਹਨੂੰ ਆਪਣੀਆਂ ਸ਼ਕਤੀਆਂ ਉਪਰ। ਹੁਣ ਉਹ ਕੀ ਕਰਦਾ, ਆਪਣਾ ਜ਼ੋਰ ਲਾ ਰਿਹਾ ਹੈ ਕਿ ਜੜ੍ਹਤਾ ਖੋਲ੍ਹ ਦੇਵਾਂ। ਇੱਕ ਦੀ ਵੀ ਜੜ੍ਹਤਾ ਨਾ ਖੋਲ੍ਹ ਸਕਿਆ। ਅਖੀਰ ਉਹਨੇ ਕਿਹਾ ਕਿ ਵਾਕਏ ਹੀ ਇਹਦਾ ਮੁਕਾਬਲਾ ਮੈਂ ਨਹੀਂ ਕਰ ਸਕਦਾ, ਇਹ ਤਾਂ ਕੋਈ ਵਲੀ ਪੁਰਸ਼ ਹੈ, ਉਸ ਵੇਲੇ ਜਾ ਕੇ ਸਿਜਦਾ ਕਰਿਆ। ਕਹਿਣ ਲੱਗਿਆ, ਹੇ ਨਾਨਕ! ਇਨ੍ਹਾਂ ਨੂੰ ਸੁਰਜੀਤੀ ਦੇਹ। ਮਹਾਰਾਜ ਕਹਿੰਦੇ, ਇਹ ਬਿਨਾਂ ਮਤਲਬ ਦੇ ਹੀ ਵੱਟੇ ਮਾਰਨ ਆ ਗਏ, ਅਸੀਂ ਕੋਈ ਕਸੂਰ ਕਰਿਆ ਹੈ? ਅਸੀਂ ਸੱਚ ਬੋਲੇ ਹਾਂ। ਜਿਹਦਾ ਅੰਤ ਹੀ ਨਹੀਂ ਹੈ, ਕੋਈ ਜਾਣਦਾ ਹੀ ਨਹੀਂ ਹੈ, ਉਹਦੇ ਬਾਰੇ ਤੁਸੀਂ ਅੰਦਾਜ਼ਾ ਲਾਈਂ ਬੈਠੇ ਓਂ ਕਿ ਸੱਤ ਆਕਾਸ਼ ਤੇ ਸੱਤ ਪਾਤਾਲ ਨੇ। ਉਹ ਤਾਂ ਕੋਈ ਨਹੀਂ ਜਾਣਦਾ। ਐਉਂ ਪੜ੍ਹ ਲਓ -

***ਧਾਰਨਾਂ - ਵਾਹਿਗੁਰੂ! ਮਹਿਮਾ ਨਾ ਤੇਰੀ ਕੋਈ ਜਾਣਦਾ, ਤੇਰਾ ਬ੍ਰਹਮਾ ਨੇ ਅੰਤ ਨਾ ਪਾਇਆ॥***

***ਮਹਿਮਾ ਨ ਜਾਨਹਿ ਬੇਦ ॥***
***ਬ੍ਰਹਮੇ ਨਹੀ ਜਾਨਹਿ ਭੇਦ ॥***
***ਅਵਤਾਰ ਨ ਜਾਨਹਿ ਅੰਤੁ ॥***
***ਪਰਮੇਸਰੁ ਪਾਰਬ੍ਰਹਮ ਬੇਅੰਤੁ ॥ ੧ ॥***
***ਅਪਨੀ ਗਤਿ ਆਪਿ ਜਾਨੈ ॥***
***ਸੁਣਿ ਸੁਣਿ ਅਵਰ ਵਖਾਨੈ ॥ ੧ ॥ ਰਹਾਉ ॥ ਸੰਕਰਾ ਨਹੀ ਜਾਨਹਿ ਭੇਵ ॥***
***ਖੋਜਤ ਹਾਰੇ ਦੇਵ ॥***
***ਦੇਵੀਆ ਨਹੀ ਜਾਨੈ ਮਰਮ ॥***
***ਸਭ ਊਪਰਿ ਅਲਖ ਪਾਰਬ੍ਰਹਮ ॥ ਅੰਗ - ੮੯੪***

ਕਹਿੰਦੀ ਪੀਰ ਜੀ, ਉਸ ਵਾਹਿਗੁਰੂ ਨੂੰ ਤੁਸੀਂ ਹੱਦਬੰਦੀ ਦੇ ਵਿੱਚ ਲਿਆਉਂਦੇ ਓਂ। ਉਹ ਤਾਂ ਬੇਅੰਤ ਹੈ ਜਿਸਦਾ ਕੋਈ ਅੰਤ ਨਹੀਂ ਪਾ ਸਕਦਾ। ਉਹਦੀ ਕਿਰਤ ਦੀ ਗਿਣਤੀ ਕਰਦੇ ਓਂ, ਕੌਣ ਕਰ ਲਏਗਾ ਕਿ ਕਿੰਨੇ ਖੰਡ ਬ੍ਰਹਿਮੰਡ ਨੇ, ਇਹਦਾ ਤਾਂ ਅੰਤ ਹੀ ਨਹੀਂ ਹੈ, ਅੱਗੇ ਹੋਰ-ਅੱਗੇ ਹੋਰ। ਤੁਸੀਂ ਗਿਣਤੀਆਂ-ਮਿਣਤੀਆਂ 'ਚ ਲਿਆਂਦਾ ਰੱਬ ਨੂੰ ਇਹੀ ਮੈਂ ਤੁਹਾਨੂੰ ਦੱਸਣ ਤੁਹਾਨੂੰ ਆਇਆ, ਬਾਕੀ ਜਿਹੜਾ ਤੁਸੀਂ ਕਹਿੰਦੇ ਓਂ ਸਰੋਦ, ਇਹ ਆਤਮਾ ਦੀ ਖੁਰਾਕ ਹੈ। ਜਿਸ ਵਕਤ ਅੱਲਾਹ ਤਾਲਾ ਨੇ ਮਨੁੱਖ ਦਾ ਜੁੱਸਾ ਬਣਾਇਆ ਇਹਦੇ ਵਿੱਚ ਰੂਹ ਨੂੰ ਦਾਖਲ ਕਰਿਆ। ਰੂਹ ਰਹੀ ਨਾ, ਕਹਿਣ ਲੱਗੀ ਕਿ ਉਥੇ ਤਾਂ ਸੁੰਨ-ਮੁੰਨ ਹੈ ਜਿੱਥੇ ਮੈਨੂੰ ਤੁਸੀਂ ਵਾੜ ਦਿੱਤਾ। ਕਹਿੰਦੇ, ਅਸੀਂ ਕਿਹਾ ਕਿ ਹੁਣ ਚੱਲ, ਅਨਹਦ ਸ਼ਬਦ ਉਥੇ ਸੁਣਾਈ ਦੇਣਗੇ। ਬੜੀ ਦੇਰ ਸੁਣੇ, ਫੇਰ ਬਾਹਰ ਨਿਕਲ ਆਈ, ਕਹਿੰਦੀ ਮਹਾਰਾਜ! ਉਥੇ ਤਾਂ ਹਨ੍ਹੇਰਾ ਪਿਆ ਹੈ। ਕਹਿੰਦੇ, ਅਸੀਂ ਆਪਣੀ ਦਰਗਾਹ ਦੀ ਰੋਸ਼ਨੀ ਉਥੇ ਕਰ ਦਿੱਤੀ।

***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥***
***ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥***
***ਅੰਗ - ੯੫੪***

ਰੋਸ਼ਨੀ ਕਰ ਦਿੱਤੀ, ਕਹਿੰਦੇ ਰੂਹ ਤਾਂ ਟਿਕੀ ਸੀ ਜੇ ਸਰੋਦ ਪੈਦਾ ਹੋਈ ਅੰਦਰ, ਧੁਨ ਪੈਦਾ ਹੋਈ। ਇਹਨੂੰ ਵੀ ਤੁਸੀਂ ਬੁਰਾ ਸਮਝਦੇ ਓਂ। ਮਤਲਬ ਮੇਰਾ ਇਹ ਹੈ ਕਿ ਗੁਰੂ ਨਾਨਕ ਸਾਹਿਬ 'ਤੇ ਸਾਰਾ ਹੀ ਸ਼ਹਿਰ ਆਇਆ, ਪਰ ਆਪ ਨੇ ਇੱਕ ਦ੍ਰਿਸ਼ਟੀ ਨਾਲ ਸਾਰਾ ਹੀ ਸ਼ਹਿਰ ਜੜ੍ਹ ਬਣਾ ਦਿੱਤਾ।

ਗੁਰੂ ਦਸਵੇਂ ਪਾਤਸ਼ਾਹ ਕੋਲ ਇਹ ਕੰਮ ਨਹੀਂ ਸੀ, ਉਨ੍ਹਾਂ ਦੇ ਜ਼ਿੰਮੇ ਇਹ ਕੰਮ ਹੈ ਹੀ ਨਹੀਂ ਸੀ, ਨਵਾਂ ਨਾਟਕ, ਨਵੇਂ ਤਰੀਕੇ ਇਨ੍ਹਾਂ ਨੇ ਸਾਨੂੰ ਮੁਰਦਿਆਂ ਨੂੰ ਜੀਉਂਦੇ ਕਰਨਾ ਸੀ, ਪੈਰਾਂ 'ਤੇ ਖੜ੍ਹੇ ਕਰਨਾ ਸੀ, ਅਰ ਦਿਖਾਉਣਾ ਸੀ -

***'ਸਵਾ ਲਾਖ 'ਤੇ ਏਕ ਲੜਾਊਂ,***
***ਚਿੜੀਆ ਪਾਸੋਂ ਬਾਜ਼ ਤੁੜਾਊਂ,***
***ਤਬੈ ਗੋਬਿੰਦ ਸਿੰਘ ਨਾਮ ਕਹਾਊਂ।***

ਮਨੁੱਖ ਦੇ ਅੰਦਰ ਮੈਂ ਐਨੀ ਦਲੇਰੀ, ਐਨੀ ਨਿਰਭੈਤਾ ਪੈਦਾ ਕਰ ਦੇਣੀ ਹੈ, ਜਿਹੜਾ ਨਿਰਭਉ ਨੂੰ ਧਿਆਉਂਦਾ ਹੈ, ਉਹਦਾ ਭੈ ਖਤਮ ਹੋ ਜਾਏ।

***ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥***
***ਅੰਗ - ੧੪੨੭***

ਨਾ ਕਿਸੇ ਨੂੰ ਭੈ ਦੇਣਾ ਹੈ, ਨਾ ਕਿਸੇ ਦਾ ਭੈ ਮੰਨਣਾ ਹੈ, ਸੱਚ ਦੇ ਉਤੇ ਰਹਿਣਾ ਹੈ -

***ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ ॥***
***ਅੰਗ - ੮੪***

ਉਹ ਨਾਟਕ ਹੀ ਅਜੀਬ ਸੀ ਉਨ੍ਹਾਂ ਨੇ ਮਨੁੱਖਾਂ ਵਾਂਗੂੰ

ਨਾਟਕ ਕਰਿਆ। ਇਤਿਹਾਸ 'ਚ ਆਉਂਦਾ ਹੈ ਕਿ ਇੱਕ ਬਾਣ ਮਾਰਿਆ ਮਹਾਰਾਜ ਨੇ ਦੱਸ ਹਜ਼ਾਰ ਬੰਦਾ ਗਿਰ ਗਿਆ ਉਥੇ ਹੀ। ਇੱਕ ਮਾਰ ਲਿਆ ਫੇਰ ਪੰਜ ਸੱਤ ਹੋਰ ਚਲਾ ਦਿੰਦੇ, ਫੇਰ ਖਹਿੜਾ ਹੀ ਛੁੱਟਦਾ। ਨਹੀਂ ਉਹ ਇੱਕ ਬੜੀ ਭਾਂਰੀ ਚੀਜ਼ ਹੋ ਰਹੀ ਸੀ। ਮਾਤਾ ਜੀਤੋ ਜੀ ਜਦੋਂ ਭਜਨ ਕਰਦੇ ਨੇ, ਅੰਮ੍ਰਿਤ ਵੇਲੇ ਉਨ੍ਹਾਂ ਨੇ ਵੀਜ਼ਨ ਦੇਖੇ, ਮਹਾਰਾਜ ਜੀ ਕੋਲ ਉਠ ਕੇ ਆ ਗਏ। ਦੁਬਾਰਾ ਬਿਰਤੀ ਨਾ ਲੱਗੀ। ਮਹਾਰਾਜ ਜੀ ਕਹਿੰਦੇ ਕੀ ਗੱਲ, ਤੁਸੀਂ ਅੱਜ ਜਲਦੀ ਆ ਗਏ? ਕਹਿਣ ਲੱਗੇ ਕਿ ਮਹਾਰਾਜ ਮੈਂ ਦੇਖਦੀ ਹਾਂ ਕਿ ਅਨੰਦਪੁਰ ਸਾਹਿਬ ਨੂੰ ਘੇਰਾ ਪਿਆ ਹੋਇਆ ਹੈ, ਸਿੰਘਾਂ ਦਾ ਨੁਕਸਾਨ ਹੋ ਗਿਆ। ਛੱਡਣਾ ਪੈ ਗਿਆ, ਮਾਤਾ ਵੱਡੇ ਸਰਸੇ 'ਤੇ ਵਿਛੜ ਗਏ। ਛੋਟੇ ਸਾਹਿਬਜ਼ਾਦਿਆਂ ਦਾ ਆਹ ਹੋਇਆ, ਵੱਡੇ ਸਾਹਿਬਜ਼ਾਦਿਆਂ ਦਾ ਚਮਕੌਰ ਦੇ ਅੰਦਰ ਆਹ ਹੋਇਆ, ਮੈਨੂੰ ਕ੍ਰਿਪਾ ਕਰਕੇ ਦੱਸੋ ਕਿ ਇਹ ਸਭ ਕੁਛ ਏਸੇ ਤਰ੍ਹਾਂ ਹੋਏਗਾ? ਮਹਾਰਾਜ ਕਹਿੰਦੇ, ਹਾਂ ਇਸੇ ਤਰ੍ਹਾਂ ਹੋਏਗਾ। ਕਹਿਣ ਲੱਗੇ ਕਿ ਪਾਤਸ਼ਾਹ! ਟਾਲ ਦਿਓ। ਕਹਿੰਦੇ, ਟਾਲਣ 'ਤੇ ਕੀ ਹੋਏਗਾ, ਇਥੇ ਸੰਸਾਰ 'ਤੇ ਕੋਈ ਰਹਿੰਦਾ ਹੈ, ਅੱਜ ਤੱਕ ਕੋਈ ਰਿਹਾ ਹੈ? ਇਹ ਤਾਂ ਚਲੋ-ਚਲੀ ਦਾ ਡੇਰਾ ਹੈ, ਇਥੇ ਤਾਂ ਇੱਕ ਨਾਟਕ ਹੋ ਰਿਹਾ ਹੈ। ਆਪਣਾ-ਆਪਣਾ ਕਰਕੇ ਚਲੇ ਜਾਂਦੇ ਨੇ। ਕਹਿਣ ਲੱਗੇ, ਮੇਰੇ ਤੋਂ ਤਾਂ ਮਹਾਰਾਜ ਸਹਿ ਨਹੀਂ ਹੋਣਾ। ਕਹਿੰਦੇ, ਤੁਸੀਂ ਯੋਗੀ ਓਂ, ਦਸਵੇਂ ਦੁਆਰ 'ਚੋਂ ਪ੍ਰਾਣ ਕੱਢ ਲਓ। ਜਿਹੜੇ ਦਸਵੇਂ ਦੁਆਰ ਦੀ ਨਾੜੀ ਹੈ, ਰੁਦਰ ਨਾੜੀ ਉਹਨੂੰ ਕਹਿੰਦੇ ਨੇ, ਪਰੈਸ਼ਰ ਪਾਓ, ਤੁਸੀਂ ਜਾਣਦੇ ਓਂ ਚੰਗੇ ਭਲੇ। ਜਦੋਂ ਸਭ ਕੁਛ ਦੇਖ ਲਿਆ, ਉਵੇਂ ਜਿਵੇਂ ਸਭ ਕੁਛ ਹੋਣਾ ਹੀ ਹੋਣਾ ਸੀਗਾ। ਇਹ ਤਾਂ ਮਹਾਰਾਜ ਨੇ ਇੱਕ ਕੌਤਕ ਸਾਨੂੰ ਦਿਖਾਇਆ, ਉਹਦੇ ਵਿੱਚ ਸ਼ਕਤੀਆਂ ਦੀ ਗੱਲ ਨਹੀਂ ਆਉਂਦੀ ਹੈ। ਸ਼ਕਤੀ ਸਭ ਤੋਂ ਵੱਡੀ ਮਹਾਰਾਜ ਨੇ ਮੰਨੀ ਹੈ ਜੇ ਹਿਰਦੇ ਵਿੱਚ ਨਾਮ ਵਸ ਜਾਵੇ। ਇਸ ਤੋਂ ਵੱਡੀ ਦੁਨੀਆਂ ਵਿੱਚ ਕੋਈ ਸ਼ਕਤੀ ਨਹੀਂ ਹੈ। ਬਾਕੀ ਸ਼ਕਤੀਆਂ ਜਿਹੜੀਆਂ ਨੇ ਉਹਨੂੰ ਤਾਂ ਮਹਾਰਾਜ ਨੇ ਮੰਨਿਆ ਨਹੀਂ ਹੈ। ਉਹਦੇ ਬਾਰੇ ਤਾਂ ਐਸਾ ਫੁਰਮਾਨ ਆਉਂਦਾ ਹੈ -

***ਧਾਰਨਾ - ਨਾਟਕ ਚੇਟਕ ਕਕੀਏ ਕੁਕਾਜਾ।***
***ਪ੍ਰਭ ਲੋਗਨ ਕੋ ਆਵਤ ਲਾਜਾ।***

ਸ਼ਕਤੀ ਦਾ ਸਵਾਲ ਨਹੀਂ ਹੁੰਦਾ, ਮਹਾਰਾਜ ਦਾ ਕੌਣ ਮੁਕਾਬਲਾ ਕਰਦਾ ਜੇ ਸ਼ਕਤੀ ਦਿਖਾਉਂਦੇ, ਕੋਈ ਹੈ ਦੁਨੀਆਂ 'ਚ?ਉਸ ਵੇਲੇ ਮਹਾਰਾਜ ਜੀ ਗੜ੍ਹੀ ਦੇ ਅੰਦਰ ਚਲੇ ਜਾਂਦੇ ਨੇ, ਦੇਖਦੇ-ਦੇਖਦੇ ਘੇਰਾ ਪੈ ਗਿਆ। ਬਹੁਤ ਹੀ ਭਿਆਨਕ ਯੁੱਧ ਹੋਇਆ। ਗਿਣਤੀ-ਮਿਣਤੀ ਤੋਂ ਬਾਹਰ ਜਾਨਾਂ ਗਈਆਂ ਬਾਹਰਲਿਆਂ ਦੀਆਂ। ਹੌਲੀ-ਹੌਲੀ ਐਸੀ ਅਵਸਥਾ ਆ ਗਈ ਕਿ ਤੀਰ ਖਤਮ ਹੋ ਗਏ, ਹੱਥ ਨਾਲ ਚਲਾਉਣ ਵਾਲੇ ਹਥਿਆਰ ਹੀ ਰਹਿ ਗਏ, ਤਲਵਾਰ ਰਹਿ ਗਈ, ਬਰਛੇ ਰਹਿ ਗਏ, ਕਟਾਰਾਂ ਰਹਿ ਗਈਆਂ। ਉਸ ਵੇਲੇ ਮਹਾਰਾਜ ਜੀ ਦੇ ਹਜ਼ੂਰ ਭਾਈ ਮੁਹਕਮ ਸਿੰਘ ਜੀ ਆਉਂਦੇ ਨੇ, ਪੰਜ ਪਿਆਰਿਆਂ 'ਚੋਂ। ਕਹਿੰਦੇ, ਸੱਚੇ ਪਾਤਸ਼ਾਹ! ਆਹ ਗਲੀ ਵਿੱਚ ਵੱਢਦੇ ਆਉਂਦੇ ਨੇ, ਜੇ ਹੁਕਮ ਹੋਵੇ ਤਾਂ ਮੈਂ ਬਾਹਰ ਨਿਕਲ ਕੇ ਆਪਣਾ ਤਨ ਤੁਹਾਡੇ ਅਰਪਣ ਕਰਾਂ? ਮਹਾਰਾਜ ਜੀ ਕਹਿੰਦੇ ਸ਼ਾਬਾਸ਼! ਕਹਿੰਦੇ, ਭਾਈ ਮੋਹਕਮ ਸਿੰਘ! ਜਿਹੜਾ ਅਸੀਂ ਬਚਨ ਕਰਿਆ ਹੈ ਕਿ ਸਵਾ ਲਾਖ ਸੇ ਏਕ ਲੜਾਊਂ। ਇਹ ਤਾਂ ਬੇਅੰਤ ਨੇ ਲੱਖਾਂ ਹੀ ਨੇ, ਸ਼ਾਬਾਸ਼! ਤੁਸੀਂ ਜਾਓ। ਉਸ ਵੇਲੇ ਭਾਈ ਮੋਹਕਮ ਸਿੰਘ ਦਾ ਜੰਗ ਬਹੁਤ ਲਿਖਿਆ ਹੈ। ਉਨ੍ਹਾਂ ਨੇ ਕਹਿ ਦਿੱਤਾ ਕਿ ਇੱਕਲੇ ਨਾਲ ਇਕੱਲਾ ਲੜੋ। ਇਤਿਹਾਸ ਵਿਚ ਤਾਂ ਐਉਂ ਆਉਂਦਾ ਹੈ ਕਿ ਜਦੋਂ ਪੰਜ ਸੌ ਬੰਦਾ ਮਰ ਗਿਆ ਤਾਂ ਫੇਰ ਵਜ਼ੀਰਖਾਨ ਨੇ ਕਿਹਾ ਕਿ ਕਿੰਨੇ ਕੁ ਮਰਵਾ ਲਵਾਂਗੇ ਹੋਰ। ਇਹ ਤਾਂ ਵੱਢੀ ਜਾਂਦਾ ਹੈ ਜਿਵੇਂ ਫਸਲ ਵੱਢਦੇ ਨੇ। ਸਾਡੇ ਜਵਾਨ ਤਾਂ ਇਹਦੇ ਸਾਮ੍ਹਣੇ ਖੜ੍ਹਦੇ ਹੀ ਨਹੀਂ। ਪਤਾ ਨਹੀਂ ਗੁਰੂ ਇਹਦਾ ਕਰਾਮਾਤ ਦਿਖਾ ਰਿਹਾ ਹੈ, ਜਾਂ ਇਹ ਕਰਾਮਾਤ ਦਿਖਾ ਰਿਹਾ ਹੈ। ਸਾਰੇ ਇਕੱਠੇ ਆਵੋ, ਸਾਰਿਆਂ ਨੇ ਇਕੱਠੇ ਹੋ ਕੇ ੪੦ ਰਾਈਫਲਾਂ ਇੱਕਠੀਆਂ ਆਈਆਂ, ਸਰੀਰ ਛਾਨਣੀ-ਛਾਨਣੀ ਕਰ ਦਿੱਤਾ, ਖੂਨ ਨਿਕਲਣਾ ਸ਼ੁਰੂ ਹੋ ਗਿਆ, ਪਰ ਇਹ ਬੈਠਿਆਂ ਨਹੀਂ ਖੜ੍ਹਾ ਉਵੇਂ ਜਿਵੇਂ ਫੇਰ ਯੁੱਧ ਕਰੀ ਜਾਂਦਾ ਹੈ। ਅਖੀਰ ਜਾ ਕੇ ਧਰਤੀ 'ਤੇ ਲੰਮੇ ਪੈ ਗਏ। ਸੋ ਐਸੇ ਯੁੱਧ ਦੇ ਬਾਰੇ ਹੀ ਕਹਿੰਦੇ ਨੇ ਕਿ -

***ਪੁਰਜਾ-ਪੁਰਜਾ ਕੱਟ ਮਰੇ, ਕਬਹੂੰ ਚ ਛਾਡੈ ਖੇਤ।***
***ਗਗਨ ਦਮਾਮਾ ਬਾਜਿਓ ਪਰਿਓ ਨਿਸ਼ਾਨੇ ਘਾਉ।***

ਆਹ ਜਿਹੜਾ ਸ਼ਬਦ ਹੈ ਇਹਦਾ ਮਤਲਬ ਤਾਂ ਹੋਰ ਹੈ, ਆਪਾਂ ਜਿਵੇਂ ਲਾਵਾਂ ਨੂੰ ਦੁਨੀਆਂ 'ਚ ਲੈ ਲੈਂਦੇ ਹਾਂ, ਉਹ ਵੀ ਰੂਹਾਨੀ ਗੱਲ ਹੈ, ਇਹ ਵੀ ਰੂਹਾਨੀ ਗੱਲ ਹੈ। ਜਦੋਂ ਦਸਵੇਂ ਦੁਆਰ ਦੇ ਵਿੱਚ ਅਨਹਦ ਸ਼ਬਦ ਵੱਜਿਆ, ਉਸ ਵੇਲੇ ਸਮਝ ਲੈ ਕਿ ਹੁਣ ਪਹੁੰਚਣ ਦੀ ਗੱਲ ਹੋ ਗਈ।

***ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ॥***
***ਅੰਗ - ੧੧੦੫***

ਜਿਹਨੇ ਭਗਤੀ ਕੀਤੀ, ਨਾਮ ਜਪਿਆ, ਤਪ ਕਰਿਆ ਤੇ ਹੁਣ ਜਦ ਦਸਵੇਂ ਦੁਆਰ ਦੇ ਖੁਲ੍ਹਣ ਵਾਸਤੇ ਸਮਾਂ ਆਇਆ, ਹੁਣ ਜੂਝਣ ਦਾ ਦਾਉ ਹੈ।

***ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥***
***ਅੰਗ - ੧੧੦੫***

ਸੋ ਇਸ ਤਰ੍ਹਾਂ ਦੇ ਨਾਲ ਜਦੋਂ ਭਾਈ ਮੋਹਕਮ ਸਿੰਘ ਜੀ ਸ਼ਹੀਦੀ ਪਾ ਗਏ ਤਾਂ ਪੰਜ ਪਿਆਰਿਆਂ ਦੇ ਵਿਚੋਂ ਦੋ ਸਿੰਘ ਭਾਈ ਹਿੰਮਤ ਸਿੰਘ ਤੇ ਭਾਈ ਸਾਹਿਬ ਸਿੰਘ ਜੀ ਨੇ ਮਹਾਰਾਜ ਜੀ ਕੋਲ ਆ ਕੇ ਨਮਸ਼ਕਾਰ ਕੀਤੀ ਕਿ ਪਾਤਸ਼ਾਹ! ਕ੍ਰਿਪਾ ਕਰੋ, ਅੱਜ ਤੱਕ ਬੇਅੰਤ ਰਹਿਮਤਾਂ ਤੇਰੀਆਂ ਸਾਡੇ ਉੱਤੇ ਨੇ। ਉਸ ਵੇਲੇ ਦੋਵੇਂ ਸਿੰਘ ਅੰਦਰੋਂ ਦਰਵਾਜ਼ਾ ਖੁਲ੍ਹਦਾ ਹੈ, ਨਿਕਲਦੇ ਨੇ। ਬਹੁਤ ਦੇਰ ਤੱਕ ਦੋਨੋਂ ਸਿੰਘ ਯੁੱਧ ਕਰਦੇ ਨੇ। ਬਹੁਤ ਸਸ਼ਤਰ ਲੱਗੇ, ਉਸ ਤੋਂ ਬਾਅਦ ਇੱਕੋ ਹੀ ਸਾਰਿਆਂ ਦੇ ਮਨਾਂ ਦੇ ਵਿੱਚ ਭਾਵਨਾ ਹੈ ਕਿ ਮੇਰਾ ਸਰੀਰ ਪਹਿਲਾਂ ਲੱਗੇ ਗੁਰੂ ਮਹਾਰਾਜ ਦੀ ਹਜ਼ੂਰੀ ਵਿੱਚ ਤੇ ਹਰੇਕ ਦੇ ਮਨ ਵਿੱਚ ਲੋਚਾ ਹੈ, ਐਉਂ ਪੜ੍ਹ ਲਓ -

***ਧਾਰਨਾ - ਸੀਸ ਲਗ ਜਾਏ ਗੁਰੂ ਜੀ ਤੇਰੇ ਲੇਖੇ,***
***ਲੋਚਾ ਪੂਰੀ ਕਰ ਦੇ ਮਾਲਕਾ।***

***ਸੋ ਸੇਵਕੁ ਹਰਿ ਆਖੀਐ***
***ਜੋ ਹਰਿ ਰਾਖੈ ਉਰਿ ਧਾਰਿ ॥***
***ਮਨੁ ਤਨੁ ਸਉਪੇ ਆਗੈ ਧਰੇ***
***ਹਉਮੈ ਵਿਚਹੁ ਮਾਰਿ ॥***
***ਧਨੁ ਗੁਰਮੁਖਿ ਸੋ ਪਰਵਾਣੁ ਹੈ***
***ਜਿ ਕਦੇ ਨ ਆਵੈ ਹਾਰਿ ॥ ਅੰਗ - ੨੮***

ਜਿਹਨੇ ਆਪਣਾ ਆਪਾ ਗੁਰੂ ਨੂੰ ਅਰਪਣ ਕਰ ਦਿੱਤਾ,

ਉਹ ਪਰਵਾਣ ਹੈ -

***ਪੰਚ ਪਰਵਾਣ ਪੰਚ ਪਰਧਾਨੁ ॥***
***ਪੰਚੇ ਪਾਵਹਿ ਦਰਗਹਿ ਮਾਨੁ ॥ ਅੰਗ - ੩***

ਸ੍ਰੇਸ਼ਟ ਪੁਰਸ਼ ਆਖਿਆ ਜਾਂਦਾ ਹੈ ਉਹਨੂੰ। ਅਸੀਂ ਹੋਰ ਅਰਥ ਲੈ ਲੈਂਦੇ ਹਾਂ। ਸ੍ਰੇਸ਼ਟ ਪੁਰਸ਼ ਨੇ ਜਿਨ੍ਹਾਂ ਨੇ ਆਪਣਾ ਤਨ ਮਨ ਗੁਰੂ ਨੂੰ ਅਰਪਣ ਕਰ ਦਿੱਤਾ। ਦੋ ਤਰ੍ਹਾਂ ਦੇ ਸ਼ਹੀਦ ਹੁੰਦੇ ਨੇ ਇੱਕ ਤਾਂ ਉਹ ਹੁੰਦੇ ਨੇ ਜਿਨ੍ਹਾਂ ਨੇ ਆਪਣਾ ਪੰਜ ਭੂਤਕ ਸਰੀਰ ਕਿਸੇ ਕਾਰਜ ਵਾਸਤੇ ਅਰਪਣ ਕਰ ਦਿੱਤਾ, ਉਹਨੂੰ ਅਸੀਂ ਸ਼ਹੀਦ ਕਹਿੰਦੇ ਹਾਂ, ਇੱਕ ਉਹ ਸ਼ਹੀਦ ਹੈ ਜਿਹੜਾ ਸਾਰੀ ਜ਼ਿੰਦਗੀ ਸੱਚ 'ਤੇ ਜੀਉਂ ਕੇ ਆਪਣਾ ਜੀਵਨ ਪੂਰਾ ਕਰਕੇ ਸੰਸਾਰ ਤੋਂ ਜਾਂਦਾ ਹੈ। ਉਹ ਆਪ ਜਪਦਾ ਹੈ ਤੇ ਦੂਸਰਿਆਂ ਨੂੰ ਨਾਮ ਜਪਾਉਂਦਾ ਹੈ। ਆਪ ਗੁਰਸਿੱਖੀ ਦੀ ਰਹੁਰੀਤ ਵਿੱਚ ਰਹਿੰਦਾ ਹੈ। ਦੂਸਰਿਆ ਨੂੰ ਪ੍ਰਕਾਸ਼ ਦਿੰਦਾ ਹੈ ਤੇ ਗਤੀ ਕੀ ਹੁੰਦੀ ਹੈ ਸਾਧਸੰਗਤ ਜੀ। ਚਾਰ ਕਿਸਮ ਦੀਆ ਮੁਕਤੀਆਂ ਹੁੰਦੀਆਂ ਨੇ। ਉਹਦੇ ਬਾਰੇ ਐਸਾ ਫੁਰਮਾਨ ਹੈ ਪੜ੍ਹੋ ਪਿਆਰ ਨਾਲ -

***ਧਾਰਨਾ - ਦਰਗਹ ਮਿਲਦੈ ਥਾਉਂ,***
***ਗੁਰਾਂ ਨਾਲ ਰੱਤਿਆਂ***
***ਗੁਰਾਂ ਨਾਲ ਰੱਤਿਆਂ।***

***ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥***
***ਅੰਗ - ੫੧੭***

ਜਿਹੜੇ ਹਰ ਵਕਤ ਵਾਹਿਗੁਰੂ-ਵਾਹਿਗੁਰੂ ਕਰਦੇ ਨੇ, ਰਸਨਾ ਦੇ ਨਾਲ ਤੇ ਗੁਰੂ ਦੀ ਆਰਾਧਨਾ ਅੰਦਰ ਕਰਦੇ ਨੇ।

***ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥***
***ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ॥***
***ਅੰਗ - ੫੧੭***

ਦਰਗਾਹ ਦੀ ਮੈਂ ਬੇਨਤੀ ਕਰਦਾ ਹਾਂ, ਦਰਗਾਹ ਨੇੜੇ ਜਿਹੇ ਤੋਂ ਹੀ ਸ਼ੁਰੂ ਹੋ ਜਾਂਦੀ ਹੈ। ਆਹ ਜਿਹੜਾ ਮਾੜਾ ਜਿਹਾ ਵੀ ਪੁੰਨ ਕਰਦਾ ਹੈ ਨਾ ਉਹ ਵੀ ਦਰਗਾਹ 'ਚ ਜਾਂਦਾ ਹੈ। ਜੇ ਪਾਪ ਕਰਦਾ ਹੈ ਤਾਂ ਦੋਵੇਂ ਮਿਲਦੇ ਨੇ, ਪਾਪਾਂ ਦਾ ਫਲ ਨਰਕ ਮਿਲਦਾ ਹੈ, ਪੁੰਨਾਂ ਦਾ ਫਲ ਦਰਗਾਹ ਦੇ ਵਿੱਚ ਵਾਸਾ ਮਿਲਦਾ ਹੈ। ਹੁਣ ਦਰਗਾਹ ਕੀ ਹੋਈ? ਜਿਹਦੇ ਬਾਰੇ ਮਹਾਰਾਜ ਕਹਿੰਦੇ ਨੇ। ਪਹਿਲੀ ਜਿਹੜੀ ਦਰਗਾਹ ਹੈ ਉਹ ਦੇਵਤਿਆਂ ਦੀ ਹੈ, ਉਹਨੂੰ ਗੰਦਰਬ ਲੋਕ ਕਹਿੰਦੇ ਨੇ। ਇੱਥੇ ਦੇ ਬਾਦਸ਼ਾਹ ਨਾਲੋਂ ਸੌ ਗੁਣਾਂ ਸੁਖ ਉਹਨੂੰ ਵੱਧ ਹੋਇਆ ਕਰਦਾ ਹੈ, ਉਹਦੇ ਉਤੇ ਦੇਵ ਗੰਧਰਬ ਲੋਕ ਹੈ ਉਸ ਨਾਲੋਂ ਸੌ ਗੁਣਾ ਸੁਖ ਹੁੰਦਾ ਹੈ, ਸੌ ਨਾਲ ਗੁਣਾਂ ਕਰੀ ਜਾਓ। ਇਹਦੇ ਉਤੇ ਪਿਤਰ ਲੋਕ ਹੈ, ਪਿੱਤਰ ਲੋਕ ਤੋਂ ਉੱਤੇ ਸਵਰਗ ਲੋਕ ਹੈ, ਸਵਰਗ ਲੋਕ ਤੋਂ ਉੱਤੇ ਇੰਦਰ ਲੋਕ ਹੈ, ਇਸ ਤੋਂ ਬਾਅਦ ਕਰਮ ਦੇਵ ਲੋਕ, ਅਜਾਨ ਦੇਵ ਲੋਕ ਹੈ, ਪਰਜਾ ਪਤ ਲੋਕ ਹੈ, ਇੱਥੇ ਤੱਕ ਕਰੋੜ ਖਰਬ ਗੁਣਾਂ ਸੁਖ ਹੁੰਦਾ ਹੈ ਇੱਥੇ ਨਾਲੋਂ। ਫੇਰ ਬ੍ਰਹਮ ਦੇਵ ਲੋਕ ਹੈ, ਸ਼ਿਵ ਲੋਕ ਹੈ ਤੇ ਸਾਰਿਆਂ ਤੋਂ ਅਖੀਰ ਹੈ ਬੈਕੁੰਠ ਧਾਮ; ਇੱਥੇ ਤੱਕ ਤਾਂ ਜਾਂਦੇ ਨੇ ਪੁੰਨ ਕਰਮ ਕਰਨ ਵਾਲੇ।

***ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ॥***
***ਅੰਗ - ੧੪੧੪***

ਜਿਥੇ ਮੈਂ ਗੱਲ ਕਰਦਾ ਹਾਂ ਉਥੇ ਧਰਮਰਾਜ ਦਾ ਰਸਤਾ ਹੋਰ ਹੈ। ਇਹ ਰਸਤਾ ਹੋਰ ਹੈ। ਇਹ ਜਾਂਦੇ ਨੇ ਸਿੱਧੇ ਹੀ ਨਿਰੰਕਾਰ ਦੀ ਦਰਗਾਹ 'ਚ।

***ਸਚ ਖੰਡਿ ਵਸੈ ਨਿਰੰਕਾਰੁ ॥***
***ਕਰਿ ਕਰਿ ਵੇਖੈ ਨਦਰਿ ਨਿਹਾਲ ॥***
***ਤਿਥੈ ਖੰਡ ਮੰਡਲ ਵਰਭੰਡ ॥***
***ਜੇ ਕੋ ਕਥੈ ਤ ਅੰਤ ਨ ਅੰਤ ॥***
***ਤਿਥੈ ਲੋਅ ਲੋਅ ਆਕਾਰ ॥ ਅੰਗ - ੮***

ਇੱਥੇ ਭਗਤ ਜਾਂਦੇ ਨੇ, ਨਾਮ ਜਪਣ ਵਾਲੇ ਜਾਂਦੇ ਨੇ, ਜਿਨ੍ਹਾਂ ਨੇ ਆਪਣਾ ਸਰੀਰ ਕਿਸੇ ਲੇਖੇ 'ਚ ਲਾਇਆ ਹੈ, ਉਹ ਗੁਰੂ ਲੋਕ 'ਚ ਜਾਂਦੇ ਨੇ। ਇਹਨੂੰ ਗੁਰੂ ਲੋਕ ਕਹਿੰਦੇ ਨੇ। ਇੱਥੇ ਚਾਰ ਕਿਸਮ ਦੀ ਮੁਕਤੀ ਮਿਲਿਆ ਕਰਦੀ ਹੈ, ਇਹ ਦੁਬਾਰਾ ਨਹੀਂ ਆਇਆ ਕਰਦੇ ਇੱਕ ਵਾਰੀ ਜਾ ਕੇ। ਲੇਕਿਨ ਇਨ੍ਹਾਂ 'ਚ ਸ਼ਕਤੀ ਹੁੰਦੀ ਹੈ, ਜੇ ਜੀਅ 'ਚ ਆਏ ਤਾਂ ਦੀਵਾਨ 'ਚ ਆ ਕੇ ਬਹਿ ਜਾਣਗੇ। ਨਿਸ਼ਾਨੀ ਇਹ ਹੋਏਗੀ, ਜਿੱਥੇ ਇਨ੍ਹਾਂ ਦਾ ਵਾਸਾ ਹੋਏਗਾ, ਉਥੇ ਇੱਕ pin drop silence ਹੋਵੇਗੀ, ਕੋਈ ਬੰਦਾ ਨਹੀਂ ਬੋਲਦਾ ਹੋਏਗਾ। ਸਮਝ ਲਓ ਕਿ ਦਰਗਾਹ ਤੋਂ ਫਰਿਸ਼ਤੇ ਆ ਕੇ ਬੈਠ ਗਏ। ਸ਼ਹੀਦ ਸਿੰਘ ਆ ਕੇ ਬੈਠ ਗਏ। ਅੱਖਾਂ ਨਾਲ ਦੇਖੇ ਨੇ ਜਿਨ੍ਹਾਂ ਨੇ।

ਮਹਾਰਾਜ ਜੀ (ਸੰਤ ਈਸ਼ਰ ਸਿੰਘ ਮਹਾਰਾਜ ਰਾੜਾ ਸਾਹਿਬ) ਦਸਦੇ ਸੀ ਕਿ ਫਤਹਿਗੜ੍ਹ ਸਾਹਿਬ ਦੀ, ਦੀਵਾਨ ਵਿੱਚ ਬੈਠੇ ਸੀ, ਉਸ ਵੇਲੇ ਤਿੰਨੋ ਮੁੱਖ ਦੇਵਤੇ ਆ ਕੇ ਬੈਠ ਗਏ। ਮਹਾਰਾਜ ਜੀ ਨੂੰ ਪੁਛਿਆ ਕਿ ਸੱਚੇ ਪਾਤਸ਼ਾਹ! ਉਹ ਕੌਣ ਹੋਏ ਜਿਹੜੇ ਚਾਦਰ ਦੇ ਉੱਤੇ ਆ ਕੇ ਬੈਠ ਗਏ। ਮਹਾਰਾਜ ਜੀ ਕਹਿੰਦੇ ਕਿ ਗੁਪਤ ਰੱਖੀਦੀਆਂ ਨੇ ਇਹ ਗੱਲਾਂ। ਇਹ ਤਿੰਨੋ ਵੱਡੇ ਦੇਵ ਆਏ ਸੀ ਅੱਜ, ਗੁਰੂ ਦਰਬਾਰ 'ਚ। ਕਿਉਂ? ਕਿਉਂਕਿ ਉਥੇ ਇਹ ਚੀਜ਼ਾਂ ਹੈ ਨਹੀਂ ਇਉਂ ਪੜ੍ਹ ਲਓ -

***ਧਾਰਨਾ -ਸ਼ਿਵ ਜੀ ਖੋਜਦੇ ਫਿਰਦੇ ਬ੍ਰਹਮਗਿਆਨੀ ਨੂੰ।***
***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥***
***ਅੰਗ - ੨੭੩***

ਮਹਾਰਾਜ ਜੀ ਕਹਿੰਦੇ ਕਿ ਜਿਹੜਾ ਬੈਕੁੰਠ ਧਾਮ ਹੈ ਨਾ ਉਹਦੇ ਸਾਰੇ ਹੀ ਦੇਵਤੇ ਆ ਜਾਇਆ ਕਰਦੇ ਨੇ। ਕਿੱਥੇ? ਜਿੱਥੇ ਤੁਸੀਂ ਬੈਠੇ ਓਂ ਆਹ ਸਤਿਸੰਗ 'ਚ।

***ਵਿਚਿ ਦੁਨੀਆ ਸੇਵ ਕਮਾਈਐ ॥***
***ਤਾ ਦਰਗਹ ਬੈਸਣੁ ਪਾਈਐ ॥***
***ਕਹੁ ਨਾਨਕ ਬਾਹ ਲੁਡਾਈਐ ॥ ਅੰਗ - ੨੬***

ਜਿੱਥੇ ਕੋਈ ਵੀ ਰਾਗ ਦਵੈਸ਼ ਦੀ ਗੱਲ ਨਾ ਹੁੰਦੀ ਹੋਵੇ, ਨਾਮ ਦੀ ਗੱਲ ਹੁੰਦੀ ਹੋਵੇ, ਉਥੇ ਬੈਕੁੰਠ ਪਤੀ ਸਾਰੇ ਦੇਵਤਿਆਂ ਸਮੇਤ ਆ ਜਾਂਦਾ ਹੈ।

***ਹਰਿ ਕੀ ਕਥਾ ਹੋਤ ਹੈ ਜਹਾਂ,***
***ਗੰਗਾ ਭੀ ਚਲ ਆਵਤ ਤਹਾਂ।***

ਇੱਕ ਵਾਰੀ ਰਤਨਗੜ੍ਹ ਦੀਵਾਨ ਲੱਗਿਆ ਹੋਇਆ ਸੀ। ਸਹਿਜ ਨਾਲ ਹੀ ਮੇਰੇ ਮੂੰਹ 'ਚੋਂ ਨਿਕਲ ਗਿਆ ਮੈਂ ਕਿਹਾ ਪਿਆਰਿਓ! ਐਸ ਵੇਲੇ ਦੇਵਤੇ ਬੈਠੇ ਨੇ ਇੱਥੇ, ਤੀਰਥ ਬੈਠੇ ਨੇ, ਉਨ੍ਹਾਂ ਨੇ ਆਪਣੀਆਂ-ਆਪਣੀਆਂ ਸਾਰਿਆਂ ਨੇ ਜਿਵੇਂ ਦੁਕਾਨ

ਲਾਈਦੀ ਹੈ, ਐਉਂ ਆਪਣਾ ਸਮਾਨ ਖੋਲ੍ਹ ਕੇ ਰੱਖਿਆ ਹੋਇਆ ਹੈ। ਇੱਕ-ਇੱਕ ਫਲ ਉਨ੍ਹਾਂ ਕੋਲ –

***ਤੀਰਥ ਕੀਏ ਏਕ ਫਲ, ਸੰਤ ਮਿਲੇ ਫਲ ਚਾਰ।***
***ਇਥੇ ਤੱਕ ਕਿ ਬੈਕੁੰਠ ਪਤੀ ਵੀ ਆਏ ਹੋਏ ਨੇ।***

***ਕਹੁ ਕਬੀਰ ਇਹ ਕਹੀਐ ਕਾਹਿ ॥***
***ਸਾਧਸੰਗਤਿ ਬੈਕੁੰਠੈ ਆਹਿ ॥ ਅੰਗ – ੩੨੫***

ਜਿੱਥੇ ਪ੍ਰਮੇਸ਼ਰ ਦੀ ਕਥਾ ਵਾਰਤਾ ਚਲਦੀ ਹੋਏਗੀ ਉਥੇ ਬੈਕੁੰਠ ਬਣ ਜਾਂਦਾ ਹੈ। ਉਥੇ ਬੈਕੁੰਠਪਤੀ ਆ ਜਾਂਦਾ ਹੈ। ਐਸਾ ਭਾਈ ਗੁਰਦਾਸ ਜੀ ਨੇ ਕਬਿੱਤ ਸਵੱਯੀਆਂ 'ਚ ਲਿਖਿਆ ਹੈ ਕਿ ਹੇ ਨਾਰਦਮੁਨ! ਮੈਨੂੰ ਕਹਿੰਦੇ ਨੇ ਕਿ ਮੇਰਾ ਕੋਈ ਘਰ ਨਹੀਂ, ਮੇਰੇ ਕੋਈ ਬੱਚੇ ਨਹੀਂ ਮੇਰਾ ਕੋਈ ਪਰਿਵਾਰ ਨਹੀਂ; ਪਰ ਦੁਨੀਆਂ ਨਹੀਂ ਜਾਣਦੀ ਜਿਥੇ ਹਰੀ ਦੀ ਕਥਾ ਹੁੰਦੀ ਹੈ, ਉਹ ਮੇਰੇ ਬੱਚੇ ਨੇ ਮੈਂ ਉਨ੍ਹਾਂ ਵਿੱਚ ਜਾ ਕੇ ਬਹਿੰਦਾ ਹਾਂ, ਓਹੀ ਮੇਰਾ ਘਰ ਹੈ।

ਮੈਂ ਕਿਹਾ ਕਿ ਮੰਗੋ ਕੀ ਮੰਗਦੇ ਓਂ, ਐਵੇਂ ਨਿਕਲ ਗਿਆ ਮੂੰਹ 'ਚੋਂ। ਚੁੱਪ ਕਰ ਗਏ, ਕੀਹਨੂੰ ਪਤਾ ਲਗਦਾ ਹੈ ਕਿ ਕੀ ਮੰਗਣਾ ਹੈ। ਮਹੀਨੇ ਬਾਅਦ ਇੱਕ ਮਾਈ ਆਈ ਉਥੇ, ਰੁਮਾਲਾ ਲਿਆ ਹੋਇਆ ਹੈ, ਪੰਜਾਹ ਰੁਪਏ ਮੱਥਾ ਟੇਕ ਦਿੱਤਾ ਮਹਾਰਾਜ ਨੂੰ ਆ ਕੇ। ਮੈਂ ਕਿਹਾ, ਮਾਤਾ! ਅਸੀਂ ਤਾਂ ਆਪਣਾ ਅਸੂਲ ਬਣਾਇਆ ਹੋਇਆ ਹੈ, ਕਿਉਂਕਿ ਮੈਂ ਘਰ 'ਚ ਰਹਿੰਦਾ ਹਾਂ, ਇਸ ਕਰਕੇ ਨਾ ਪੈਸੇ ਘਰ 'ਚ ਵਾੜਦੇ ਹਾਂ, ਨਾ ਰੁਮਾਲੇ ਕਿਤੇ ਰੱਖ ਸਕਦੇ ਹਾ। ਤੂੰ ਕਿਸੇ ਗੁਰਦੁਆਰੇ ਟੇਕ ਦਿੰਦੀ ਤਾਂ ਚੰਗਾ ਸੀ। ਇਹ ਕੀ ਗੱਲ ਹੈ? ਉਹ ਕਹਿੰਦੀ ਕਿ ਮੈਂ ਰਤਨਗੜ੍ਹ ਤੋਂ ਆਈ ਹਾਂ, ਮੈਨੂੰ ਕਿੰਨੇ ਸਾਲਾਂ ਦਾ ਦਮਾ ਸੀ ਕਿਸੇ ਤਰੀਕੇ ਨਾਲ ਹਟਦਾ ਨਹੀਂ ਸੀ, ਕਹਿੰਦੀ ਜਦ ਤੁਸੀਂ ਕਿਹਾ ਕਿ ਇੱਥੇ ਸਾਰੇ ਦੇਵਤੇ ਬੈਠੇ ਨੇ, ਮੰਗੋ ਕੀ ਮੰਗਦੇ ਓਂ? ਮੈਂ ਕਿਹਾ, ਮੇਰਾ ਦਮਾ ਹਟ ਜਾਵੇ। ਇਕੱਲੀ ਨੂੰ ਰਿਹਾ ਇਸ ਗੱਲ ਦਾ ਖਿਆਲ, ਚਾਰ-ਪੰਜ ਹਜ਼ਾਰ ਬੰਦੇ ਵਿਚੋਂ, ਇੱਕ ਨੂੰ ਸੋਝੀ ਆਈ। ਬਾਕੀਆਂ ਨੂੰ ਤਾਂ ਆਈ ਨਾ ਕਿਸੇ ਨੂੰ। ਕਹਿੰਦੀ ਮੇਰਾ ਦਮਾ ਉਸੇ ਵਕਤ ਹਟ ਗਿਆ, ਕੋਈ ਵੀਹ ਸਾਲ ਪੁਰਾਣਾ ਦਮਾ ਸੀ।

ਜਿਹੜੀ ਇਹ ਸੰਗਤ ਹੁੰਦੀ ਹੈ ਨਾ ਇੱਥੇ ਦ੍ਰਿਸ਼ਟੀ ਹੁੰਦੀ ਹੈ ਗੁਰੂਆਂ ਦੀ। ਸੋ ਜਿਹੜੇ ਆਪਣਾ ਜੀਵਨ ਇੱਥੇ ਸਹੀ ਤਰੀਕੇ ਨਾਲ ਚਲਾ ਕੇ ਜਾਂਦੇ ਨੇ, ਉਨ੍ਹਾਂ ਨੂੰ ਦਰਗਾਹ ਵਿੱਚ ਥਾਂ ਮਿਲਿਆ ਕਰਦਾ ਹੈ। ਦਰਗਾਹ 'ਚ ਕਿੰਨਾ ਸੁਖ ਹੈ, ਪਹਿਲਾਂ ਮੈਂ ਗਿਣ ਚੁੱਕਿਆ ਹਾਂ। ਇਨ੍ਹਾਂ ਸਾਰਿਆਂ ਦੇ ਉੱਤੇ ਸਚਖੰਡ ਹੈ, ਸਚਖੰਡ ਦੇ ਵਿੱਚ ਗਿਆ ਹੋਇਆ ਬੰਦਾ, ਫੇਰ ਨਹੀਂ ਆਉਂਦਾ, ਬੈਕੁੰਠ ਧਾਮ 'ਚ ਗਿਆ ਹੋਇਆ ਵਾਪਸ ਆ ਜਾਂਦਾ ਹੈ। ਉਹ ਪੁੰਨ ਮੁੱਕ ਜਾਂਦਾ ਹੈ, ਮੁੱਕਣ ਤੋਂ ਬਾਅਦ ਫੇਰ ਇੱਥੇ ਮੁੜ ਕੇ ਆਉਣਾ ਪੈਂਦਾ ਹੈ। ਜਿਹੜੀ ਸੱਚੀ ਦਰਗਾਹ ਹੈ ਗੁਰੂਆਂ ਦੀ, ਉਥੇ ਗਿਆ ਹੋਇਆ ਫੇਰ ਨਹੀਂ ਆਇਆ ਕਰਦਾ। ਉਹ ਭੇਜਦੇ ਨੇ, ਐਉਂ ਨਹੀਂ ਆਉਂਦਾ ਕਿ ਕਰਮਾਂ ਦਾ ਬੰਨ੍ਹਿਆ ਆਉਂਦਾ। ਉਹਨੂੰ ਭੇਜਿਆ ਜਾਂਦਾ ਹੈ, ਸ਼ਕਤੀਆਂ ਮੰਗਦਾ ਹੈ ਸ਼ਕਤੀਆਂ ਦੇ ਕੇ ਭੇਜਦੇ ਨੇ, ਗੁਣ ਦੇ ਕੇ ਭੇਜਦੇ ਨੇ ਕਿ ਜਾਹ, ਸੰਸਾਰ ਦੇ ਵਿੱਚ ਜਾ ਕੇ ਆਹ ਕੰਮ ਕਰਕੇ ਆ। ਉਹਦਾ ਆਉਣਾ ਸੰਸਾਰ 'ਤੇ ਧਰਮ ਕਰਦਾ ਹੈ, ਉਹਨੇ ਆ ਕੇ ਸੰਸਾਰ 'ਤੇ ਆਪਣਾ ਕੰਮ ਕਰਨਾ ਹੈ, ਉਹ ਭੇਜੇ ਹੋਏ ਆਉਂਦੇ ਨੇ ਤੇ ਜਿਸ ਦਿਨ ਆ ਜਾਵੇ ਸੰਦੇਸ਼ਾ, ਫੇਰ ਨਹੀਂ ਅਰਦਾਸ ਕਰਦੇ ਕਿ ਮਹਾਰਾਜ! ਮੈਨੂੰ ਰਹਿਣ ਦੇ ਹੋਰ ਥੋੜ੍ਹਾ ਜਿਹਾ ਚਿਰ। ਆਗਿਆ ਆ ਗਈ ਹੁਣ ਚੱਲੀਏ, ਉਡੀਕਦੇ ਰਹਿੰਦੇ ਨੇ। ਉਨ੍ਹਾਂ ਨੂੰ ਚਾਰ ਕਿਸਮ ਦੀ ਮੁਕਤੀ ਮਿਲਿਆ ਕਰਦੀ ਹੈ ਪਹਿਲੀ ਹੁੰਦੀ ਹੈ 'ਸਾ-ਲੋਕ', ਓਸ ਲੋਕ ਦੇ ਵਿੱਚ ਜਾ ਕੇ ਵਸਣ ਲਗ ਜਾਂਦਾ ਹੇ। ਦੂਜੀ ਹੁੰਦੀ ਹੈ। ਦੂਸਰੀ ਹੁੰਦੀ ਹੈ 'ਸਮੀਪ', ਲੋਕ ਦੇ ਵਿੱਚ ਤਾਂ ਜਾ ਕੇ ਤਾਂ ਕਿਸੇ ਮਹੱਲੇ 'ਚ ਦੂਰ ਵਸਦਾ ਹੈ, ਜਿਹੜਾ ਸਾਮੀਪ ਹੁੰਦਾ ਹੈ, ਉਹ ਬਿਲਕੁਲ ਨੇੜੇ ਵਸਦਾ ਹੈ ਗੁਰੂ ਦੇ। ਤੀਸਰੀ ਹੁੰਦੀ ਹੈ 'ਸਰੂਪ' ਜਿਹੋ ਜਿਹਾ ਰੱਬ ਦਾ ਸਰੂਪ, ਉਹਦਾ ਹੀ ਸਰੂਪ ਹੋ ਜਾਂਦਾ ਹੈ, ਲੀਨ ਹੋਇਆ ਹੁੰਦਾ ਹੈ। ਚੌਥੀ ਹੁੰਦੀ ਹੈ, ਸਾਜੱਜ, ਸਾਜਜ ਹੋਇਆ ਕਰਦਾ ਹੈ ਕਿ ਰੱਬ ਹੀ ਬਣ ਜਾਂਦਾ ਹੈ –

***ਸੋਈ ਫਿਰਿ ਕੈ ਤੂ ਭਇਆ***
***ਜਾ ਕਉ ਕਹਤਾ ਅਉਰੁ ॥ ਅੰਗ – ੧੩੬੯***

ਸੋ ਇਹ ਗੁਰੂ ਦੇ ਜਿਹੜੇ ਪਿਆਰੇ ਨੇ ਇਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਅਸੀਂ ਆਪਣੇ ਘਰ ਨੂੰ ਜਾ ਰਹੇ ਹਾਂ, ਇੱਥੇ ਤਾਂ ਨਾਟਕ ਚੇਟਕ ਹੈ। ਸਾਡੇ ਵਰਗਾ ਨਹੀਂ ਹੁੰਦੇ ਉਹ ਸਾਡੇ ਨਾਲੋਂ ਨਿਆਰੇ ਹੁੰਦੇ ਨੇ ਉਹ। ਸੋ ਐਸਾ ਭਿਆਨਕ ਯੁੱਧ ਹੋ ਰਿਹਾ ਹੈ ਉੱਥੇ। ਇਕੱਲੇ-ਇਕੱਲੇ ਸਿੰਘ, ਫੇਰ ਦੋ, ਫੇਰ ਪੰਜ ਸਿੰਘ ਗਏ। ਭਾਈ ਦੇਵਾ ਸਿੰਘ ਵਰਗੇ, ਪੰਜ ਮੁਕਤੇ ਜਿਹੜੇ ਸੀ, ਭਾਈ ਈਸ਼ਰ ਸਿੰਘ ਵਗੈਰਾ, ਇਹ ਜਾਂਦੇ ਨੇ ਤੇ ਫੇਰ ਸਾਹਿਬ ਅਜੀਤ ਸਿੰਘ ਜੀ ਨੇ ਬੇਨਤੀ ਕਰੀ ਕਿ ਮਹਾਰਾਜ ਮੈਨੂੰ ਆਗਿਆ ਦੇਵੋ, ਮਹਾਰਾਜ! ਕਹਿੰਦੇ ਧੰਨ, ਤੂੰ ਕਸ਼ਤਰੀ ਧਰਮ ਦੀ ਪਾਲਣਾ ਕਰੀ ਹੈ। ਉਹ ਯੁੱਧ ਕਰਿਆ ਇਤਿਹਾਸ ਦੇ ਵਿੱਚ ਆਉਂਦਾ ਹੈ ਕਿ ਐਸਾ ਕਿਸੇ ਨੇ ਕਰਿਆ ਹੀ ਨਹੀਂ। ਐਨੀ ਫੁਰਤੀ ਕਿ ਸਾਮ੍ਹਣੇ ਨਹੀਂ ਨਹੀਂ ਕੋਈ ਖੜ੍ਹਾ ਰਹਿ ਸਕ ਰਿਹਾ। ਤਿੰਨ ਘੰਟੇ ਯੁੱਧ ਕਰਦਿਆਂ ਨੂੰ ਜਦ ਲੰਘ ਗਏ, ਫੇਰ ਜਾ ਕੇ ਸਰੀਰ ਛਾਲਣੀ-ਛਾਲਣੀ ਹੋ ਗਿਆ, ਦੂਰ ਨਿਕਲ ਗਏ ਤੇ ਉਥੇ ਜਾ ਕੇ ਆਪ ਦਾ ਸਰੀਰ ਅਲੋਪ ਹੋ ਗਿਆ। ਉਸ ਤੋਂ ਬਾਅਦ ਸਾਹਿਬ ਜੁਝਾਰ ਸਿੰਘ ਜੀ ਛੋਟੀ ਉਮਰ ਹੈ, ਦੇਖ ਰਹੇ ਨੇ ਸਾਰੇ। ਉਨ੍ਹਾਂ ਦੇ ਯੁੱਧ ਨਾਲ ਸ਼ਾਮ ਪੈ ਗਈ। ਜਦੋਂ ਇਹ ਹੋਇਆ ਉਸ ਵੇਲੇ ਗੁਰੂ ਮਹਾਰਾਜ ਜੀ ਨੇ ਅਰਦਾਸ ਕਰੀ ਕਿ ਹੇ ਪ੍ਰਭੂ! ਤੂੰ ਅਮਾਨਤ ਦਿੱਤੀ ਸੀ, ਤੇਰੀ ਅਮਾਨਤ ਤੇਰੇ ਕੋਲ ਪਹੁੰਚ ਗਈ, ਮੈਂ ਸੁਰਖਰੂ ਹੋ ਗਿਆ। ਮਹਾਰਾਜ ਕਹਿਣ ਲੱਗੇ ਕਿ ਪਿਆਰਿਓ! ਉਹ ਕਰਨੀ ਇਹ ਪਿਆਰੇ ਕਰ ਗਏ, ਜਿਹਨੂੰ ਯਾਦ ਕਰ-ਕਰ ਕੇ ਸੰਸਾਰ ਨੂੰ ਸੂਰਮਤਾਈ ਪ੍ਰਾਪਤ ਹੋਏਗੀ ਤੇ ਜਸ ਗਾਉਣਗੇ ਸਾਰੇ।

***ਧਾਰਨਾ – ਵਾਹਵਾ-ਵਾਹਵਾ ਬਈ***
***ਜਸ ਗਾਉ ਸਾਰੀ ਦੁਨੀਆਂ।***
***ਐਸੀ ਕਰਨੀ ਕਰ ਗਏ ਪਿਆਰੇ -੨***

ਸਾਰੇ ਸਿੰਘਾਂ 'ਚ ਸ਼ਕਤੀਆਂ ਸੀਗੀਆਂ। ਜੇ ਭਾਈ ਮਤੀ ਦਾਸ ਕਹਿੰਦੇ ਨੇ ਕਿ ਮੈਂ ਦਿੱਲੀ ਗਰਕ ਕਰ ਦਿੰਦਾ ਹਾਂ, ਲਾਹੌਰ

ਗਰਕ ਕਰ ਦਿੰਦਾ ਹਾਂ। ਉਹ ਐਵੇਂ ਨਹੀਂ ਸੀ ਕਹਿੰਦੇ ਸ਼ਕਤੀ ਸੀ ਉਨ੍ਹਾਂ ਵਿੱਚ। ਇਹ ਸਾਰੇ ਸਿੰਘਾਂ 'ਚ ਸ਼ਕਤੀ ਸੀ, ਕਿਉਂਕਿ ਸਾਰੇ ਹੀ ਬ੍ਰਹਮਗਿਆਨੀ ਸੀਗੇ। ਬ੍ਰਹਮਗਿਆਨੀ ਦਾ ਕੋਈ ਅੰਤ ਨਹੀਂ ਹੁੰਦਾ, ਕੋਈ ਪਾਰਾਵਾਰ ਨਹੀਂ ਹੁੰਦਾ, ਉਹ ਵਾਹਿਗੁਰੂ ਦਾ ਸਰੂਪ ਹੋਇਆ ਕਰਦੇ ਨੇ। ਉਨ੍ਹਾਂ ਬ੍ਰਹਮਗਿਆਨੀਆਂ ਨੇ ਸੰਕੋਚ ਰੱਖਿਆ ਕਿ ਕੋਈ ਸ਼ਕਤੀ ਨਾ ਦਿਖਾਈ ਜਾਵੇ। ਅਕਾਲ ਪੁਰਖ ਦਾ ਹੁਕਮ ਮੰਨਿਆ, ਹਰਖ, ਸੋਗ ਤੋਂ ਨਿਆਰੇ ਰਹਿ ਕੇ ਖੇਲ੍ਹ ਕਰਦੇ ਰਹੇ, ਅਜਰ ਨੂੰ ਜਰਦੇ ਰਹੇ। ਇਹ ਜੋ ਚਮਕੌਰ ਸਾਹਿਬ ਦਾ ਸਾਕਾ ਹੈ ਇਹ ਦੁਨੀਆਂ ਨੂੰ ਇੱਕ ਮਿਸਾਲ ਹੈ ਸਾਧਸੰਗਤ ਜੀ।

ਇੱਕ ਤਾਂ ਹੁੰਦਾ ਹੈ ਕਿ ਆਦਮੀ ਅੜਿੱਕੇ ਆਇਆ ਹੋਇਆ ਲੜਦਾ ਹੈ। ਇੱਕ ਹੁੰਦਾ ਹੈ ਕਿ ਸਾਰੀਆਂ ਹੀ ਸ਼ਕਤੀਆਂ ਨੇ ਉਹਦੇ ਵਿੱਚ, ਲੇਕਿਨ ਉਹ ਸਬਰ ਵਿੱਚ ਹੈ।

ਇੱਕ ਵਾਰੀ ਈਰਾਨ ਦੇ ਬਾਦਸ਼ਾਹ ਸੁਣ ਰਹੇ ਸੀ ਕਿ ਸਬਰ ਕੀ ਹੁੰਦਾ ਹੈ? ਸ਼ੁਕਰ ਕੀ ਹੁੰਦਾ ਹੈ? ਉਹਦੇ ਮਨ ਨੂੰ ਲੱਗੀ ਨਾ ਗੱਲ, ਜਿਹੜੇ ਅਰਥ ਕਰ ਰਹੇ ਸੀ। ਤਾਂ ਉਸ ਵੇਲੇ ਇੱਕ ਪੀਰ ਨੇ ਦੱਸਿਆ ਕਿ ਜੇ ਤੂੰ ਸਹੀ ਅਰਥ ਜਾਨਣੇ ਨੇ, ਤਾਂ ਇਸ ਵੇਲੇ ਸੁਰਮੱਦ ਔਰੰਗਜ਼ੇਬ ਦੀ ਕੈਦ ਵਿੱਚ ਹੈ, ਉਹਨੂੰ ਮਿਲ ਆਪਣਾ ਵਕੀਲ ਭੇਜ। ਆਪਣੇ ਵਕੀਲ ਨੂੰ ਭੇਜ ਦਿੱਤਾ। ਇਜਾਜ਼ਤ ਲੈ ਲਈ। ਜਦ ਸੁਰਮੱਦ ਨੂੰ ਮਿਲਣ ਗਿਆ ਤਾਂ ਉਹ ਕਈ ਮਹੀਨਿਆਂ ਦਾ ਜੇਲ੍ਹ ਵਿੱਚ ਕੈਦ ਸੀ, ਸੂਰਜ ਦੀ ਰੋਸ਼ਨੀ ਸੀ ਉਥੇ ਜਾਂਦੀ, ਉਸ ਵੇਲੇ ਦਰਵਾਜ਼ੇ ਦੇ ਅੱਗੇ ਆ ਗਿਆ, ਜਿੰਦਰਾ ਬਾਹਰ ਔਹ ਗਿਆ ਤੇ ਦਰਵਾਜ਼ਾ ਖੁਲ੍ਹ ਗਿਆ। ਦੂਸਰਾ ਦਰਵਾਜ਼ਾ, ਤੀਸਰਾ ਦਰਵਾਜ਼ਾ, ਸੱਤ ਦਰਵਾਜ਼ਿਆਂ ਦੇ ਅੰਦਰ ਕੈਦ ਸੀ। ਸੱਤ ਹੀ ਖੋਲ੍ਹ ਦਿੱਤੇ। ਉਹ ਵੀ ਬਾਹਰ ਨਿਕਲ ਆਇਆ। ਕਹਿਣ ਲੱਗੇ, ਕਿਵੇਂ ਆਏ ਓਂ ਤੁਸੀਂ? ਕਹਿਣ ਲੱਗੇ, ਮੇਰੇ ਬਾਦਸ਼ਾਹ! ਨੇ ਮੈਨੂੰ ਭੇਜਿਆ ਹੈ, ਮੈਂ ਸਬਰ ਤੇ ਸ਼ੁਕਰ ਦੇ ਅਰਥ ਪੁੱਛਣ ਆਇਆ ਹਾਂ। ਕਹਿੰਦੇ, ਫੇਰ ਸਵੇਰੇ ਇੱਕ ਮਸ਼ਕ ਲਿਆਈਂ ਪਾਣੀ ਦੀ ਤੇ ਦੋ ਗਜ਼ ਲਿਆਈਂ ਕੱਪੜਾ, ਕਿਉਂਕਿ ਮੈਂ ਬਰੈਹਨਾ (ਨੰਗਾ) ਹਾਂ, ਕੱਪੜਾ ਕੋਈ ਨਹੀਂ ਦਿੱਤਾ ਇਨ੍ਹਾਂ ਨੇ। ਦੂਸਰੇ ਦਿਨ ਉਹ ਮਸ਼ਕ ਪਾਣੀ ਦੀ ਲੈ ਗਿਆ, ਦੋ ਗਜ਼ ਕੱਪੜਾ ਲੈ ਗਿਆ, ਇਸ਼ਨਾਨ ਕਰਿਆ ਸੁਰਮੱਦ ਨੇ, ਕੱਪੜਾ ਪਹਿਨਿਆ ਤੇ ਬੈਠ ਗਿਆ। ਅਜੇ ਬਹਿੰਦੇ ਹੀ ਨੇ ਕਿ ਉਸੇ ਵੇਲੇ ਕੋਰੜੇ ਮਾਰਨ ਵਾਲਾ ਆ ਗਿਆ। ਪੰਜਾਹ ਕੋਰੜੇ ਮਾਰੇ, ਸਰੀਰ 'ਚੋਂ ਖੂਨ ਦੀਆਂ ਧਾਰਾਂ ਚਲਦੀਆਂ ਨੇ। ਲੇਕਿਨ ਉਹ ਉਪਰ ਨੂੰ ਦੇਖ ਕੇ ਉਂਗਲੀ ਹਿਲਾਈ ਜਾਂਦੇ ਨੇ। ਵਕੀਲ ਦੇ ਸਮਝ 'ਚ ਨਾ ਆਈ ਗੱਲ। ਕਹਿੰਦੇ, ਕੁਛ ਸਮਝਿਆ? ਜਿਹੜਾ ਕੋਰੜੇ ਮਾਰਨ ਵਾਲਾ ਸੀ ਉਹਨੇ ਇਕ ਸੌ ਇਕ ਕੋਰੜੇ ਮਾਰਨੇ ਸੀ, ਉਹ ਆਰਾਮ ਕਰਨ ਬਹਿ ਗਿਆ। ਵਕੀਲ ਕਹਿਣ ਲੱਗਿਆ, ਨਾ ਮਹਾਰਾਜ! ਮੇਰੇ ਤਾਂ ਸਮਝ 'ਚ ਨਹੀਂ ਆਈ। ਕਹਿੰਦਾ, ਮੈਂ ਤਾਂ ਤੈਨੂੰ ਪਰਤੱਖ ਦਿਖਾ ਰਿਹਾ ਸੀ। ਕਹਿੰਦੇ ਚੱਲ ਮੈਂ ਤੇਰੀ ਦ੍ਰਿਸ਼ਟੀ ਖੋਲ੍ਹਦਾ ਹਾਂ। ਜਦ ਉਹ ਫੇਰ ਕੋਰੜੇ ਮਾਰਨ ਲੱਗਿਆ ਤਾਂ ਕੀ ਦੇਖਦਾ ਹੈ ਸਾਰੇ ਫਰਿਸ਼ਤੇ ਹੱਥ ਬੰਨ੍ਹੀਂ ਖੜ੍ਹੇ ਨੇ, ਕਹਿੰਦੇ ਪੀਰ ਜੀ ਸਾਨੂੰ ਹੁਕਮ ਕਰ ਅਸੀਂ ਇਹਦਾ ਰਾਜ ਗਰਕ ਕਰੀਏ। ਇਹਨੂੰ ਮਾਰ ਦੇਈਏ, ਪਰ ਉਹ ਉੱਗਲੀ ਹਿਲਾ ਕੇ ਮਨ੍ਹਾ ਕਰੀ ਜਾਂਦੇ ਨੇ। ਜਦ ਪੰਜਾਹ ਕੋਰੜੇ ਹੋਰ ਲਗ ਗਏ, ਕਹਿੰਦੇ ਤੇਰੇ ਹੁਣ ਸਮਝ ਵਿੱਚ ਆਇਆ? ਕਹਿੰਦਾ ਨਾ ਮਹਾਰਾਜ! ਮੈਂ ਤਾਂ ਹੈਰਾਨ ਹੋਇਆ ਪਿਆ ਹਾਂ। ਕਹਿੰਦੇ, ਕਾਹਦਾ ਹੈਰਾਨ ਹੋਇਆ ਹੈਂ, ਦੇਖ, ਮੈਂ ਐਨੀ ਸ਼ਕਤੀ ਰਖਦਾ ਹੈ ਜੇ ਇੱਕ ਵਾਰੀ ਕਹਿ ਦੇਵਾਂ ਔਰੰਗਜ਼ੇਬ ਦਾ ਰਾਜ ਗਰਕ ਹੋ ਜਾਵੇ। ਇਕ ਵੀ ਮੁਗਲ ਨਹੀਂ ਰਹੇਗਾ, ਪਰ ਪਿਆਰਿਆ! ਐਨੀ ਸ਼ਕਤੀ ਦਾ ਮਾਲਕ ਹੁੰਦਾ ਹੋਇਆ, ਮੈਂ ਰੱਬ ਦਾ ਹੁਕਮ ਮੰਨ ਰਿਹਾ ਹਾਂ। ਉਹ ਕੋਰੜੇ ਮਾਰਦੇ ਨੇ ਸ਼ਕਤੀਆਂ ਮੈਨੂੰ ਬੇਨਤੀਆਂ ਕਰਦੀਆਂ ਨੇ, ਦੇਖਿਆ ਨਹੀਂ ਤੂੰ? ਕਹਿੰਦਾ ਦੇਖਿਆ ਹੈ। ਕਹਿੰਦੇ, ਇਹਨੂੰ 'ਸਬਰ' ਕਹਿੰਦੇ ਨੇ।

ਏਨੇ ਨੂੰ ਇੱਕ ਪਿਆਲਾ ਪਾਣੀ ਦਾ ਆ ਗਿਆ, ਵਿੱਚ ਨਮਕ ਪਾਇਆ ਹੋਇਆ ਹੈ ਬੇਅੰਤ; ਕੌੜਾ ਕਰਿਆ ਹੋਇਆ ਹੈ, ਦੋ ਕਤਰੇ ਉਹਦੇ ਹੱਥ ਉਤੇ ਪਾ ਦਿੱਤੇ, ਕਹਿੰਦੇ ਲਾ ਜੀਭ ਨਾਲ। ਜਦ ਲਾਇਆ ਤਾਂ ਕਹਿੰਦਾ ਮਹਾਰਾਜ ਇਹ ਤਾਂ ਬਹੁਤ ਕੌੜਾ ਹੈ। ਸਾਰਾ ਹੀ ਲੂਣ ਹੈ। ਇਹ ਤਾਂ ਦੇ ਰਹੇ ਨੇ ਕਿ ਸਰੀਰ ਖਰ ਜਾਵੇ ਅੰਦਰੋਂ। ਆਹ ਤੇਰੀ ਅੱਖ ਖੋਲ੍ਹਾਂ। ਦੂਜੇ ਪਾਸੇ ਕੀ ਦੇਖਦਾ ਹੈ ਕਿ ਬੇਅੰਤ ਪਦਾਰਥ ਲਈਂ ਖੜ੍ਹੇ ਨੇ ਫਰਿਸ਼ਤੇ, ਮਿੰਨਤਾਂ ਕਰਦੇ ਨੇ ਕਿ ਮਹਾਰਾਜ! ਆਹ ਲੈ ਲਓ, ਇਹ ਨਾ ਪੀਓ। ਆਪ ਨੇ ਪਿਆਲਾ ਪੀ ਲਿਆ ਤੇ ਕਿਹਾ ਕਿ ਹੇ ਅੱਲਾਹ ਤਾਲਾ! ਤੇਰਾ ਸ਼ੁਕਰ ਹੈ, ਤੂੰ ਮੈਨੂੰ ਵੀ ਕੁਛ ਭੇਜਦਾ ਹੈਂ ਪੀਣ ਵਾਸਤੇ। ਕਹਿੰਦੇ, ਪਿਆਰਿਆ! ਇਹਨੂੰ 'ਸ਼ੁਕਰ' ਕਹਿੰਦੇ ਨੇ। ਇਹ ਸਬਰ ਤੇ ਸ਼ੁਕਰ ਜਿਹੜਾ ਹੈ ਇਹ ਮਹਾਂਪੁਰਖਾਂ ਦਾ ਗਹਿਣਾ ਹੁੰਦਾ ਹੈ। ਮਹਾਂਪੁਰਸ਼ ਜੇ ਕਰਾਮਾਤਾਂ ਦਿਖਾਉਂਦੇ ਨੇ ਇਹ ਤਾਂ ਨਾਟਕ ਚੇਟਕ ਹੁੰਦੇ ਨੇ। ਗੁਰੂ ਮਹਾਰਾਜ ਪ੍ਰਵਾਨ ਨਹੀਂ ਕਰਿਆ –

***ਰਿਧਿ ਸਿਧਿ ਸਭੁ ਮੋਹੁ ਹੈ***
***ਨਾਮੁ ਨ ਵਸੈ ਮਨਿ ਆਇ ॥ ਅੰਗ – ੫੯੩***

ਸੰਸਾਰ ਤੋਂ ਜਾਣਾ ਹੀ ਜਾਣਾ ਹੈ ਇਥੇ ਕਿਸੇ ਨੇ ਰਹਿਣਾ ਨਹੀਂ। ਸੋ ਗੁਰੂ ਮਹਾਰਾਜ ਸਰਬ ਕਲਾ ਸਮਰੱਥ, ਸਾਰੇ ਸਿੰਘ ਸਮਰੱਥ, ਇੱਕ-ਇੱਕ ਸਿੰਘ 'ਚ ਕਿੰਨੀ-ਕਿੰਨੀ ਸ਼ਕਤੀ, ਕੋਈ ਅੰਦਾਜ਼ਾ ਨਹੀਂ ਹੈ ਇਸ ਗੱਲ ਦਾ। ਮਰਿਆ ਹੋਇਆਂ ਨੂੰ ਜੀਉਂਦੇ ਕਰ ਦਿੰਦਾ ਹੈ, ਉਹ ਐਨੀਆਂ ਸ਼ਕਤੀਆਂ ਦੇ ਮਾਲਕ ਗੁਰੂ ਦੇ ਪਿਆਰ ਵਿੱਚ, ਭਾਣੇ ਵਿੱਚ ਉਨ੍ਹਾਂ ਨੇ ਖੇਡ ਵਰਤਾਈ, ਜਿਹੜੀ ਆਪਾਂ ਪੜ੍ਹਦੇ ਹਾਂ। ਜਣੇ-ਖਣੇ ਦੇ ਹਿੱਸੇ ਵਿੱਚ ਨਹੀਂ ਆ ਸਕਦੀ। ਅਸੀਂ ਨਹੀਂ ਕਰ ਸਕਦੇ। ਅਸੀਂ ਤਾਂ ਚੀਕਾਂ ਮਾਰਨੀਆਂ ਸੀ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਦਾ ਜਿਹੜਾ ਕੌਤਕ ਹੈ –

***ਸਤਿਗੁਰ ਪੁਰਖੁ ਅਗੰਮ ਹੈ ਨਿਰਵੈਰ ਨਿਰਾਲਾ।***

ਉਹਦੇ ਸਾਰੇ ਹੀ ਕੌਤਕ ਜਿਹੜੇ ਨੇ ਵੈਰ ਤੋਂ ਰਹਿਤ ਹੁੰਦੇ ਨੇ ਤੇ ਨਿਰਾਲੇ ਹੋਇਆ ਕਰਦੇ ਨੇ।

# ਸੁਰਤਿ ਸਬਦਿ ਮਾਰਗ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ.ਗੁ. ਰੂਹਾਨੀ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਨਵੰਬਰ ਅੰਕ, ਪੰਨਾ -23)*

ਮਹਾਰਾਜ ਕਹਿੰਦੇ, ਜਿਸ ਦੇ ਅੰਦਰ ਈਰਖਾ ਹੈ, ਉਹਦਾ ਕਦੋ ਵੀ ਭਲਾ ਨਹੀਂ ਹੋਇਆ ਕਰਦਾ। ਈਰਖਾ ਵਾਲਾ ਵੀ ਬਹੁਤ ਹੱਦ ਤੱਕ ਚਲਿਆ ਜਾਂਦਾ ਹੈ - ਦੂਸਰੇ ਨੂੰ ਮਰਵਾਉਣ ਤੱਕ ਜਾਂਦਾ ਹੈ, ਨੁਕਸਾਨ ਕਰਨ ਤੱਕ ਜਾਂਦਾ ਹੈ, ਬੱਚਿਆਂ ਦਾ ਨੁਕਸਾਨ ਕਰਦਾ ਹੈ, ਘਰ ਦਾ ਨੁਕਸਾਨ ਕਰਦਾ ਹੈ। ਇਹ ਜਿਹੜੇ ਮੰਤਰਾਂ ਜੰਤਰਾਂ ਵਾਲੇ ਨੇ, ਇਹ ਮੰਤਰ-ਮੁੰਤਰ ਕਰਕੇ ਤੰਗ ਕਰਦੇ ਨੇ, ਸੁੱਟ ਦਿੰਦੇ ਨੇ, ਬਹੁਤ ਪਰੇਸ਼ਾਨੀਆਂ ਪੈਦਾ ਕਰਦੇ ਨੇ। ਈਰਖਾ ਪਹਿਲਾਂ ਜਨਮ ਲੈਂਦੀ ਹੈ, ਫੇਰ ਨਿੰਦਿਆ ਲੈਂਦੀ ਹੈ। ਸੋ ਇਸ ਤਰ੍ਹਾਂ ਭਿਆਨਕ ਨਤੀਜੇ ਇਨ੍ਹਾਂ ਦੇ ਨਿਕਲਦੇ ਨੇ। ਪ੍ਰਮੇਸ਼ਰ ਦੇ ਨਾਲੋਂ ਟੁੱਟ ਜਾਂਦਾ ਹੈ ਬੰਦਾ।

ਭਗਤ ਤ੍ਰਿਲੋਚਨ ਜੀ, ਜਿਨ੍ਹਾਂ ਦਾ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਬਦ ਹੈ -

***ਅੰਤਿ ਕਾਲਿ ਜੋ ਲੱਛਮੀ ਸਿਮਰੈ***
***ਐਸੀ ਚਿੰਤਾ ਮਹਿ ਜੇ ਮਰੈ॥***
***ਸਰਪ ਜੋਨਿ ਵਲਿ ਵਲਿ ਅਉਤਰੈ॥ ਅੰਗ - ੫੨੬***

ਆਪ ਜੀ ਭਗਤੀ ਕਰਦੇ ਨੇ; ਬਹੁਤ ਬੰਦਗੀ ਕਰੀ ਤੇ ਕਈ ਵਾਰੀ ਮਹਾਂਪੁਰਸ਼ਾਂ ਦੇ ਕੋਲ ਜਾ ਕੇ ਬਚਨ ਕਰਨੇ - ਨਾਮਦੇਵ ਜੀ ਆਦਿ ਦੇ ਕੋਲ ਕਿ ਮੈਨੂੰ ਅਜੇ ਤੱਕ ਪ੍ਰਮੇਸ਼ਰ ਦੇ ਦਰਸ਼ਨ ਨਹੀਂ ਹੋਏ, ਜਾਂ ਤਾਂ ਮੇਰੀ ਭਗਤੀ ਵਿੱਚ ਕੋਈ ਕਸਰ ਹੈ। ਤੁਸੀਂ ਦਰਸ਼ਨ ਕਰਦੇ ਹੋ, ਤੁਸੀਂ ਕਦੇ ਨਾ ਕਦੇ ਮੇਰੀ ਸਿਫਾਰਸ਼ ਕਰੋ। ਇਸ ਤਰ੍ਹਾਂ ਕਰਦੇ-ਕਰਦੇ ਵਡੇਰੀ ਉਮਰ ਹੋ ਗਈ। ਸਾਧੂ ਮਹਾਤਮਾ ਆਉਂਦੇ ਨੇ ਤੇ ਵੱਡੀ ਉਮਰ ਹੋਣ ਕਰਕੇ ਹੁਣ ਸੇਵਾ ਨਹੀਂ ਹੁੰਦੀ। ਘਰਵਾਲੀ ਇਨ੍ਹਾਂ ਦੀ ਸਿਆਣੀ ਹੋ ਗਈ। ਉਹ ਵੀ ਬੰਦਗੀ ਕਰਦੀ ਹੈ, ਸੇਵਾ ਕਰਦੀ ਹੈ ਪਰ ਉਹ ਥੋੜ੍ਹਾ ਦੋਸ਼ ਦਿੰਦੀ ਰਹਿੰਦੀ ਹੈ ਤੇ ਕਈ ਵਾਰੀ ਜਦੋਂ ਭਗਤ ਜੀ ਘਰ ਆਉਂਦੇ ਨੇ ਤਾਂ ਕਹਿੰਦੀ ਹੈ ਕਿ ਦੇਖੋ, ਆਪਾਂ ਨਾਮ ਜਪਦੇ ਹਾਂ; ਤੁਸੀਂ ਇਹ ਕਹਿੰਦੇ ਹੋ ਕਿ ਨਾਮ ਜਪਣ ਵਾਲਿਆਂ ਨੂੰ ਸਭ ਕੁਛ ਮਿਲ ਜਾਂਦਾ ਹੈ, ਅਣਹੋਈਆਂ ਹੋਈਆਂ ਹੋ ਜਾਂਦੀਆਂ ਨੇ, ਮੱਥੇ ਦੇ ਲੇਖ ਮਿਟ ਜਾਂਦੇ ਨੇ, ਪਰ ਆਪਾਂ ਨੂੰ ਤਾਂ ਪ੍ਰਮੇਸ਼ਰ ਨੇ ਇੱਕ ਪੁੱਤਰ ਦੀ ਦਾਤ ਵੀ ਨਹੀਂ ਦਿੱਤੀ। ਹੁਣ ਬੁੱਢੇ ਹੋ ਗਏ ਹਾਂ, ਕੌਣ ਸੰਭਾਲੇਗਾ ਸਰੀਰਾਂ ਨੂੰ ਤੇ ਫੇਰ ਸਾਧੂ ਮਹਾਤਮਾ ਆਉਂਦੇ ਨੇ, ਜੇ ਕੋਈ ਪੁੱਤਰ ਹੁੰਦਾ ਤਾਂ ਸੰਭਾਲ ਲਿਆ ਕਰਦਾ। ਹੁਣ ਬਸਤਰ ਕੌਣ ਧੋਵੇ ਉਨ੍ਹਾਂ ਦੇ, ਕੌਣ ਉਨ੍ਹਾਂ ਦੇ ਮੰਜੇ ਵਿਛਾਵੇ, ਪਰਸ਼ਾਦਾ ਕੌਣ ਲਾਹੇ? ਭਗਤੀ ਕਰਦੇ ਹਾਂ, ਪਰਮੇਸ਼ਰ ਸੁਣਦਾ ਹੀ ਨਹੀਂ ਹੈ - ਸਾਡੀ ਵਾਰ ਨੂੰ ਤਾਂ ਚੁੱਪ ਕਰਕੇ ਬੈਠੇ। ਬਹੁਤ ਉਲਾਂਭੇ ਦਿੰਦੀ ਹੈ। ਉਹ ਧੀਰਜਵਾਨ ਸੀਗੇ ਬਹੁਤ, ਕਹਿੰਦੇ ਤੂੰ ਉਲਾਂਭੇ ਨਾ ਦੇਹ, ਇਹ ਤਾਂ ਐਸਾ ਹੀ ਹੈ, ਆਪਣਾ ਪਿਛਲੇ ਜਨਮਾਂ ਦਾ ਕੋਈ ਲੇਖ ਹੈ। ਮਹਾਰਾਜ ਜੀ ਦਾ ਐਸਾ ਫੁਰਮਾਨ ਹੈ -

***ਧਾਰਨਾ - ਪਿਆਰੇ ਦੋਸ਼ ਨਾ ਕਿਸੇ ਨੂੰ ਦੇਵੀਂ,***
***ਦੋਸ਼ ਤੇਰੇ ਕਰਮਾਂ ਦਾ - ੨. ੨.***

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥***
***ਜੋ ਮੈ ਕੀਆ ਸੋ ਮੈ ਪਾਇਆ***
***ਦੋਸੁ ਨ ਦੀਜੈ ਅਵਰ ਜਨਾ ॥ ਅੰਗ - ੪੩੩***

ਇਹ ਸਮਝਾਉਣਾ ਕਿ ਸਾਰਾ ਸੰਸਾਰ ਜੋ ਹੈ, ਇਹ ਹੁਕਮ ਦੇ ਅਧੀਨ ਚੱਲ ਰਿਹਾ ਹੈ ਤੇ ਪਰਮੇਸ਼ਰ ਨੇ ਧੁਰ ਦਰਗਾਹ ਤੋਂ ਹਰੇਕ ਦੇ ਮੱਥੇ ਤੇ ਲੇਖ ਲਿਖੇ ਹੋਏ ਨੇ - ਮਸਤਕ ਦੇ ਅੰਦਰ। ਮਿਲਣਾ, ਵਿਛੜਨਾ, ਘਾਟੇ ਪੈਣੇ, ਵਾਧੇ ਪੈਣੇ, ਇੱਜ਼ਤ ਹੋਣੀ, ਬੇ-ਇੱਜ਼ਤੀ ਹੋਣੀ, ਸੁਖੀ ਹੋਣਾ, ਦੁਖੀ ਹੋਣਾ; ਇਹ ਸਾਰਾ ਲੇਖ ਦੇ ਮੁਤਾਬਿਕ ਹੋਇਆ ਕਰਦਾ ਹੈ। ਇਹ ਧੁਰ ਦਰਗਾਹ ਦਾ ਲੇਖ ਹੁੰਦਾ ਹੈ। ਜਦੋਂ ਲੇਖ ਹੀ ਹੈ ਤਾਂ ਆਪਣਾ ਇਹ ਮੰਗਣਾ ਹੀ ਫਜ਼ੂਲ ਹੈ ਤੇ ਦੂਸਰਾ ਇਹ ਹੈ ਕਿ ਕੌਣ ਕਹਿੰਦਾ ਹੈ ਕਿ ਪੁੱਤਰ ਸੁਖ ਰੂਪ ਹੁੰਦਾ ਹੈ। ਉਹ ਦੁੱਖ ਰੂਪ ਤਾਂ ਬਹੁਤ ਜ਼ਿਆਦਾ ਹੁੰਦਾ ਹੈ, ਪਾਲਦੀ ਹੈ, ਪਲੋਸਦੀ ਹੈ; ਬਿਮਾਰ ਹੋ ਜਾਵੇ ਤਾਂ ਜਾਨ ਨਿਕਲ ਜਾਂਦੀ ਹੈ। ਪ੍ਰਭੂ ਭਗਤੀ ਕਰਦੀ ਹੈ, ਸੇਵਾ ਕਰਦੀ ਹੈ ਪਰ ਉਹ ਥੋੜ੍ਹਾ ਦੋਸ਼ ਦਿੰਦੀ ਰਹਿੰਦੀ ਹੈ ਤੇ ਕਈ ਵਾਰੀ ਜਦੋਂ ਭਗਤ ਜੀ ਘਰ ਆਉਂਦੇ ਨੇ ਤਾਂ ਕਹਿੰਦੀ ਹੈ ਕਿ ਦੇਖੋ, ਆਪਾਂ ਨਾਮ ਜਪਦੇ ਹਾਂ; ਤੁਸੀਂ ਇਹ ਕਹਿੰਦੇ ਹੋ ਕਿ ਨਾਮ ਜਪਣ ਵਾਲਿਆਂ ਨੂੰ ਸਭ ਕੁਛ ਮਿਲ ਜਾਂਦਾ ਹੈ, ਅਣਹੋਈਆਂ ਹੋਈਆਂ ਹੋ ਜਾਂਦੀਆਂ ਨੇ, ਮੱਥੇ ਦੇ ਲੇਖ ਮਿਟ ਜਾਂਦੇ ਨੇ, ਪਰ ਆਪਾਂ ਨੂੰ ਤਾਂ ਪਰਮੇਸ਼ਰ ਨੇ ਇਕ ਪੁੱਤਰ ਦੀ ਦਾਤ ਵੀ ਨਹੀਂ ਦਿੱਤੀ। ਹੁਣ ਬੁੱਢੇ ਹੋ ਗਏ ਹਾਂ, ਕੌਣ ਸੰਭਾਲੇਗਾ ਸਰੀਰਾਂ ਨੂੰ ਤੇ ਫੇਰ ਸਾਧੂ ਮਹਾਤਮਾ ਆਉਂਦੇ ਨੇ, ਜੇ ਕੋਈ ਪੁੱਤਰ ਹੁੰਦਾ ਤਾਂ ਸੰਭਾਲ ਲਿਆ ਕਰਦਾ। ਹੁਣ ਬਸਤਰ ਕੌਣ ਧੋਵੇ ਉਨ੍ਹਾਂ ਦੇ, ਕੌਣ ਉਨ੍ਹਾਂ ਦੇ ਮੰਜੇ ਵਿਛਾਵੇ, ਪਰਸ਼ਾਦਾ ਕੌਣ ਲਾਹੇ? ਭਗਤੀ ਕਰਦੇ ਹਾਂ, ਪਰਮੇਸ਼ਰ ਸੁਣਦਾ ਹੀ ਨਹੀਂ ਹੈ - ਸਾਡੀ ਵਾਰ ਨੂੰ ਤਾਂ ਚੁੱਪ ਕਰਕੇ ਬੈਠੇ। ਬਹੁਤ ਉਲਾਂਭੇ ਦਿੰਦੀ ਹੈ। ਉਹ ਧੀਰਜਵਾਨ ਸੀਗੇ ਬਹੁਤ, ਕਹਿੰਦੇ, ਤੂੰ ਉਲਾਂਭੇ ਨਾ ਦੇ; ਇਹ ਤਾਂ ਐਸਾ ਹੀ ਹੈ, ਆਪਣਾ ਪਿਛਲੇ ਜਨਮਾਂ ਦਾ ਕੋਈ ਲੇਖ ਹੈ। ਮਹਾਰਾਜ ਵੀ ਐਸਾ ਫੁਰਮਾਨ ਕਰਦੇ ਨੇ -

***ਧਾਰਨਾ - ਪਿਆਰੇ ਦੋਸ਼ ਨਾ ਕਿਸੇ ਨੂੰ ਦੇਵੀਂ,***
***ਦੋਸ਼ ਤੇਰੇ ਕਰਮਾਂ ਦਾ - ੨***

ਇਹ ਸਮਝਾਉਣਾ ਕਿ ਸਾਰਾ ਸੰਸਾਰ ਜੋ ਹੈ, ਇਹ ਹੁਕਮ ਦੇ ਅਧੀਨ ਚੱਲ ਰਿਹਾ ਹੈ ਤੇ ਪਰਮੇਸ਼ਰ ਨੇ ਧੁਰ ਦਰਗਾਹ ਤੋਂ ਹਰੇਕ ਦੇ ਮੱਥੇ ਤੇ ਲੇਖ ਲਿਖੇ ਹੋਏ ਨੇ - ਮਸਤਕ ਦੇ ਅੰਦਰ। ਮਿਲਣਾ, ਵਿਛੜਨਾ, ਘਾਟੇ ਪੈਣੇ, ਵਾਧੇ ਪੈਣੇ, ਇੱਜ਼ਤ ਹੋਣੀ, ਬੇ-ਇੱਜ਼ਤੀ ਹੋਣੀ, ਸੁਖੀ ਹੋਣਾ, ਦੁਖੀ ਹੋਣਾ; ਇਹ ਸਾਰਾ ਲੇਖ ਦੇ ਮੁਤਾਬਿਕ ਹੋਇਆ ਕਰਦਾ ਹੈ। ਇਹ ਧੁਰ ਦਰਗਾਹ ਦਾ ਲੇਖ ਹੁੰਦਾ ਹੈ। ਜਦੋਂ ਲੇਖ ਹੀ ਸੁਖ ਰੂਪ ਹੁੰਦਾ ਹੈ। ਉਹ ਦੁੱਖ ਰੂਪ ਤਾਂ ਬਹੁਤ ਜ਼ਿਆਦਾ ਹੁੰਦਾ ਹੈ, ਸੁਖ ਰੂਪ ਹੋਵੇ ਨਾ ਹੋਵੇ - ਕੋਈ ਪੱਕਾ ਨਹੀਂ ਹੈ। ਪੁੱਤਰ ਪੈਦਾ ਹੁੰਦਾ ਹੈ, ਮਾਂ ਨੂੰ ਕਿੰਨਾ

ਦੁੱਖ ਹੁੰਦਾ ਹੈ; ਪਾਲਦੀ ਹੈ, ਪਲੋਸਦੀ ਹੈ; ਬਿਮਾਰ ਹੋ ਜਾਵੇ ਤਾਂ ਜਾਨ ਨਿਕਲ ਜਾਂਦੀ ਹੈ। ਪ੍ਰਭੂ ਭਗਤੀ ਕਰਦੀ ਹੈ, ਪਰ ਪੁੱਤਰ ਦੇ ਧਿਆਨ 'ਚ ਕਿੰਨਾ ਸਮਾਂ waste (ਬਰਬਾਦ) ਕਰਦੀ ਹੈ। ਉਸ ਤੋਂ ਬਾਅਦ ਵੱਡਾ ਹੋ ਜਾਂਦਾ ਹੈ - ਪੜ੍ਹਾਈ-ਲਿਖਾਈ ਦਾ ਫਿਕਰ ਪੈ ਜਾਂਦਾ ਹੈ। ਜੇ ਕਿਤੇ ਬਿਮਾਰ ਹੋ ਜਾਵੇ, ਰੋਟੀਆਂ ਛੁੱਟ ਜਾਂਦੀਆਂ ਨੇ; ਜੇ ਨਾ ਪੜ੍ਹੇ, ਨਲਾਇਕ ਨਿਕਲ ਜਾਵੇ, ਫੇਰ ਰੋਂਦੇ ਫਿਰਦੇ ਨੇ। ਕੋਈ ਗਲਤ ਕੰਮ ਕਰ ਦੇਵੇ ਤਾਂ ਮਾਂ ਬਾਪ, ਨਾਲ ਫੜੇ ਜਾਂਦੇ ਨੇ, ਉਨ੍ਹਾਂ ਤੇ ਵੀ ਮਾਰ ਪੈਂਦੀ ਹੈ, ਕੇਸ ਬਣ ਜਾਂਦੇ ਨੇ। ਸੋ ਇਸ ਤਰ੍ਹਾਂ ਗਲਤ ਤੇ ਗਲਤ ਹੋ ਜਾਂਦਾ ਹੈ। ਵਿਆਹ ਕਰ ਦਿਤਾ, ਉਹ ਕਿਨਾਰੇ ਹੋ ਜਾਂਦੇ ਨੇ, ਮਾਂ ਪਿਉ ਉਡੀਕਦੇ ਹੀ ਰਹਿ ਜਾਂਦੇ ਨੇ। ਸੁਖ ਕਿਥੋਂ ਪ੍ਰਾਪਤ ਹੋਇਆ। ਸੁਖ ਤਾਂ ਪ੍ਰਾਪਤ ਹੀ ਨਹੀਂ ਹੁੰਦਾ। ਸੁਖ ਵਾਲਾ ਤਾਂ ਇਕ ਸਰਵਣ ਆਇਆ ਸੀ ਜਿਹਦਾ ਨਾਉਂ ਚਲਦਾ ਹੈ। ਸੁਖ ਨਹੀਂ ਦਿੰਦੇ, ਆਪਣੇ ਹਿੱਤ ਦੇ ਹੋਇਆ ਕਰਦੇ ਨੇ ਸਾਰੇ-ਸੰਸਾਰ ਦੇ ਅੰਦਰ।

ਫਿਰ ਇਹ ਜਿਹੜੀ ਤੂੰ ਚਿੰਤਾ ਕਰਦੀ ਹੈਂ ਕਿ ਕੌਣ ਆਪਾਂ ਨੂੰ ਸਾਂਭੇਗਾ, ਇਹ ਤਾਂ ਵਾਹਿਗੁਰੂ ਨੇ ਸੰਭਾਲਣਾ ਹੈ - ਐਂ ਨਾ ਕਰ। ਲੇਕਿਨ ਉਹਦੇ ਮਨ ਵਿਚੋਂ ਇਹ ਗੱਲ ਜਾਵੇ ਨਾ। ਜਦ ਵੀ ਕਹੇ, ਇਹੀ ਕਹੇ, ਦੇਖੋ, ਪ੍ਰਭੂ ਦੀ ਭਗਤੀ ਕਰਦੇ ਹਾਂ, ਸੇਵਾ ਕਰਦੇ ਹਾਂ, ਸੰਤ ਮਹਾਂਪੁਰਸ਼ ਆਉਂਦੇ ਨੇ; ਇਉਂ ਵੀ ਨਹੀਂ ਹੈ ਕਿ ਇੱਕ ਪੁੱਤਰ ਹੀ ਦੇ ਦਿੰਦਾ ਰੱਬ। ਫੇਰ ਨੌਕਰ ਹੀ ਨਹੀਂ ਕੋਈ ਰਹਿੰਦਾ; ਜਿਹੜਾ ਆਉਂਦਾ ਹੈ, ਤੁਰ ਜਾਂਦਾ ਹੈ। ਕਿਉਂਕਿ ਸੁਭਾਅ ਥੋੜ੍ਹਾ ਕਠਿਨ ਸੀਗਾ। ਨੌਕਰ ਕੋਈ ਰਿਹਾ ਨਹੀਂ ਕਰਦਾ। ਕੌੜਾ ਸੁਭਾਅ ਹੋਵੇ - ਨੌਕਰ ਨੂੰ ਦੋਸ਼ ਦਿੰਦੇ ਨੇ। ਲੇਕਿਨ ਨੌਕਰ ਦਾ ਨਹੀਂ ਕੋਈ ਦੋਸ਼ ਹੁੰਦਾ, ਸੁਭਾਅ ਦਾ ਦੋਸ਼ ਹੋਇਆ ਕਰਦਾ ਹੈ; ਕੋਈ ਪ੍ਰੇਮੀ, ਕੋਲ ਰਿਹਾ ਨਹੀਂ ਕਰਦਾ, ਚਲੇ ਜਾਇਆ ਕਰਦੇ ਨੇ ਕਿਉਂਕਿ ਉਹ ਹੋਰ ਸਮਝਦਾ ਹੈ ਤੇ ਉਹ ਉਹਨੂੰ ਕੁਛ ਹੋਰ ਸਮਝਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਅਖੀਰ ਜਦ ਬਾਰ-ਬਾਰ ਇਹ ਗੱਲ ਹੋਣ ਲਗ ਗਈ ਤਾਂ ਪ੍ਰਭੂ ਨੇ ਵਿਚਾਰਿਆ ਕਿ ਭਗਤ ਦਾ ਮਨ ਦੁੱਖੀ ਹੈ। ਉਸ ਵੇਲੇ ਆਪ ਕਹਿਣ ਲੱਗੇ ਕਿ ਚੰਗਾ ਮੈਂ ਪਤਾ ਕਰਾਂਗਾ। ਜੇ ਕੋਈ ਚੰਗਾ ਮਿਲ ਗਿਆਂ ਤਾਂ ਮੈਂ ਜ਼ਰੂਰ ਲਿਆਵਾਂਗਾ। ਉਹਤੇ ਬਾਅਦ ਥੋੜ੍ਹਾ ਦਰਵਾਜ਼ੇ ਤੋਂ ਬਾਹਰ ਗਏ ਤਾਂ ਉਸੇ ਵੇਲੇ ਪ੍ਰਮੇਸ਼ਰ ਨੇ ਰੂਪ ਧਾਰ ਲਿਆਂ; ਨਿਰਗੁਨ ਤੋਂ ਸਰਗੁਨ ਹੋ ਗਏ। ਕਪੜੇ ਮੈਲੇ ਜਿਹੇ ਪਾਏ ਹੋਏ, ਨੇ, ਜੁੱਤੀ ਪੈਰਾਂ ਵਿੱਚ ਨਹੀਂ ਹੈ ਤੇ ਆਪ ਨੇ ਜਾ ਕੇ ਦਰਵਾਜ਼ਾ ਖੜਕਾਇਆ। ਕਹਿਣ ਲੱਗੇ, "ਮਾਤਾ! ਮੈਂ ਨੌਕਰੀ ਕਰਨੀ ਹੈ ਤੁਹਾਡੇ?" ਕਹਿੰਦੀ, "ਹਾਂ ਭਾਈ! ਅਸੀਂ ਤਾਂ ਨੌਕਰ ਭਾਲਦੇ ਫਿਰਦੇ ਹਾਂ ਤੇ ਹੁਣੇ ਗਏ ਨੇ ਭਗਤ ਜੀ ਪਤਾ ਕਰਨ ਬਾਹਰ - ਔਹ ਜਾਂਦੇ ਨੇ, ਥੋੜ੍ਹੀ ਹੀ ਦੂਰ ਗਏ ਨੇ। ਅੱਛਾ ਦੱਸ, ਕੀ ਕੰਮ ਕਰੇਂਗਾ?" ਕਹਿੰਦੇ, "ਮਾਤਾ! ਮੈਂ ਸਾਰੇ ਹੀ ਕੰਮ ਜਾਣਦਾ ਹਾਂ, ਜਿੰਨੇ ਵੀ ਦੁਨੀਆਂ ਦੇ ਨੇ। ਕੋਈ ਕੰਮ ਮੈਥੋਂ ਭੁਲਿਆ ਹੋਇਆ ਨਹੀਂ ਸੰਸਾਰ ਦੇ ਅੰਦਰ।" ਗੱਲ ਸਮਝ ਨਾ ਸਕੀ, ਰਮਜ਼ ਨ ਫੜੀ ਮਾਤਾ ਨੇ। ਕਹਿਣ ਲੱਗੀ, "ਅੱਛਾ! ਫੇਰ ਤੂੰ ਰੋਟੀਆਂ ਲਾਹ ਲੈਂਦਾ ਹੈਂ?" ਕਹਿੰਦੇ, "ਹਾਂ, ਰੋਟੀਆ ਲਾਹ ਲੈਨਾਂ, ਸੰਤਾਂ ਦੀ ਸੇਵਾ ਕਰਨ ਦਾ ਮੈਨੂੰ ਬੜਾ ਸ਼ੌਕ ਹੈ ਤੇ ਮੈਂ ਤੱਕਦਾ ਹੀ ਰਹਿੰਦਾ ਹਾਂ ਕਿ ਮੈਂ ਵੀ ਪਿਆਰਿਆਂ ਦੀ ਸੇਵਾ ਕਰਾਂ, ਸੰਤਾਂ ਦੀ ਸੇਵਾ ਕਰਾਂ। ਏਥੇ ਮੈਨੂੰ ਪਤਾ ਲਗਿਆ ਹੈ ਤੁਹਾਡੇ ਕੋਲ ਸਾਧੂ ਮਹਾਤਮਾ ਬਹੁਤ ਆਉਂਦੇ ਨੇ ਤੇ ਮੈਨੂੰ ਬੜੀ ਖੁਸ਼ੀ ਹੈ।" ਕਹਿਣ ਲੱਗੀ -

"ਅੱਛਾ ਫਿਰ ਐਂ ਦੱਸ, ਤੇਰਾ ਨਾਂ ਕੀ ਹੈ?"

"ਮਾਤਾ! ਨਾ ਤੋਂ ਕੀ ਲੈਣੈ ਤੁਸੀਂ, ਜਿਹੜਾ ਜੀਅ ਕਰਦਾ ਹੈ, ਨਾਉਂ ਲੈ ਲਉ, ਸਾਰੇ ਹੀ ਨਾਮ ਮੈਨੂੰ ਪਸੰਦ ਨੇ।"

"ਫੇਰ ਵੀ ਨਾਂ ਤਾਂ ਦੱਸ ਆਪਣਾ, ਅਸੀਂ ਤੈਨੂੰ ਕੀ ਕਹਿ ਕੇ ਬੁਲਾਇਆਂ ਕਰੀਏ?"

"ਕੁਛ ਕਹਿ ਲਉ, ਮੇਰਾ ਹੀ ਨਾਂ ਹੈ ਸਾਰਾ।"

"ਨਾਮ ਵੀ ਤੂੰ ਆਪਣਾ ਦੱਸ ਕੋਈ। ਸਾਨੂੰ ਕਿਵੇਂ ਪਤਾ ਲੱਗੂ?"

"ਚੰਗਾ, ਮੈਨੂੰ ਅੰਤਰਜਾਮੀ ਕਹਿ ਦਿਆ ਕਰੋ।"

"ਨਾਮ ਤਾਂ ਤੇਰਾ ਬਹੁਤ ਵਧੀਆ ਹੈ - 'ਅੰਤਰਜਾਮੀ'; ਰੱਬ ਦਾ ਨਾਮ ਵੀ 'ਅੰਤਰਜਾਮੀ' ਹੈ।"

"ਮਾਤਾ! ਸਾਰੇ ਹੀ ਨਾਮ ਰੱਬ ਦੇ ਨੇ।"

"ਅੱਛਾ ਦੱਸ, ਤਨਖਾਹ ਕੀ ਲਵੇਂਗਾ?"

"ਤਨਖਾਹ ਤਾਂ ਮੈਂ ਅੱਜ ਤੱਕ ਕਦੇ ਨਹੀਂ ਲਈ। ਸੇਵਾ ਕਰਨ ਦਾ ਮੈਨੂੰ ਸ਼ੌਕ ਹੈ; ਰਹਿੰਦਾ ਮੈਂ ਉਥੇ ਹਾਂ ਜਿੱਥੇ ਸਾਧੂ ਆਉਂਦੇ ਹੋਣ ਤੇ ਭਜਨ ਬੰਦਗੀ ਕਰਨ ਵਾਲੇ ਹੋਣ।"

"ਕੋਈ ਸ਼ਰਤ?"

"ਸ਼ਰਤ ਕੋਈ ਨਹੀਂ। ਜਿਹੜਾ ਕੱਪੜਾ ਦੇ ਦਿਉਂਗੇ, ਪਾ ਲਿਆ ਕਰੂੰਗਾ; ਜਿਹੜਾ ਕੁਛ ਖਾਣ ਨੂੰ ਦੇ ਦਿਉਂਗੇ, ਖਾ ਲਵਾਂਗਾ। ਮੈਂ ਕਦੇ ਸ਼ਿਕਾਇਤ ਕਰੀ ਹੀ ਨਹੀਂ ਅੱਜ ਤੱਕ।"

"ਕੋਈ ਹੋਰ ਸ਼ਰਤ?"

"ਇੱਕ ਸ਼ਰਤ ਹੈ ਕਿ ਜਿੱਦਣ ਮੇਰੇ ਨਾਲ ਕੋਈ ਪ੍ਰੇਮ ਨਾ ਕਰੇ, ਓਦਣ ਮੈਂ ਤੁਰ ਜਾਂਦਾ ਹਾਂ। ਜੇ ਕੋਈ ਨਿੰਦਿਆ ਕਰ ਦੇਵੇ, ਤਰਕ ਕਰ ਦੇਵੇ ਮੇਰੇ ਉਤੇ, ਫੇਰ ਨਹੀਂ ਕਿਸੇ ਦੀ ਕਰਨੀ ਹੀ ਨਹੀਂ। ਇਹ ਤਾਂ ਗੱਲ ਹੀ ਬਹੁਤ ਸੋਹਣੀ ਬਣ ਗਈ।"

ਅਖੀਰ ਸੰਤ ਆ ਗਏ, ਤ੍ਰਿਲੋਚਨ ਜੀ ਆ ਗਏ। ਦੇਖਿਆ, ਦਰਸ਼ਨ ਕਰੇ ਤੇ ਥੋੜ੍ਹੀ ਖਿੱਚ ਪਈ। ਕਹਿਣ ਲੱਗੇ, ਹੈਂ! ਨਾਂ ਵੀ ਅੰਤਰਜਾਮੀ ਹੈ ਤੇ ਦੇਖ ਕੇ ਖਿੱਚ ਪੈਂਦੀ ਹੈ। ਬੜਾ ਕੋਈ ਭਾਗਸ਼ਾਲੀ ਬੰਦਗੀ ਵਾਲਾ ਹੈ। ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਸਾਧੂ ਮਹਾਤਮਾ ਜਿੱਥੇ ਜਾਂਦੇ ਨੇ, ਉਹਦਾ ਜਸ ਕਰਦੇ ਨੇ ਕਿ ਦੇਖੋ, ਕਿਸ ਤਰ੍ਹਾਂ ਸਾਨੂੰ ਗਰਮ ਪਾਣੀ ਮਿਲਦਾ ਹੈ, ਕਿਸ ਤਰ੍ਹਾਂ ਚਰਨ ਦੱਬਦੇ ਨੇ, ਕਿਸ ਤਰ੍ਹਾਂ ਸੇਵਾ ਕਰਦੇ ਨੇ, ਕਿਸ ਤਰ੍ਹਾਂ ਬਸਤਰ ਧੋ ਦਿੰਦੇ ਨੇ - ਮਿੰਟ ਲਾਉਂਦੇ ਨੇ।

ਉਨ੍ਹਾਂ ਨੂੰ ਕੀ ਔਖਾ ਸੀ, ਫੁਰਨਾ ਹੀ ਕਰਨਾ ਸੀ, ਸਭ ਕੁਛ ਹੋ ਜਾਂਦਾ ਸੀ। ਸੋ ਕਰਦੇ-ਕਰਦੇ ਬਹੁਤ ਸਮਾਂ ਲੰਘ ਗਿਆ ਤੇ ਮਾਤਾ ਜੀ ਦੇ ਮਨ 'ਚ ਆਇਆ ਕਿ ਨੌਕਰ ਤਾਂ ਬੜਾ ਚੰਗਾ

ਹੈ, ਜਿੰਨਾ ਕੁ ਮੈਂ ਰੱਖ ਦਿੰਦੀ ਹਾਂ ਬਚਿਆ ਖੁਚਿਆ, ਓਨਾ ਕੁ ਖਾ ਲੈਂਦਾ ਹੈ ਤੇ ਸ਼ੁਕਰ ਕਰਦਾ ਹੈ। ਮੈਂ ਕਦੇ ਇਉਂ ਨਹੀਂ ਦੇਖਿਆ ਕਿ ਇਹਦੀ ਭੁੱਖ ਕਿੰਨੀ ਕੁ ਹੈ। ਮਨ ਵਿੱਚ ਧਾਰ ਲਿਆ ਕਿ ਮੈਂ ਇਹਨੂੰ ਰਜਾ ਕੇ ਦੇਖਾਂ, ਕਿੰਨਾਂ ਕੁ ਖਾਂਦਾ ਹੈ? ਕਹਿਣ ਲੱਗੀ, "ਅੰਤਰਜਾਮੀ! ਤੇਰੀ ਭੁੱਖ ਕਿੰਨੀ ਕੁ ਹੈ?" ਕਹਿੰਦਾ, "ਇਹ ਗੱਲ ਨਾ ਮੈਨੂੰ ਪੁੱਛ। ਮੇਰੇ ਪੇਟ ਵਿੱਚ ਤਾਂ ਸਭ ਕੁਛ ਪੈ ਜਾਵੇ - ਇਹ ਖੰਡ ਬ੍ਰਹਿਮੰਡ ਜਿੰਨੇ ਨਜ਼ਰ ਆਉਂਦੇ ਨੇ - ਤਾਂ ਵੀ ਮੈਂ ਰੱਜਦਾ ਨਹੀਂ ਹਾਂ।" ਕਹਿੰਦੀ, "ਇਹੋ ਜਿਹੀਆਂ ਗੱਲਾਂ ਤੂੰ ਕਿਉਂ ਕਰਦਾ ਹੈਂ। ਤੂੰ ਮੈਨੂੰ ਇਉਂ ਦੱਸ, ਕਿੰਨੀਆਂ ਰੋਟੀਆਂ ਖਾਂਦਾ ਹੁੰਦਾ ਹੈਂ?"

ਇਹ ਸਮਝੇ ਨਾ, ਉਹ ਰਮਜ਼ਾਂ ਮਾਰੀ ਜਾਣ। ਅਖੀਰ, ਪਰਸ਼ਾਦੇ ਲਾਹੁਣ ਲੱਗ ਗਈ। ਪਹਿਲਾਂ ਆਟਾ ਗੁੰਨਿਆ ਸੇਰ ਕੁ, ਫੇਰ ਦੋ ਸੇਰ ਗੁੰਨ ਲਿਆ, ਫੇਰ ਪੰਜ ਸੇਰ ਗੁੰਨ੍ਹ ਲਿਆ। ਜਿਹੂੰ ਲੱਗੀ ਸਵੇਰ ਤੋਂ ਪ੍ਰਸ਼ਾਦੇ ਲਾਹੁਣ, ਦੁਪਹਿਰਾ ਹੋ ਗਿਆ। ਉਹ ਰੱਖੀ ਜਾਵੇ, ਉਹ ਖਾਈ ਜਾਣ। ਮਨ ਵਿਚ ਗਿਣਤੀਆਂ ਕਰਨ ਲੱਗ ਗਈ ਕਿ ਇਹ ਤਾਂ ੨੦ ਸੇਰ ਆਟਾ ਖਾ ਗਿਆ। ਧੂੰਆਂ ਹੋ ਗਿਆ ਅੰਦਰ, ਅੱਖਾਂ ਵਿਚੋਂ ਪਾਣੀ ਜਾਣ ਜਾਣ ਲੱਗ ਗਿਆ, ਥੱਕ ਗਈ, ਬਾਹਰ ਆ ਗਈ। ਪੜੌਸਣ ਕਹਿਣ ਲੱਗੀ, "ਬੀਬੀ ਜੀ! ਤੁਸੀਂ ਅੱਜ ਬਾਹਰ ਹੀ ਨਹੀਂ ਆਏ। ਤੁਹਾਡੀਆਂ ਅੱਖਾਂ ਵਿਚੋਂ ਪਾਣੀ ਜਿਹਾ ਜਾਂਦਾ ਹੈ, ਤੁਸੀਂ ਅੱਜ ਕੁਛ ਪਰੇਸ਼ਾਨ ਲਗਦੇ ਹੋ, ਅੱਗੇ ਤਾਂ ਤੁਹਾਡਾ ਚਿਹਰਾ ਬੜਾ ਖਿੜਿਆ ਹੁੰਦਾ ਹੈ?" ਕਹਿੰਦੀ, "ਨਹੀਂ ਕੋਈ ਗੱਲ ਨਹੀਂ।" ਕਹਿੰਦੀ, "ਹੈ ਤਾਂ ਕੋਈ ਗੱਲ। ਗੱਲ ਤੋਂ ਬਗੈਰ ਨਹੀਂ ਆਦਮੀ ਦਾ ਚਿਹਰਾ ਬਦਲਿਆਂ ਕਰਦਾ। ਕੋਈ ਗੱਲ ਹਿਰਦੇ 'ਚ ਹੋਵੇ ਤਾਂ ਆਦਮੀ ਦੇ ਚਿਹਰੇ ਤੇ ਅਸਰ ਹੋ ਜਾਂਦਾ ਹੈ। ਗੱਲ ਦੱਸ ਕੀ ਹੈ?" ਕਹਿੰਦੀ, "ਕਾਹਦੀ ਗੱਲ ਦੱਸਾਂ, ਇਹ ਨੌਕਰ ਕੀ ਆਇਆ ਹੈ, ਛਟੀ ਦਾ ਭੁੱਖਾ ਹੈ। ਮੈਂ ਸਵੇਰ ਤੋਂ ਕਿਹਾ ਕਿ ਇਹਨੂੰ ਰਜਾਵਾਂ; ਮੈਂ ਕੀ ਦੱਸਾਂ, ਇਹ ੨੦ ਸੇਰ ਆਟਾ ਖਾ ਗਿਆ, ਅਜੇ ਰੱਜਣ ਵਿਚ ਨਹੀਂ ਆਉਂਦਾ। ਮੈਂ ਤਾਂ ਬਲਾ ਛੇੜ ਲਈ। ਖਬਰੇ ਕੀ ਭੂਤ ਬਲਾ ਹੈ, ਮੈਨੂੰ ਤਾਂ ਪਤਾ ਨਹੀਂ ਲੱਗਦਾ, ਕੀ ਇਹ ਬੰਦਾ ਹੈ ਕਿ ਕੁਛ ਹੋਰ ਹੈ।"

ਏਨੀ ਗੱਲ ਕਹੀ, ਸ਼ਰਤ ਟੁੱਟ ਗਈ। ਭਗਵਾਨ ਆਪਣੇ ਅੰਤਰ ਧਿਆਨ ਹੋ ਗਏ ਉਥੇ ਹੀ, ਨਿਰਗੁਣ ਸਰੂਪ ਧਾਰਨ ਕਰ ਲਿਆ। ਉਸ ਤੋਂ ਬਾਅਦ ਭਗਤ ਜੀ ਵੀ ਆ ਗਏ। ਦੇਖਦੇ ਨੇ ਕਿ ਕੋਈ ਪਰਸ਼ਾਦਾ ਨਹੀਂ, ਕੋਈ ਦਾਲ ਨਹੀਂ - ਕੁਛ ਨਹੀਂ ਹੈ। ਘਰ ਵਾਲੀ ਹਾਕਾਂ ਮਾਰਦੀ ਹੈ - ਅੰਤਰਜਾਮੀ, ਅੰਤਰਜਾਮੀ, ਪਰ ਕੋਈ ਜਵਾਬ ਨਹੀਂ ਆਉਂਦਾ। ਮੱਥਾ ਠਣਕ ਗਿਆ ਕਿ ਮੈਂ ਤਾਂ ਮਾੜੀ ਗੱਲ ਕਰ ਦਿਤੀ, ਇਹ ਤਾਂ ਸੱਚੀਂ ਹੀ ਅੰਤਰਜਾਮੀ ਸੀ। ਭਗਤ ਜੀ ਆ ਗਏ, ਕਹਿਣ ਲੱਗੇ -

"ਕੀ ਗੱਲ ਹੋਈ?"

"ਉਹ ਨੌਕਰ ਨੱਠ ਗਿਆ।"

"ਨੱਠਿਆ ਨਹੀਂ ਹੈ, ਤੂੰ ਨਠਾਇਆ ਹੋਣਾ ਹੈ।"

"ਤੁਸੀਂ ਤਾਂ ਮੇਰੇ ਵਿਚ ਹੀ ਦੋਸ਼ ਕਢਦੇ ਹੋ। ਇਕ ਤਾਂ ਭਗਵਾਨ ਨੇ ਪੁੱਤਰ ਕੋਈ ਨਹੀਂ ਦਿਤਾ; ਇਹ ਨੌਕਰ ਦਿਤਾ ਸੀ, ਉਹ ਵੀ ਨੱਠ ਗਿਆ।"

ਕਹਿੰਦੇ, "ਬੀਬੀ! ਭਗਵਾਨ ਨੂੰ ਕਾਹਨੂੰ ਦੋਸ਼ ਦਿੰਦੀ ਹੈਂ, ਕਾਹਨੂੰ ਮਾੜਾ ਕਹੀ ਜਾਂਦੀ ਹੈਂ - ਨਾ ਤੂੰ ਪਛਾਣ ਸਕੀ, ਨਾ ਮੈਂ ਪਛਾਣ ਸਕਿਆ। ਉਹ ਕਹਿੰਦਾ ਸੀ ਕਿ ਮੈਨੂੰ ਤਾਂ ਕੋਈ ਰਜਾਅ ਹੀ ਨਹੀਂ ਸਕਦਾ। ਸਾਰਾ ਬ੍ਰਹਿਮੰਡ ਉਹਦੇ ਪੇਟ ਵਿੱਚ ਪੈ ਜਾਵੇ। ਪਰਲੋ ਕਾਲ ਤੱਕ ਜਿੰਨਾਂ ਦ੍ਰਿਸ਼ਟਮਾਨ ਹੈ, ਸਾਰਾ ਉਹਦੇ ਵਿਚ ਸਮਾਅ ਜਾਂਦਾ ਹੈ। ਉਹ ਠੀਕ ਕਹਿੰਦਾ ਸੀ ਕਿ ਮੈਨੂੰ ਕੋਈ ਰਜਾਅ ਨਹੀਂ ਸਕਦਾ। ਫੇਰ ਉਹ ਇਹ ਵੀ ਕਹਿੰਦਾ ਸੀ ਕਿ ਜਿਥੇ ਸਾਧੂ ਸੰਤ ਹੋਣ, ਉਥੇ ਮੇਰਾ ਜੀਅ ਲੱਗਦਾ ਹੈ?"

***ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥***
***ਜਹ ਜਹ ਕਾਜ ਕਿਰਤਿ ਸੇਵਕ ਕੀ***
***ਤਹਾ ਤਹਾ ਉਠਿ ਧਾਵੈ ॥੧॥***
***ਸੇਵਕ ਕਉ ਨਿਕਟੀ ਹੋਇ ਦਿਖਾਵੈ ॥***
***ਜੋ ਜੋ ਕਹੈ ਠਾਕੁਰ ਪਹਿ ਸੇਵਕੁ***
***ਤਤਕਾਲ ਹੋਇ ਆਵੈ ॥ ਅੰਗ - ੪੦੩***
***ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ॥***
***ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ॥ ਅੰਗ - ੬੯੫***

ਕਹਿਣ ਲੱਗੇ, "ਤੂੰ ਨਾਰਾਇਣ ਦੀ ਨਿੰਦਿਆ ਕਰ ਦਿਤੀ। ਉਹਨੇ ਤਾਂ ਪਹਿਲਾਂ ਹੀ ਕਹਿ ਦਿਤਾ ਸੀ ਕਿ ਜਦੋਂ ਮੈਨੂੰ ਕੋਈ ਪਿਆਰ ਨਾ ਕਰੇ, ਤਰਕ ਕਰੇ, ਨਿੰਦਿਆ ਕਰੇ; ਉਸ ਵੇਲੇ ਮੈਂ ਚਲਿਆ ਜਾਵਾਂਗਾ। ਪਛਾਣ ਨਾ ਸਕੇ ਕਿਉਂਕਿ ਆਪਣੇ ਕਰਮ ਨਹੀਂ ਸੀ ਪਰ ਫੇਰ ਵੀ ਦੇਖ, ਕਿੰਨੀ ਦੇਰ.........। ਕਿਸੇ ਨੂੰ ਇਕ ਵਾਰੀ ਦਰਸ਼ਨ ਦਿਤੇ ਨੇ, ਕਿਸੇ ਨੂੰ ਦੋ ਵਾਰੀ; ਆਪਣੇ ਤਾਂ ਕਿੰਨੇ ਸਾਲ ਸੇਵਕ ਬਣ ਕੇ, ਨੌਕਰ ਬਣ ਕੇ ਸੇਵਾ ਕਰਦੇ ਰਹੇ ਨੇ ਪ੍ਰਭੂ! ਇਹ ਕਰਮਾਂ ਦੀ ਖੇਡ ਹੋ ਰਹੀ ਹੈ।" ਸੋ ਨਿੰਦਿਆ ਪਰਮੇਸ਼ਰ ਨੂੰ ਵੀ ਨਾਰਾਜ਼ ਕਰ ਦਿੰਦੀ ਹੈ - 'ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥ ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥' ਨਿੰਦਿਆ ਕਰਨ ਵਾਲਾ ਜੇ ਇਹ ਸਮਝੇ ਕਿ ਮੇਰੇ ਅੰਦਰ ਨਾਮ ਦੀ ਧੁਨ ਚਲ ਪਵੇਗੀ - ਬਿਲਕੁਲ ਗਲਤ ਹੈ। ਨਾਮ ਤਾਂ ਜਦ ਤੱਕ ਅਸੀਂ ਬਿਲਕੁਲ ਸਰਲ ਨਹੀਂ ਹੁੰਦੇ, ਪੂਰੇ ਗੁਣ ਹਿਰਦੇ ਵਿਚ ਧਾਰਣ ਨਹੀਂ ਕਰਦੇ, ਓਨੀਂ ਦੇਰ ਤਕ ਨਾਮ ਦੀ ਰੌ ਨਹੀਂ ਚਲਿਆ ਕਰਦੀ, ਨਾਮ ਟੁੱਟ ਜਾਇਆ ਕਰਦਾ ਹੈ - ਨਾਮ ਜਪਣ ਵਾਲਿਆਂ ਨੂੰ ਪਤਾ ਹੈ। ਜੇ ਸੇਵਾ ਕਰਕੇ ਵੀ ਦਿਖਾਵਾ ਕਰ ਦੇਣ - ਉਸੇ ਵੇਲੇ ਟੁੱਟ ਜਾਊ। ਬਰਤਨ ਮਾਂਜ ਦੇਣ, ਚਿਤ ਵਿੱਚ ਆ ਜਾਵੇ ਕਿ ਮੈਂ ਐਡਾ ਵੱਡਾ ਹੋ ਕੇ ਬਰਤਨਾਂ ਦੀ ਸੇਵਾ ਕਰਦਾ ਹਾਂ, ਉਸੇ ਵੇਲੇ ਲਿਵ ਅੰਦਰੋਂ ਟੁੱਟ ਜਾਵੇਗੀ। ਨਾਮ ਨਹੀਂ ਚਲਦਾ, ਨਾਮ ਲਈ ਤਾਂ ਬਹੁਤ ਸਾਵਧਾਨੀ ਵਰਤਣੀ ਪੈਂਦੀ ਹੈ। ਉਹਦੇ ਬਾਰੇ ਮਹਾਰਾਜ ਫੁਰਮਾਨ ਕਰਦੇ ਨੇ ਕਿ ਉਸਤਤ ਵੀ ਓਨੀ ਹੀ ਵਿਘਨਕਾਰੀ ਹੈ ਜਿੰਨੀ ਨਿੰਦਿਆ। ਆਦਮੀ ਚਾਹੁੰਦਾ ਹੈ ਮੇਰੀ ਕੋਈ ਸ਼ਲਾਘਾ ਕਰੇ, ਮੈਨੂੰ ਚੰਗਾ ਕਹੇ, ਸਟੇਜ ਤੇ ਬੋਲਣ ਵਾਲਾ ਮੇਰਾ ਜਸ ਕਰੇ ਕਿ ਇਹ ਤਾਂ ਬਹੁਤ ਵੱਡੇ ਨੇ, ਕਿਉਂਕਿ routine ਚੱਲੀ ਹੋਈ ਹੈ। ਭਾਵੇਂ ਕੁਛ ਜਾਣਦਾ ਨਾ ਹੋਵੇ, ਕੋਈ ਸ਼ਰਧਾ ਨਾ ਹੋਵੇ, ਕੋਈ ਬਾਤ ਨਾ ਹੋਵੇ; ਐਵੇਂ ਕਹੀ ਜਾਣਾ ਕਿ ਇਹ ਤਾਂ ਮਹਾਤਮਾ ਆਪ

ਪਰਮੇਸ਼ਰ ਨੇ, ਆਪ ਬ੍ਰਹਮ ਗਿਆਨੀ ਨੇ। ਜੇ ਬ੍ਰਹਮ ਗਿਆਨੀ ਨੇ ਤਾਂ ਇਨ੍ਹਾਂ ਤੋਂ ਕੋਈ ਫਾਇਦਾ ਉਠਾ। ਫੇਰ ਜੇ ਤੂੰ ਉਨ੍ਹਾਂ ਨੂੰ ਰੱਬ ਦਾ ਰੂਪ ਸਮਝਦਾ ਹੈਂ; ਸਟੇਜ ਤੋਂ ਤਾਂ ਬੋਲ ਦਿਤਾ ਕਿ ਇਹ ਤਾਂ ਰੱਬ ਵਰਗੇ ਹੀ ਨੇ; ਫੇਰ ਭਾਈ ਤੂੰ ਇਨ੍ਹਾਂ ਤੋਂ ਕੋਈ ਫਾਇਦਾ ਉਠਾ, ਇਨ੍ਹਾਂ ਨੂੰ ਪਿਆਰ ਕਰ। ਇਹ ਕੇਵਲ ਅੱਖਰ ਹੋਇਆ ਕਰਦਾ ਨੇ। ਇਹ ਅੱਖਰ ਜੋ ਬੋਲਦਾ ਹੈ, ਇਹਨੂੰ ਉਸਤਤ ਕਹਿੰਦੇ ਨੇ। ਇਹ ਆਦਮੀ ਦੇ ਅੰਦਰ ਭੁੱਖ ਹੈ - praise (ਵਡਿਆਈ) ਦੀ। ਨਿੰਦਿਆ ਤੋਂ ਘਬਰਾਉਂਦਾ ਹੈ - praise ਨੂੰ ਚੰਗਾ ਸਮਝਦਾ ਹੈ ਕਿ ਮੇਰੀ ਕੋਈ ਉਸਤਤ ਕਰੇ, ਮੈਨੂੰ ਚੰਗਾ ਕਹੇ, ਮੇਰੀ ਉਸਤਤ ਹੋ ਜਾਵੇ। ਨਿੰਦਿਆ ਵਾਲੀ ਗੱਲ ਇਹ ਬਾਰ-ਬਾਰ ਨਹੀਂ ਪੁੱਛਦਾ, ਉਸਤਤ ਵਾਲੀ ਗੱਲ ਬਾਰ-ਬਾਰ ਪੁੱਛੀ ਜਾਊ ਕਿ ਫੇਰ ਉਹਨੇ ਕੀ ਕਿਹਾ। ਉਹ ਫੇਰ ਕਹਿਣਗੇ ਕਿ ਉਹ ਕਹਿੰਦਾ ਸੀ, ਫਲਾਣਾ ਕੀਰਤਨ ਬਹੁਤ ਸੁਹਣਾ ਕਰਦਾ ਹੈ। ਇਹ praise (ਵਡਿਆਈ) ਹੋਇਆ ਕਰਦੀ ਹੈ। ਮਹਾਰਾਜ ਕਹਿੰਦੇ, ਦੋਇ ਛੱਡ ਦਿਓ -

***ਧਾਰਨਾ - ਉਸਤਤ ਨਿੰਦਾ ਦੋਊ ਤਿਆਗੇ,***
***ਖੋਜੈ ਪਦ ਨਿਰਬਾਨਾ ਜੀ - ੨, ੨.***

ਉਸਤਤ ਸੁਣਨੀ ਤੇ ਖੁਸ਼ ਹੋਣਾ, ਨਿੰਦਿਆ ਸੁਣਨੀ ਤੇ ਦੁਖੀ ਹੋਣ; ਇਹ ਸਮ ਬਿਰਤੀ ਨਹੀਂ ਰਿਹਾ ਕਰਦੀ। ਇਹ ਬਿਰਤੀ ਨੂੰ ਹਿਲਾਉਣ ਵਾਲੀਆਂ ਚੀਜ਼ਾਂ ਨੇ ਤੇ ਮਹਾਤਮਾ ਤਾਂ ਪਰਵਾਹ ਨਹੀਂ ਕਰਿਆ ਕਰਦੇ - ਨਾ ਨਿੰਦਿਆ ਦੀ, ਨਾ ਉਸਤਤ ਦੀ -

***ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥***
***ਅੰਗ - ੨੧੯***

ਮਹਾਰਾਜ ਕਹਿੰਦੇ, ਇਹ ਕੋਈ ਮਾਮੂਲੀ ਆਦਮੀ ਨਹੀਂ ਕਰ ਸਕਦਾ।

***ਜਨ ਨਾਨਕ ਇਹੁ ਖੇਲੁ ਕਠਨੁ ਹੈ***
***ਕਿਨਹੂੰ ਗੁਰਮੁਖਿ ਜਾਨਾ॥ ਅੰਗ - ੨੧੯***

ਇਹ ਤਾਂ ਹੱਦ ਤੋਂ ਜ਼ਿਆਦਾ ਔਖੀ ਖੇਡ ਹੈ। ਜਿਹਨੂੰ ਪੂਰਨ ਗਿਆਨ ਹੋ ਗਿਆ, ਵਾਹਿਗੁਰੂ ਤੋਂ ਬਿਨਾਂ ਜਿਹੜਾ ਹੋਰ ਨਹੀਂ ਦੇਖਦਾ, ਉਹ ਤਾਂ ਇਸ ਤੋਂ ਲੰਘ ਜਾਂਦਾ ਹੈ, ਪਰ ਸੰਸਾਰ ਦੀ ਨਹੀਂ ਤਾਕਤ ਕਿ ਉਸਤਤ ਤੇ ਨਿੰਦਿਆ ਦੇ ਚੱਕਰ ਵਿਚੋਂ ਲੰਘ ਸਕੇ। ਉਸਤਤ ਸਭ ਨੂੰ ਚੰਗੀ ਲੱਗਦੀ ਹੈ, ਮਿੱਠੀ ਲਗਦੀ ਹੈ ਲੇਕਿਨ ਧੋਖਾ ਕਰ ਰਿਹਾ ਹੈ - ਉਸਤਤ ਕਰਨ ਵਾਲਾ। ਦਿਲੋਂ ਨਹੀਂ ਬੋਲਦਾ, ਉਤੋਂ-ਉਤੋਂ ਕਹਿੰਦਾ ਹੈ ਕਿ ਐਵੇਂ ਬੋਲੀ ਜਾਂਦਾ ਹੈ, ਪਰ ਦੂਜਾ ਉਹਨੂੰ ਸੱਚ ਸਮਝਦਾ ਹੈ। ਕਹਿੰਦੇ, ਦੋਇ ਧੋਖੇ ਵਿੱਚ ਨੇ। ਉਹ ਉਹਨੂੰ ਧੋਖਾ ਦੇ ਰਿਹਾ ਹੇ, ਉਹ ਧੋਖਾ ਖਾ ਰਿਹਾ ਹੈ। ਨਿੰਦਿਆ ਜਿਹੜੀ ਹੈ, ਉਹ ਅੰਦਰਲੀ ਮੈਲ ਹੋਇਆ ਕਰਦੀ ਹੈ, ਦੂਜੇ ਨੂੰ ਦੇਖ ਕੇ ਖਿਝਦਾ ਹੈ। ਸੰਤ ਤਾਂ ਖਿਝਦੇ ਹੀ ਨਹੀਂ। ਉਹ ਤਾਂ ਕਹਿੰਦੇ ਨੇ ਕਿ ਜਿਹੜਾ ਨਿੰਦਿਆ ਕਰਦਾ ਹੈ, ਉਹ ਤਾਂ ਮੇਰਾ ਮਿੱਤਰ ਹੈ ਕਿਉਂਕਿ ਮੇਰੇ ਪਾਪ ਲਾਹ ਰਿਹਾ ਹੈ, ਆਪ ਲੈ ਰਿਹਾ ਹੈ। ਐਡਾ ਵੱਡਾ ਕੌਣ ਹੈ - ਪਾਪ ਕਰੇ ਹੋਏ ਹੋਣ ਤੇ ਉਹ ਬਗੈਰ ਪੈਸੇ ਤੋਂ, ਬਗੈਰ ਕਿਸੇ ਗੱਲ ਤੋਂ, ਬਗੈਰ ਅਹਿਸਾਨ ਕੀਤੇ ਤੋਂ ਪਾਪ ਲੈ ਲਏ। ਸੰਤ ਤਾਂ ਖੁਸ਼ ਹੁੰਦੇ ਨੇ -

***ਨਿੰਦਾ ਕਰੈ ਸੁ ਹਮਰਾ ਮੀਤੁ॥ ਅੰਗ - ੩੩੯***

ਕਹਿੰਦੇ, ਮਿੱਤਰ ਤਾਂ ਸਾਡਾ ਅਸਲੀ ਉਹ ਹੀ ਹੈ ਜਿਹੜਾ ਨਿੰਦਿਆ ਕਰੇ।

ਭਗਤ ਨਾਮਦੇਵ ਜੀ ਆਪਣੀ ਮੌਜ ਵਿੱਚ ਬੈਠੇ ਨੇ। ਆਪ ਨੇ ਐਸਾ ਕਰ ਲਿਆ - ਕਿਉਂਕਿ ਮਹਾਂਪੁਰਖਾਂ ਦਾ ਇਹ ਹੁੰਦਾ ਹੈ ਕਿ ਨਾਲ ਦੀ ਨਾਲ ਸੰਸਾਰ ਦਾ ਜਿੰਨਾ ਭਲਾ ਹੋ ਸਕੇ, ਕਰਨਾ ਚਾਹੀਦਾ ਹੈ। ਆਪਣੇ ਨਿਜ ਅਨੰਦ ਵਿੱਚ ਮਹਾਂਪੁਰਸ਼ ਬੈਠਦੇ ਨੇ। ਇਹਨੂੰ 'ਨਿਰਵਿਰਤੀ ਪੱਖ' ਵਾਲੇ ਮਹਾਂਪੁਰਸ਼ ਕਹਿੰਦੇ ਨੇ। ਉਹ ਬਾਤ ਨਹੀਂ ਕਿਸੇ ਨਾਲ ਕਰਿਆ ਕਰਦੇ, ਆਪਣੇ ਰਸ ਵਿੱਚ ਰਹਿੰਦੇ ਨੇ, ਇਕਾਂਤ ਥਾਵਾਂ ਤੇ ਰਹਿੰਦੇ ਨੇ; ਜਿਥੇ ਕੋਈ ਆਵੇ ਨਾ, ਓਥੇ ਰਹਿੰਦੇ ਨੇ। ਆਪਣੀ ਮਹਿਮਾ ਨਹੀਂ ਹੋਣ ਦਿੰਦੇ, ਪਤਾ ਨਹੀਂ ਲੱਗਣ ਦਿੰਦੇ। ਕਈ ਐਸੇ ਮਹਾਤਮਾ ਦੀਆਂ ਸਾਖੀਆਂ ਇਤਿਹਾਸ ਵਿੱਚ ਆਉਂਦੀਆਂ ਨੇ ਕਿ ਵੇਸ਼ਵਾਵਾਂ ਦੇ ਘਰ ਵਿੱਚ ਜਾ ਕੇ ਰਹਿਣਾ ਸ਼ੁਰੂ ਕਰ ਦਿਤਾ ਕਿ ਓਥੇ ਸਾਨੂੰ ਕੋਈ ਜਾਣੇ ਨਾ -

***ਬੁੱਲਿਆ, ਓਥੇ ਵਸੀਏ, ਜਿਥੇ ਸਾਰੇ ਹੀ ਅੰਨ੍ਹੇ।***
***ਨ ਕੋਈ ਸਾਨੂੰ ਜਾਣੇ, ਨਾ ਕੋਈ ਮੰਨੇ।***

ਕਿਉਂਕਿ ਮੰਨਣਾ ਵੀ ਇਕ ਪੁਆੜਾ ਪਾਉਣਾ ਹੁੰਦਾ ਹੈ ਗਲ ਵਿੱਚ। ਸੰਸਾਰ ਦੇ ਅੰਦਰ ਨਾਮ ਵਾਲਾ ਤਾਂ ਕੋਈ ਵਿਰਲਾ ਆਉਂਦਾ ਹੈ, ਹੋਰ ਹੀ ਸਮਾਂ ਬਰਬਾਦ ਕਰਨ ਵਾਲੇ ਸੰਤਾਂ ਦੇ ਆਲੇ-ਦੁਆਲੇ ਜਮ੍ਹਾ ਹੋ ਜਾਂਦੇ ਨੇ। ਕੋਈ ਕਹਿੰਦਾ ਹੈ ਮੈਨੂੰ ਆਹ ਦੁੱਖ ਹੈ ਜੀ, ਕੋਈ ਕਹਿੰਦਾ ਹੈ ਮੈਨੂੰ ਡਰ ਲਗਦਾ ਹੈ, ਕੋਈ ਕਹਿੰਦਾ ਹੈ ਮੇਰੇ ਘਰ ਪ੍ਰੇਤ ਆਉਂਦਾ ਹੈ ਜੀ। ਭਾਈ! ਤੁਸੀਂ ਨਾਮ ਤਾਂ ਜਪਦੇ ਨਹੀਂ, ਬੰਦਗੀ ਨਹੀਂ ਕਰਦੇ; ਕਰਮ ਮਾੜੇ ਕਰੇ ਹੋਏ ਨੇ, ਉਨ੍ਹਾਂ ਦਾ ਫਲ ਭੁਗਤੋ। ਸੰਤਾਂ ਦਾ ਸਮਾਂ ਨਸ਼ਟ ਕਰਦੇ ਹੋ। ਨਾ ਸੰਤਾਂ ਨੂੰ ਕੋਈ ਗਰਜ਼ ਹੁੰਦੀ ਹੈ, ਪਰ ਉਨ੍ਹਾਂ ਦੇ ਅੰਦਰ ਕੁਦਰਤ ਨੇ ਐਸਾ ਰਖਿਆ ਹੈ ਕਿ -

***ਬ੍ਰਹਮਗਿਆਨੀ ਪਰਉਪਕਾਰ ਉਮਾਹਾ॥***

ਪਰਉਪਕਾਰ ਦੇ ਅੰਦਰ ਚਸ਼ਮਾ ਚਲਦਾ ਹੈ। ਕੋਈ ਆ ਜਾਵੇ, ਕਹਿੰਦੇ, ਕੋਈ ਗੱਲ ਨਹੀਂ, ਇਹ ਦੁਖੀ ਹੈ ਵਿਚਾਰਾ, ਗੱਲ ਕਰ ਲੈਣ ਦੇ। ਸਮਾਂ ਬਰਬਾਦ ਕਰਦੇ ਨੇ।

ਨਾਮਦੇਵ ਜੀ ਨੇ - ਪ੍ਰਵਿਰਤੀ ਪੱਖ ਸੀ ਉਨ੍ਹਾਂ ਦਾ- ਉਨ੍ਹਾਂ ਨੇ ਇਉਂ ਕਰ ਲਿਆ ਕਿ ਬੱਚਿਆਂ ਨੂੰ ਪੜ੍ਹਾ ਦੇਈਏ, ਵਿਦਿਆ ਪੜ੍ਹਾਈਏ - ਸ਼ੁੱਧ ਵਿਦਿਆ। ਬ੍ਰਹਮ-ਵਿਦਿਆ ਪੜ੍ਹਾ ਦਿਤੀ ਜਾਵੇ ਕਿਉਂਕਿ ਸਭ ਤੋਂ ਉਤਮ ਜੋ ਵਿਦਿਆ ਹੈ, ਉਹ ਬ੍ਰਹਮ-ਵਿਦਿਆ ਹੋਇਆ ਕਰਦੀ ਹੈ। ਬਾਕੀ ਵਿਦਿਆ ਜਿਹੜੀਆਂ ਨੇ, ਉਹ ਧੋਖਾ ਦੇਣ ਵਾਲੀਆਂ ਨੇ, ਬ੍ਰਹਮ-ਵਿਦਿਆ ਪਾਰ ਕਰਨ ਵਾਲੀ ਹੈ। ਸੋ ਆਪ ਦੇ ਕੋਲ ਬੱਚੇ ਛੋਟੀ ਉਮਰ ਤੋਂ ਹੀ ਪੜ੍ਹਨ ਲਾ ਦਿੰਦੇ ਸੀ। ਇਕ ਸੇਠ ਨੇ ਇਹ ਗੱਲ ਵਿਚਾਰ ਕੇ, ਕਿ ਬੱਚਾ ਛੋਟੀ ਉਮਰ ਵਿੱਚ ਜੇ ਸੰਤਾਂ ਕੋਲ ਰਹਿ ਜਾਵੇ ਤਾਂ ਵਿਸ਼ੇ-ਵਿਕਾਰਾਂ ਤੋਂ ਬਚ ਜਾਇਆ ਕਰਦਾ ਹੈ। ਬਹੁਤ ਸਿਆਣੇ ਜਿਹੜੇ ਮਾਂ-ਬਾਪ ਨੇ, ਉਹ ਬੱਚਿਆਂ ਮਹਾਤਮਾ ਦੇ ਲੜ ਲਾ ਦਿੰਦੇ ਨੇ। ਮਹਾਂਪੁਰਸ਼ਾਂ ਦੇ ਕੋਲ

ਰਹਿੰਦੇ ਨੇ ਤੇ ਜੀਵਨ ਮਹਾਂਪੁਰਸ਼ਾਂ ਦਾ ਜਿਹੜਾ ਹੁੰਦਾ ਹੈ, ਉਸ ਦਾ ਕੁਦਰਤੀ ਤੌਰ ਤੇ ਉਨ੍ਹਾਂ ਦੇ ਉਤੇ ਅਸਰ ਹੋਣਾ ਸ਼ੁਰੂ ਹੋ ਜਾਂਦਾ ਹੈ। ਸੰਸਾਰ ਨਾਲੋਂ ਫੇਰ ਵੀ ਚੰਗੇ ਰਹਿੰਦੇ ਨੇ, ਸ਼ਰਾਬਾਂ-ਕਬਾਬਾਂ ਵਿੱਚ ਨਹੀਂ ਪੈਂਦੇ; ਕੁਛ ਅੰਦਰ ਗਿਆਨ ਹੁੰਦਾ ਹੈ, ਸੇਵਾ ਭਾਵ ਹੁੰਦਾ ਹੈ, ਮਾਂ-ਬਾਪ ਦੀ ਇੱਜ਼ਤ ਹੁੰਦੀ ਹੈ, ਸੰਸਾਰ ਦੇ ਵਿੱਚ ਜਾਣਦੇ ਹੁੰਦੇ ਨੇ ਕਿ ਕਿਸ ਤਰ੍ਹਾਂ ਵਰਤਣਾ ਹੈ।

ਉਸ ਨੇ ਸੋਚਿਆ ਕਿ ਬੱਚੇ ਨੇ ਬੜਾ ਹੋ ਕੇ ਤਾਂ business man ਬਣ ਜਾਣਾ ਹੈ ਮੇਰੇ ਵਰਗਾ, ਤੇ ਇਹਨੂੰ ਕੁਛ ਰੂਹਾਨੀ ਸੋਝੀ ਹੋ ਜਾਵੇ ਸੰਤਾਂ ਦੇ ਕੋਲ ਜਾ ਕੇ। ਸੋ ਉਨ੍ਹਾਂ ਨੇ ਬੱਚੇ ਨੂੰ ਨਾਲ ਲਿਆ ਲੇਕਿਨ ਆਪਣਾ ਜੋ ਸੇਠਪੁਣਾ ਸੀ, ਵਡੱਪਣ ਸੀ, ਉਹ ਦਿਖਾਉਣ ਵਾਸਤੇ ਮਾਤਾ ਨੇ ਕੰਠੇ ਵੀ ਪਾ ਦਿਤੇ, ਕੜੇ ਵੀ ਪਾ ਦਿਤੇ, ਹੋਰ ਵੀ ਗਹਿਣੇ ਪਾ ਦਿਤੇ ਤੇ ਨਾਮਦੇਵ ਜੀ ਕੋਲ ਛੱਡ ਗਏ। ਸੇਠ ਜੀ ਨੇ ਕਿਹਾ ਕਿ ਭਗਤ ਜੀ! ਇਸ ਬੱਚੇ ਨੂੰ ਵੀ ਸਾਂਭੋ ਤੇ ਆਪਣਾ ਸੇਵਕ ਬਣਾ ਲਓ, ਕੁਛ ਸੋਝੀ ਦਿਉ ਇਹਨੂੰ। ਨਾਮਦੇਵ ਜੀ ਕਹਿੰਦੇ, ਕੋਈ ਨਾ ਸੇਠ ਜੀ! ਛੱਡ ਜਾਉ; ਜਿਥੇ ਹੋਰ ਬੱਚੇ ਨੇ, ਉਨ੍ਹਾਂ ਨੂੰ ਦੇਖ ਕੇ ਇਹਦੇ ਜੀਵਨ ਤੇ ਵੀ ਅਸਰ ਪਊਗਾ।

ਜਦ ਸ਼ਾਮ ਨੂੰ ਨਾਮਦੇਵ ਜੀ ਨੇ ਕਿਹਾ, ਅੱਛਾ ਭਾਈ ਜਾਓ, ਉਨ੍ਹਾਂ ਨੇ ਦੇਖਿਆ, ਸੋਚਿਆ ਕਿ ਬੱਚਾ ਛੋਟਾ ਹੈ, ਗਹਿਣੇ ਐਨੇ ਪਾਏ ਹੋਏ ਨੇ, ਕੋਈ ਚੋਰ-ਚਕਾਰ ਜੇ ਚੁੱਕ ਕੇ ਲੈ ਗਿਆ ਤਾਂ ਗਲ ਘੁੱਟ ਦਊਗਾ। ਸੇਠ ਨੂੰ ਤਾਂ ਪਤਾ ਨਹੀਂ ਇਸ ਗੱਲ ਦਾ; ਹੁਣ ਸਾਡੇ ਕੋਲ ਕੋਈ ਪ੍ਰਬੰਧ ਨਹੀਂ ਹੈ ਕਿ ਅਸੀਂ ਨਾਲ ਬੰਦਾ ਭੇਜ ਦੇਈਏ। ਸੋ ਉਨ੍ਹਾਂ ਨੇ ਇਹ ਹੀ ਬਿਹਤਰ ਸਮਝਿਆ ਕਿ ਗਹਿਣੇ ਲਾਹ ਕੇ ਰੱਖ ਲਈਏ। ਗਹਿਣੇ ਲਾਹ ਲਏ, ਪੋਟਲੀ ਵਿਚ ਬੰਨ੍ਹ ਕੇ ਰੱਖ ਦਿਤੇ ਤੇ ਬੱਚਾ ਚਲਿਆ ਗਿਆ। ਜਦ ਘਰ ਗਿਆ, ਮਾਂ ਨੇ ਦੇਖਿਆ ਕਿ ਨਾ ਕੁਛ ਹੱਥਾਂ ਵਿੱਚ ਹੈ, ਨਾ ਪੈਰਾਂ ਵਿੱਚ ਹੈ, ਨਾ ਗਲ ਵਿੱਚ ਹੈ, ਉਸ ਵੇਲੇ ਪੁੱਛਣ ਲੱਗੀ, "ਤੇਰੇ ਗਹਿਣੇ ਕਿਥੇ ਗਏ?" ਕਹਿੰਦਾ, "ਉਹ ਤਾਂ ਸੰਤਾਂ ਨੇ ਲਾਹ ਲਏ, ਭਗਤ ਜੀ ਨੇ ਲਾਹ ਲਏ।" ਕਹਿੰਦੀ, "ਐਹੋ ਜਿਹਾ ਮਾੜਾ ਭਗਤ? ਹੁਣ ਕੀ ਦੇਣੇ ਨੇ ਉਹਨੇ?" ਕਾਹਲੀ ਸੀ ਸੁਭਾਅ ਦੀ। ਜੇ ਤਾਂ ਵਿਚਾਰ ਵਾਲੀ ਹੁੰਦੀ ਤਾਂ ਕਹਿੰਦੀ ਕਿ ਕੋਈ ਗੱਲ ਹੋਣੀ ਐਂ, ਸੰਤ ਤਾਂ ਇਵੇਂ ਨਹੀਂ ਕਰਦੇ; ਇਕ ਦਮ ਕਹਿੰਦੀ, "ਸੰਤਾਂ ਨੇ ਲਾਹ ਲਏ, ਹੁਣ ਦੇਣੇ ਨੇ ਕਿਤੇ? ਆਪਣੀ ਬਿਰਤੀ ਨਾਲ ਸਾਧੂ ਰਲਾ ਲਏ, ਕਿਉਂਕਿ ਆਪਣੀ ਹੀ ਐਨਕ ਹੁੰਦੀ ਹੈ; ਆਪਣੀ ਐਨਕ ਨਾਲ ਦੂਜੇ ਨੂੰ ਅਸੀਂ ਦੇਖਣ ਦਾ ਯਤਨ ਕਰਦੇ ਹਾਂ। ਮਾੜਾ ਬੰਦਾ ਜਿਹੜਾ ਹੈ - ਜਿਹੜਾ ਠੱਗ ਹੈ, ਉਹ ਕਹਿੰਦੇ ਕਿ ਸਾਰੇ ਸੰਸਾਰ ਵਿੱਚ ਠੱਗ ਹੀ ਨੇ; ਚੋਰ ਜਿਹੜਾਂ ਹੈ ਉਹ ਕਹਿੰਦਾ ਹੈ ਕਿ ਸਾਰਾ ਸੰਸਾਰ ਹੀ ਚੋਰਾਂ ਦਾ ਹੈ; Criminal (ਅਪਰਾਧ) ਬੰਦਾ ਕਹਿੰਦਾ ਹੈ ਕਿ ਸਾਰੇ ਸੰਸਾਰ ਵਿੱਚ ਹੀ Crime (ਅਪਰਾਧ) ਕਰਨ ਵਾਲੇ ਨੇ; ਜਿਹੜਾ ਭਲਾ ਪੁਰਸ਼ ਹੈ, ਉਹ ਕਹਿੰਦਾ ਹੈ ਕਿ ਏਥੇ ਮਾੜਾ ਹੀ ਕੋਈ ਨਹੀਂ -

***ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥***
***ਤਿਸ ਕੈ ਭਾਣੈ ਕੋਇ ਨ ਭੂਲਾ***
***ਜਿਨਿ ਸਗਲੋ ਬ੍ਰਹਮੁ ਪਛਾਤਾ ॥ ਅੰਗ - ੬੧੦***

ਉਹ ਕਹਿੰਦਾ ਹੈ ਇਥੇ ਮਾੜਾ ਹੀ ਕੋਈ ਨਹੀਂ - ਚੰਗੇ ਹੀ ਚੰਗੇ ਨੇ ਸਭ; ਇਹਦੇ ਕੋਲੋਂ ਕੋਈ ਗਲਤੀ ਹੋ ਗਈ ਹੋਣੀ ਹੈ, ਕੋਈ ਮਾੜਾ ਨਹੀਂ ਕਿਉਂਕਿ ਬਿਰਤੀ ਹੁੰਦੀ ਹੈ ਆਪੋ ਆਪਣੀ। ਸੋ ਬਿਰਤੀ ਐਸੀ ਸੀ ਕਿ ਇਕ ਦਮ ਘਬਰਾ ਗਈ, ਘਬਰਾ ਕਿ ਓਥੇ ਹੀ ਨਹੀਂ ਟਿਕੀ, ਗੁਆਂਢਣ ਕੋਲ ਚਲੀ ਗਈ, ਕਹਿੰਦੀ -

"ਲੈ ਭੈਣ! ਨਾਮਦੇਵ-ਨਾਮਦੇਵ ਕਰਦੇ ਨੇ, ਭਗਤ-ਭਗਤ ਕਰਦੇ ਨੇ; ਇਹ ਸਭ ਠੱਗੀ-ਬੱਗੀ ਹੈ, ਕੁਛ ਨਹੀਂ ਹੈ।"

"ਤੈਨੂੰ ਕੀ ਹੋ ਗਿਆ?"

"ਮੈਨੂੰ ਕੀ ਹੋਇਆ। ਮੈਂ ਤਾਂ ਪਰਤੱਖ ਦੇਖ ਲਿਆ ਹੈ। ਮੈਂ ਬੱਚਾ ਭੇਜਿਆ ਸੀ ਸਾਰੇ ਗਹਿਣੇ ਪਾ ਕੇ। ਆਹ ਦੇਖ, ਕੁਛ ਨਹੀਂ ਛੱਡਿਆ ਇਹਦੇ ਕੋਲ। ਚੀਚੀ ਦੇ ਅੰਦਰ ਮੁੰਦਰੀ ਵੀ ਨਹੀਂ ਛੱਡੀ।"

"ਕੋਈ ਨ, ਸਵੇਰੇ ਪੁੱਛ ਲਿਉ।"

"ਹੁਣ ਕੀ ਦੇਣੇ ਨੇ, ਜਿਹਨੇ ਲਾਹ ਹੀ ਲਏ ਉਹਨੇ ਕੀ ਦੇਣੇ ਨੇ। ਉਹਨੇ ਕਹਿਣਾ, ਰਾਹ ਵਿੱਚ ਲਾਹ ਲਏ ਹੋਣੇ ਨੇ ਕਿਸੇ ਨੇ।"

ਉਹ ਵੀ ਕਾਹਲੀ ਸੀ ਸੁਭਾਅ ਸੀ, ਉਹਨੇ ਦੂਸਰੀ ਗੁਆਂਢਣ ਕੋਲ ਗੱਲ ਕਰ ਦਿਤੀ। ਜਿਹੂੰ ਤੁਰਨ ਲੱਗੀ ਗੱਲ, ਸ਼ਾਮ ਤਾਈਂ ਸਾਰੇ ਹੀ ਘੁੰਮ ਗਈ। ਐਨੇ ਨੂੰ ਸੇਠ ਆ ਗਿਆ। ਸੇਠ ਨੂੰ ਕਿਹਾ -

"ਇਹ ਚੰਗਾ ਤੂੰ ਪੜ੍ਹਨ ਲਾਇਆ ਹੈ ਨਾਮਦੇਵ ਕੋਲ; ਗਹਿਣੇ ਲਾਹ ਲਏ ਸਾਰੇ।"

"ਇਹ ਹੋ ਨਹੀਂ ਸਕਦਾ। ਨਾਮਦੇਵ ਜੀ ਭਗਤ ਨੇ।"

"ਤੂੰ ਰੱਖ ਭਗਤ! ਮੈਂ ਤਾਂ ਤੁਹਾਨੂੰ ਅੱਖੀਂ ਦੇਖੀ ਗੱਲ ਕਹਿੰਦੀ ਹਾਂ।"

"ਫੇਰ ਕਾਹਲੀ ਕਿਉਂ ਪੈਂਦੀ ਹੈਂ, ਸਵੇਰੇ ਗੱਲ ਕਰ ਲਵਾਂਗੇ।"

"ਨ, ਉਹਨੇ ਕਿਥੇ ਦੇਣੇ ਨੇ? ਤੂੰ ਤਾਂ ਐਵੇਂ ਕਮਲਾ ਹੈਂ।"

ਸੇਠ ਦੂਸਰੇ ਦਿਨ ਚਲਿਆ ਗਿਆ, ਜਾ ਕੇ ਨਾਮਦੇਵ ਜੀ ਨੂੰ ਨਮਸਕਾਰ ਕਰਕੇ ਬੈਠ ਗਿਆ - ਬੱਚਾ ਨਾਲ ਹੈ। ਨਾਮਦੇਵ ਜੀ ਕਹਿਣ ਲੱਗੇ, "ਸੇਠ ਜੀ, ਗਹਿਣੇ ਪਾ ਕੇ ਨਾ ਬੱਚਿਆਂ ਨੂੰ ਭੇਜਿਆਂ ਕਰੋ। ਤੁਹਾਨੂੰ ਪਤਾ ਹੈ ਕਿ ਗਹਿਣਾ ਜਿਹੜਾ ਹੈ, ਪੈਸਾ ਟਕਾ ਹੈ, ਇਹ ਬੱਚੇ ਦੀ ਜਾਨ ਦਾ ਦੁਸ਼ਮਣ ਹੋਇਆ ਕਰਦਾ ਹੈ। ਚੁੱਕ ਕੇ ਲੈ ਜਾਏਗਾ ਕੋਈ ਜਾਂ ਕੋਈ ਬੱਚੇ ਦਾ ਗਲ ਘੁੱਟ ਦਊਗਾ। ਇਹ ਫੜੋ ਆਪਣੇ ਗਹਿਣੇ।" ਸੇਠ ਬੜਾ ਖੁਸ਼ ਹੋਇਆ ਤੇ ਨਾਲ ਹੀ ਅਫਸੋਸ ਵੀ ਹੋਇਆ ਕਿ ਮੇਰੀ ਘਰ ਵਾਲੀ ਨੇ ਤਾਂ ਸਾਰੇ ਨਗਰ ਦੇ ਅੰਦਰ ਡੌਂਡੀ ਪਿੱਟ ਦਿਤੀ। ਇਨ੍ਹਾਂ ਕੋਲ ਗੱਲ ਆਉਣੀ ਹੈ ਤੇ ਇਹ ਬੁਰਾ ਮੰਨਣਗੇ। ਛੇਤੀ ਛੇਤੀ ਘਰ ਆ ਗਿਆ, ਆ ਕੇ ਕਹਿਣ ਲੱਗਿਆ ਕਿ ਤੂੰ ਬੜਾ ਮਾੜਾ ਕੰਮ

ਕਰਿਆ ਹੈ, ਉਨ੍ਹਾਂ ਨੇ ਤਾਂ ਬੱਚੇ ਦੀ ਜਾਨ ਬਚਾਈ ਹੈ। ਉਸੇ ਵੇਲੇ ਸੋਚਿਆ ਕਿ ਗੁਆਂਢਣ ਨੇ ਨਾ ਅੱਗੇ ਗੱਲ ਕਰ ਦਿਤੀ ਹੋਵੇ, ਉਥੇ ਚਲੀ ਗਈ ਤੇ ਕਹਿਣ ਲੱਗੀ, ਉਹ ਤਾਂ ਬੜੇ ਚੰਗੇ ਨੇ, ਉਨ੍ਹਾਂ ਨੇ ਤਾਂ ਮੇਰੇ ਪੁੱਤ ਦੀ ਜਾਨ ਬਚਾਈ ਹੈ। ਮੈਨੂੰ ਤਾਂ ਐਵੇਂ ਗੁੱਸਾ ਆ ਗਿਆ ਸੀ, ਮੈਂ ਕਾਹਲੀ ਕਰ ਗਈ। ਉਹ ਨੱਠ ਕੇ ਅਗਲੀ ਕੋਲ ਗਈ। ਸਾਰੇ ਨਗਰ 'ਚ ਹੋ ਗਿਆ ਕਿ ਨਾਮਦੇਵ ਜੀ ਬੜੇ ਚੰਗੇ ਨੇ; ਉਨ੍ਹਾਂ ਨੇ ਤਾਂ ਸੇਠ ਦੇ ਪੁੱਤਰ ਨੂੰ ਬਚਾਉਣ ਵਾਸਤੇ ਗਹਿਣੇ ਲਾਹੇ ਸੀ।

ਜਦ ਅਗਲਾ ਦਿਨ ਹੋਇਆਂ ਤਾਂ ਨਾਮਦੇਵ ਜੀ ਦਾ ਕੋਈ ਸੇਵਕ ਜਾ ਕੇ ਕਹਿਣ ਲੱਗਿਆ –

"ਭਗਤ ਜੀ! ਹੈਰਾਨ ਹਾਂ ਕਿ ਇਹ ਜੱਗ ਦਮੂਹਾਂ ਹੈ।"

"ਕੀ ਗੱਲ?"

"ਪਰਸੋਂ ਤਾਂ ਤੁਹਾਡੀ ਨਿੰਦਿਆ ਹੀ ਬੜੀ ਹੋਈ; ਕੋਈ ਬੰਦਾ ਨਹੀਂ ਹੈ ਜਿਹਨੇ ਤੁਹਾਡੀ ਨਿੰਦਿਆ ਨਾ ਕਰੀ ਹੋਵੇ। ਸਾਨੂੰ ਬੜਾ ਦੁੱਖ ਲੱਗਿਆ। ਅੱਜ ਤੁਹਾਡੀ ਉਸਤਤ ਹੀ ਉਸਤਤ ਹੋ ਰਹੀ ਹੈ।"

"ਕੀ ਗੱਲ?"

"ਤੁਸੀਂ ਗਹਿਣੇ-ਗੂਹਣੇ ਲਾਹ ਲਏ ਹੋਣੇ ਨੇ ਕਿ ਕਿਤੇ ਚੋਰ ਨਾ ਲੈ ਜਾਣ।"

ਸੰਤਾਂ ਦੇ ਖਿਲਾਫ ਤਾਂ ਗੱਲ ਇਕ ਸਰਕਿੰਟ ਵਿੱਚ ਘੁੰਮ ਜਾਂਦੀ ਹੈ; ਪਤਾ ਨਹੀਂ ਲੋਕ ਮੌਕਾ ਹੀ ਦੇਖਦੇ ਹੁੰਦੇ ਨੇ। ਮਾੜੀ ਜਿਹੀ ਗੱਲ ਹੋ ਜਾਵੇ, ਫੇਰ ਇਸ਼ਤਿਹਾਰ ਦੀ ਲੋੜ ਨਹੀਂ। ਦੂਰ ਦਰਾਜ ਤਾਈਂ ਗੱਲ ਪਹੁੰਚ ਜਾਂਦੀ ਹੈ। ਬਿਨਾਂ ਦੇਖੇ, ਬਿਨਾਂ ਪੈਰ ਤੋਂ ਗੱਲ ਚਲਦੀ ਹੈ। ਅਜੇ ਚੰਗੀ ਗੱਲ ਨਹੀਂ ਚਲਦੀ, ਚੰਗੀ ਰੁਕ ਜਾਂਦੀ ਹੈ। ਸੋ ਉਹ ਕਹਿਣ ਲੱਗਿਆ ਕਿ ਅੱਜ ਉਸਤਤ ਹੋ ਰਹੀ ਹੈ। ਜਿਨ੍ਹਾਂ ਨੇ ਨਿੰਦਿਆ ਕਰੀ ਸੀ, ਅੱਜ ਉਹ ਹੀ ਆਪਣੇ ਮੂੰਹ ਨਾਲ ਕਹਿ ਰਹੇ ਨੇ ਕਿ ਨਾਮਦੇਵ ਜੀ ਤਾਂ ਬੜੇ ਚੰਗੇ ਨੇ, ਉਨ੍ਹਾਂ ਨੇ ਤਾਂ ਸੇਠ ਦੇ ਬੱਚੇ ਨੂੰ ਬਚਾਉਣ ਵਾਸਤੇ ਗਹਿਣੇ ਲਾਹੇ ਸੀ।

ਨਾਮਦੇਵ ਜੀ ਮੌਜ 'ਚ ਬੈਠੇ ਸੀ ਮੂਹਰੇ ਸੁਆਹ ਪਈ ਸੀ, ਦੋਹਾਂ ਮੁੱਠੀਆਂ ਵਿੱਚ ਲੈ ਲਈ। ਇਕ ਐਧਰ ਨੂੰ ਮਾਰੀ ਤੇ ਕਹਿੰਦੇ, ਇਹ ਨਿੰਦਕਾਂ ਦੇ ਸਿਰ ਵਿੱਚ; ਇਕ ਔਧਰ ਨੂੰ ਮਾਰੀ ਤੇ ਕਹਿੰਦੇ, ਇਹ ਉਸਤਤ ਕਰਨ ਵਾਲਿਆਂ ਦੇ ਸਿਰ ਵਿੱਚ। ਉਨ੍ਹਾਂ ਦਾ ਸੇਵਕ ਕਹਿਣ ਲੱਗਿਆ ਕਿ ਉਹ ਤਾਂ ਉਸਤਤ ਕਰਦੇ ਸੀ। ਭਗਤ ਜੀ ਕਹਿੰਦੇ, "ਕੋਈ ਨਹੀਂ ਉਸਤਤ ਕਰਦਾ। ਜੇ ਉਸਤਤ ਕਰਨੀ ਸੀ ਤਾਂ ਨਿੰਦਿਆ ਕਾਹਨੂੰ ਕਰਦੇ। ਇਹ ਤਾਂ ਸਾਰਾ ਸੰਸਾਰ ਦਮੂਹਾਂ ਹੈ।"

ਸੋ ਮਹਾਰਾਜ ਕਹਿੰਦੇ ਨੇ, ਛੱਡ ਦਿਉ ਇਹ ਗੱਲ। ਨਾ ਉਸਤਤ ਤੋਂ ਖੁਸ਼ ਹੋਵੋ, ਨਾ ਨਿੰਦਿਆ ਤੋਂ ਨਾਰਾਜ਼। ਸਗੋਂ ਨਿੰਦਿਆ ਤੋਂ ਖੁਸ਼ ਹੋਵੋ, ਨਾ ਉਸਤਤ ਤੋਂ, ਕਿਉਂਕਿ – 'ਨਿੰਦਾ ਕਰੈ ਸੁ ਹਮਰਾ ਮੀਤੁ॥' ਉਹ ਸਾਡਾ ਭਲਾ ਚਾਹੁੰਦਾ ਹੈ, ਉਸਤਤ ਕਰਨਲ ਵਾਲਾ ਨਹੀਂ ਚਾਹੁੰਦਾ। ਉਸਤਤ ਕਰਨ ਵਾਲਾ ਵਿਗਾੜ ਦਿੰਦਾ ਹੈ ਆਦਮੀ ਨੂੰ; ਐਵੇਂ ਹਉਮੈਂ ਆ ਜਾਂਦੀ ਹੈ। ਫੇਰ ਜੇ ਕੋਈ ਨਾ ਦੇਵੇ ਪੂਰੀ ਤਰ੍ਹਾਂ ਸਤਿਕਾਰ, ਤਾਂ ਨਾਰਾਜ਼ ਹੋ ਜਾਂਦਾ ਹੈ। ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ ਨੇ –

***ਉਸਤਤਿ ਨਿੰਦਾ ਦੋਊ ਤਿਆਗੈ***
***ਖੋਜੈ ਪਦੁ ਨਿਰਬਾਨਾ ॥***
***ਜਨ ਨਾਨਕ ਇਹੁ ਖੇਲੁ ਕਠਨੁ ਹੈ***
***ਕਿਨਹੂੰ ਗੁਰਮੁਖਿ ਜਾਨਾ ॥*** ***ਅੰਗ – ੨੧੯***
***ਉਸਤਤਿ ਨਿੰਦਿਆ ਨਾਹਿ ਜਿਹਿ***
***ਕੰਚਨ ਲੋਹ ਸਮਾਨਿ ॥*** ***ਅੰਗ – ੧੪੨੭***
***ਹਰਖ ਸੋਗ ਤੇ ਰਹੈ ਅਤੀਤਾ***
***ਜੋਗੀ ਤਾਹਿ ਬਖਾਨੋ ॥*** ***ਅੰਗ – ੬੮੫***

ਕਹਿੰਦੇ, ਉਹ ਜੋਗੀ ਹੋਇਆ ਕਰਦਾ ਹੈ, ਰੱਬ ਨਾਲ ਜੁੜਿਆ ਹੋਇਆ ਹੈ। ਜਿਹੜਾ ਇਨ੍ਹਾਂ ਗੱਲਾਂ ਵਿੱਚ ਹੈ, ਉਹਦਾ ਨਾਮ ਨਹੀਂ ਚਲਦਾ। ਸੋ, ਇਸ ਤਰ੍ਹਾਂ ਦੇ ਨਾਲ ਨਿੰਦਿਆ ਤੇ ਉਸਤਤ ਦੋ ਬੰਧਨ ਨੇ – ਬੰਦਗੀ ਕਰਨ ਵਾਲੇ ਨੂੰ। ਸੋ ਇਹ ਜਦ ਤੱਕ ਸਾਵਧਾਨ ਨਹੀਂ ਹੁੰਦਾ, ਨਹੀਂ ਗੱਲ ਬਣਦੀ। ਇਸੇ ਤਰ੍ਹਾਂ ਈਰਖਾ ਹੈ। ਈਰਖਾ ਜਿੰਨਾ ਚਿਰ ਮਨ ਵਿਚ ਹੈ – ਕਰੋ ਈਰਖਾ – ਨਾਮ ਜਪ ਕੇ ਦੇਖ ਲਉ ਜੇ ਕਦੇ ਜਪ ਹੋ ਜਾਵੇ। ਉਹ ਹੀ ਸਾਮ੍ਹਣੇ ਖੜੂਗਾ ਜਿਹਦੇ ਨਾਲ ਈਰਖਾ ਕਰੋਗੇ। ਧਿਆਨ ਗੁਰੂ ਨਾਨਕ ਸਾਹਿਬ ਦਾ ਧਰੋਂਗੇ, ਆਉਣਾ ਉਹਨੇ ਹੈ ਕਿਉਂਕਿ ਉਹਨੂੰ ਤੁਸੀਂ ਬੁਲਾ ਰਹੇ ਹੋ ਆਪਣੇ ਅੰਦਰ। ਜਦੋਂ ਮਾੜੇ ਬੰਦੇ ਨੂੰ ਅਸੀਂ ਆਪਣੇ ਅੰਦਰ ਲਿਆਵਾਂਗੇ, ਤਾਂ ਹੀ ਈਰਖਾ ਹੋਏਗੀ, ਤਾਂ ਹੀ ਨਿੰਦਿਆ ਹੋਏਗੀ। ਪਹਿਲਾਂ ਉਹਦਾ ਵਜੂਦ ਸਾਡੇ ਅੰਦਰ ਆਏਗਾ ਤੇ ਫੇਰ ਉਹਦੀ ਬਾਤ ਚੱਲੇਗੀ। ਸੋ ਇਹਨੂੰ ਤਾਂ ਮੱਥਾ ਹੀ ਟੇਕ ਦੇਵੇ, ਤੇ ਨਾਲ ਕਹਿ ਦੇਵੇ ਚਰਨੀਂ ਹੱਥ ਲਾ ਕੇ, ਤੇ ਅੰਤਰ ਧਿਆਨ ਹੋ ਕੇ – 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।' ਪਾਤਸ਼ਾਹ! ਭਲਾ ਹੀ ਕਰ ਤੇ ਜਿਹੜੇ ਬੁਰਾ ਕਰਦੇ ਨੇ, ਉਨ੍ਹਾਂ ਦਾ ਵੀ ਭਲਾ ਕਰ। ਇਹਦੇ ਵਿਚ ਆਪਣਾ ਭਲਾ ਹੋ ਜਾਇਆ ਕਰਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਨੁਕਸ ਨੇ ਥੋੜ੍ਹੇ-ਥੋੜ੍ਹੇ। ਫੇਰ ਪੰਜ ਚੋਰ ਨੇ – ਕਾਮ, ਕ੍ਰੋਧ, ਲੋਭ, ਮੋਹ, ਹੰਕਾਰ। ਇਹ ਵੀ ਅੰਦਰ ਖੌਰੂ ਪਾਉਂਦੇ ਨੇ, ਦੌੜਦੇ ਫਿਰਦੇ ਨੇ। ਜਿਵੇਂ ਝੋਟੇ ਭਿੜਦੇ ਨੇ, ਐਂ ਭਿੜਦੇ ਨੇ। ਮਨ ਨੂੰ ਵੀ ਬਿਮਾਰ ਕਰਦੇ ਨੇ, ਸਰੀਰ ਨੂੰ ਵੀ ਬਿਮਾਰ ਕਰਦੇ ਨੇ –

***ਧਾਰਨਾ – ਕਾਇਆਂ ਨੂੰ ਗਾਲਦੇ,***
***ਕਾਮ ਤੇ ਕ੍ਰੋਧ ਦੋਵੇਂ – ੨. ੨.***

***ਕਾਮੁ ਕ੍ਰੋਧੁ ਕਾਇਆ ਕਉ ਗਾਲੈ॥***
***ਜਿਉ ਕੰਚਨ ਸੋਹਾਗਾ ਢਾਲੈ॥*** ***ਅੰਗ – ੯੩੨***

ਸਰੀਰ ਨੂੰ ਜੇ ਗਾਲਣਾ ਹੋਵੇ, ਦੋਇ ਚੀਜ਼ਾਂ ਬਹੁਤ ਨੇ। ਕਿੰਨਾ ਹੀ ਖਾਈ ਜਾਓ, ਕਿੰਨੇ ਹੀ ਵਿਟਾਮਿਨ ਖਾ ਲਓ, ਜੋ ਕਰਨਾ ਹੈ ਕਰੀ ਚੱਲੋ; ਇਹ ਦੋਇ ਚੀਜ਼ਾਂ ਜਦ ਤੱਕ ਦਨਦਨਾਉਂਦੀਆਂ ਨੇ, ਸਰੀਰ ਗਲਦਾ ਹੀ ਚਲਿਆ ਜਾਏਗਾ – 'ਜਿਉ ਕੰਚਨ ਸੋਹਾਗਾ ਢਾਲੈ॥' ਕ੍ਰੋਧ ਕਰਨ ਵਾਲਾ ਬੰਦਾ ਪਰਮੇਸ਼ਰ ਤੋਂ ਬਹੁਤ ਦੂਰ ਚਲਿਆ ਜਾਂਦਾ ਹੈ –

***ਓਨਾ ਪਾਸਿ ਦੁਆਸਿ ਨ ਭਿਟੀਐ***
***ਜਿਨ ਅੰਤਰਿ ਕ੍ਰੋਧੁ ਚੰਡਾਲ॥*** ***ਅੰਗ – ੪੦***

ਦੋ ਤਰ੍ਹਾਂ ਦਾ ਕ੍ਰੋਧ ਹੁੰਦਾ ਹੈ - ਗੁਰਮੁਖਾਂ ਦਾ ਗੁੱਸਾ ਪਾਣੀ ਤੇ ਲਕੀਰ ਹੋਇਆ ਕਰਦਾ ਹੈ ਤੇ ਮਨਮੁਖ ਦਾ ਜਿਹੜਾ ਹੁੰਦਾ ਹੈ ਉਹ ਪੱਥਰ ਤੇ ਲਕੀਰ ਹੁੰਦੀ ਹੈ। ਉਹ ਨਹੀਂ ਹਟਦਾ, ਉਹ ਅੰਦਰ ਚਲਿਆ ਜਾਂਦਾ ਹੈ, ਹੱਡਾਂ ਵਿੱਚ ਚਲਿਆ ਜਾਂਦਾ ਹੈ, ਉਹ ਸਰੀਰ ਨੂੰ ਗਾਲਣਾ ਸ਼ੁਰੂ ਕਰ ਦਿੰਦਾ ਹੈ।

ਐਥੇ ਇਕ ਬੀਬੀ ਆਈ। ਕਹਿਣ ਲੱਗੀ, "ਮੇਰੇ ਕੇਸ ਲਹਿ ਗਏ।" ਮੈਂ ਕਿਹਾ, "ਕੀ ਗੱਲ?" ਕਹਿੰਦੀ, "ਮੈਨੂੰ ਗੁੱਸਾ ਬਹੁਤ ਆਉਂਦਾ ਹੈ।" ਮੈਂ ਵੀ ਦੇਖਿਆ, ਗੱਲਾਂ ਸੁਣੀਆਂ - ਬਹੁਤ ਗੁੱਸਾ। ਮੈਂ ਕਿਹਾ, ਬੇਟਾ! ਇਹ ਤਾਂ ਤੇਰਾ ਸਰੀਰ ਗਲ ਜਾਏਗਾ, ਬਿਮਾਰੀਆਂ ਲਗ ਜਾਣਗੀਆਂ, ਬਹੁਤ ਮੁਸ਼ਕਲ ਹੋ ਜਾਵੇਗੀ ਕਿਉਂਕਿ ਕ੍ਰੋਧੀ ਜਲਦਾ ਰਹਿੰਦਾ ਹੈ; ਖੂਨ ਜਾਲ ਲੈਂਦਾ ਹੈ ਆਪਣੇ ਅੰਦਰਲਾ ਸਾਰਾ। ਉਹ ਬਿਮਾਰ ਹੋਇਆ ਰਾਜ਼ੀ ਨਹੀਂ ਹੋਇਆ ਕਰਦਾ। ਫੇਰ ਲੋਕਾਂ ਦੇ ਵਿੱਚ ਫਿੱਕਾ ਪੈ ਜਾਂਦਾ ਹੈ ਕਿਉਂਕਿ ਗੱਲ ਉਹਨੇ ਤਾਂ ਕਹਿ ਦੇਣੀ ਹੈ ਗੁੱਸੇ ਵਿੱਚ ਆ ਕੇ। ਉਹ ਤਾਂ ਭੁੱਲ ਜਾਵੇਗਾ ਲੇਕਿਨ ਦੂਸਰਿਆਂ ਦੇ ਯਾਦ ਰਹਿੰਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਕ੍ਰੋਧ ਜਿਹੜਾ ਹੈ, ਇਹ ਨੁਕਸਾਨ ਕਰਦਾ ਹੈ। ਸ਼ਬਦ ਦੱਸਿਆ ਤੇ ਮੈਂ ਕਿਹਾ, ਤੂੰ ਪਾਠ ਕਰਿਆ ਕਰ ਜਪੁਜੀ ਸਾਹਿਬ ਦੇ, ਬਾਣੀ ਪਿਆਰ ਨਾਲ ਪੜ੍ਹ। ਅਖੀਰ ਉਹਦਾ ਕ੍ਰੋਧ ਹਟਿਆ, ਫੇਰ ਕੇਸ ਆਉਣੇ ਸ਼ੁਰੂ ਹੋ ਗਏ। ਅੱਖਾਂ ਨਾਲ ਦੇਖੀ ਹੈ ਮੈਂ ਇਹ ਗੱਲ। ਬਾਕੀ ਜੇ ਕੋਈ ਕਹੇ ਕ੍ਰੋਧੀ ਬੰਦਾ ਕਿ ਮੇਰੀ ਸੁਰਤਿ ਚੜ੍ਹਦੀ ਹੈ; ਨਹੀਂ ਸਾਧ ਸੰਗਤਿ ਜੀ! ਇਹ ਮੂਢ ਹੁੰਦਾ ਹੈ, ਮੂਢੀ ਹੁੰਦਾ ਹੈ ਉਹ ਬੰਦਾ -

***ਕਬਹੂ ਜੀਅੜਾ ਊਭਿ ਚੜਤੁ ਹੈ***
***ਕਬਹੂ ਜਾਇ ਪਇਆਲੇ॥*** ***ਅੰਗ - ੮੭੬***

ਅਵਸਥਾ ਨਹੀਂ ਪ੍ਰਾਪਤ ਹੁੰਦੀ, ਸਮ-ਬਿਰਤੀ ਨਹੀਂ ਆਉਂਦੀ, ਅਸਥਿਰ ਬੁੱਧੀ ਨਹੀਂ ਪ੍ਰਾਪਤ ਹੁੰਦੀ, ਜਦ ਤੱਕ ਹਿੰਡੋਲੇ ਤੇ ਚੜ੍ਹਿਆ ਹੋਇਆ ਹੈ। ਕਦੇ ਕ੍ਰੋਧੀ ਹੋ ਗਿਆ, ਕਦੇ ਸ਼ਾਂਤੀ ਵਿੱਚ ਆ ਗਿਆ, ਕਦੇ ਕ੍ਰੋਧੀ ਹੋ ਗਿਆ, ਕਦੇ ਸ਼ਾਂਤੀ ਵਿਚ ਆ ਗਿਆ। ਸੋ ਇਹ ਬਿਲਕੁਲ ਛੱਡਣਾ ਪੈਂਦਾ ਹੈ।

ਇਕ ਵਾਰੀ ਗੁਰੂ ਛੇਵੇਂ ਪਾਤਸ਼ਾਹ ਦੇ ਵੇਲੇ ਇਕ ਬ੍ਰਾਹਮਣ ਸੀਗਾ; ਕਥਾ ਕਰਿਆ ਕਰਦਾ ਸੀ ਤੇ ਗੁੱਸੇ ਹੋ ਗਿਆ। ਬੁਲਾਇਆ ਹੋਇਆ ਨਾ ਕਿਸੇ ਦਾ ਆਵੇ। ਇਕ ਓਥੇ ਬੈਠਾ ਸੀ ਪ੍ਰੇਮੀ, ਕਹਿਣ ਲੱਗਿਆ ਕਿ ਮੈਂ ਲੈ ਕੇ ਆਉਂਦਾ ਹਾਂ। ਕਹਿਣ ਲੱਗੇ, ਤੂੰ ਕਿਵੇਂ ਲੈ ਆਵੇਂਗਾ? ਰਾਜੇ ਦੀ ਬਾਤ ਹੈ - ਕਿਸੇ ਰਾਜੇ ਦੇ ਦਰਬਾਰ ਦੀ। ਸਾਰੇ ਵਜ਼ੀਰ ਵੀ ਜਾ ਆਏ, ਹੋਰ ਮੈਂ ਵੱਡੇ ਵੱਡੇ ਭੇਜ ਦਿਤੇ ਨੇ ਪਰ ਉਹ ਆਉਂਦਾ ਨਹੀਂ। ਉਹ ਕਹਿਣ ਲੱਗਿਆ, ਮਹਾਰਾਜ! ਮੈਂ ਚੰਡਾਲ ਹਾਂ, ਤੇ ਜੋ ਕ੍ਰੋਧ ਹੈ, ਉਹ ਮੇਰਾ ਭਾਈ ਹੈ। ਜੇ ਨਾ ਆਇਆ, ਮੈਂ ਮੌਢੇ ਤੋਂ ਫੜ ਕੇ ਲੈ ਆਵਾਂਗਾ ਕਿਉਂਕਿ ਮੇਰਾ ਭਾਈ ਹੈ ਉਹਦੇ ਅੰਦਰ। ਓਥੇ ਚਲਿਆ ਗਿਆ, ਕਹਿਣ ਲੱਗਿਆ ਜਾ ਕੇ -

"ਪੰਡਤ ਜੀ! ਮਹਾਰਾਜ ਬੁਲਾਉਂਦੇ ਨੇ।"

"ਕਈ ਆ ਗਏ। ਤੂੰ ਕੌਣ ਹੈਂ?"

"ਮੈਂ ਚੰਡਾਲ ਹਾਂ।"

"ਤੂੰ ਕਿਉਂ ਮੇਰੇ ਦਰਵਾਜ਼ੇ ਤੇ ਆਇਆ ਹੈਂ?"

"ਤੇਰੇ ਅੰਦਰ ਮੇਰਾ ਭਾਈ ਵੜਿਆ ਹੋਇਆ ਹੈ, ਮੈਂ ਉਹਨੂੰ ਲੈਣ ਆਇਆ ਹਾਂ।"

"ਤੇਰਾ ਭਰਾ ਏਥੇ ਕਿਥੇ?"

"ਕਿਥੇ ਹੋਣਾ ਸੀ। ਤੇਰੇ ਅੰਦਰ ਹੈ।"

ਕ੍ਰੋਧ ਜਿਹੜਾ ਹੈ, ਇਹ ਚੰਡਾਲ ਹੋਇਆ ਕਰਦਾ ਹੈ। ਕਹਿਣ ਲੱਗਿਆ, "ਸਿੱਧੀ ਤਰ੍ਹਾਂ ਤੁਰ ਪੈ, ਨਹੀਂ ਮੈਂ ਬਾਂਹ ਤੋਂ ਫੜ ਕੇ ਲੈ ਜਾਵਾਂਗਾ।"

ਸੋ ਮਹਾਰਾਜ ਕਹਿੰਦੇ - 'ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲ॥' ਉਹਦੀ ਭਿੱਟ ਲਗਦੀ ਹੈ। ਉਹਦੀ ਖ਼ੂਨ ਦੀ ਲਹਿਰ ਸਾਡੇ ਵਿਚ ਪ੍ਰਵੇਸ਼ ਕਰ ਜਾਵੇਗੀ। ਨੇੜੇ ਨਾ ਜਾਓ, ਹੱਥ ਵੀ ਨਾ ਲਾਓ ਉਹਨੂੰ ਕਿਉਂਕਿ ਉਹ ਉਸ ਵੇਲੇ ਭਿੱਟਿਆ ਹੋਇਆ ਹੈ।

ਸੋ ਉਹਦਾ ਨਾਮ ਕਿਵੇਂ ਚੱਲ ਜਾਵੇਗਾ? ਜੇ ਕ੍ਰੋਧੀ ਬੰਦਾ ਕਹੇ ਕਿ ਮੇਰਾ ਤਾਂ ਨਾਮ ਚਲਦਾ ਹੈ - ਬਿਲਕੁਲ ਗਲਤ ਹੈ। ਸ਼ਾਂਤ ਬਿਰਤੀ ਵਾਲੇ ਦਾ ਨਾਮ ਚਲਦਾ ਹੈ। ਜਿਹਦੀ ਬਿਰਤੀ ਕਦੇ ਉਪਰ ਹੋ ਗਈ, ਕਦੇ ਥੱਲੇ ਹੋ ਗਈ, ਉਹਦਾ ਨਹੀਂ ਚਲਿਆ ਕਰਦਾ, ਉਹ ਥਿਰ ਬੁੱਧੀ ਨਹੀਂ ਹੋਇਆ ਕਰਦੀ। ਸੋ, ਇਸ ਤਰ੍ਹਾਂ ਦੇ ਨਾਲ ਇਨ੍ਹਾਂ ਸਾਰਿਆਂ ਨੂੰ ਸਮਤਾ ਵਿੱਚ ਲਿਆਉਣਾ ਪੈਂਦਾ ਹੈ। ਸੋ ਬਾਕੀ ਜੇ ਤਾਂ ਅਸੀਂ ਸਮਝੀਏ ਤਾਂ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਜੋ ਬਾਣੀ ਹੈ; ਇਹਦੇ ਵਿੱਚ ਜੋ ਸਿੱਖਿਆ ਹੈ, ਇਹਨੂੰ ਇਉਂ ਨਾ ਪੜ੍ਹਿਆ ਕਰੋ ਕਿ ਮੈਂ ਐਨੇ ਪੱਤਰੇ ਕਰ ਦਿਤੇ, ਐਨੇ ਪੱਤਰੇ ਕਰ ਦਿਤੇ। ਮੈਂ ਤਾਂ ਜੀ ਰੋਜ਼ ਦਾ ੩੦ ਪੱਤਰਿਆਂ ਦਾ ਨਿਤਨੇਮੀ ਹਾਂ। ਹੋਏਂਗਾ ਪ੍ਰੇਮੀਆਂ! ਪੜ੍ਹ ਲੈਂਦਾ ਹੋਏਂਗਾ, ਤਕੜਾ ਬੰਦਾ ਹੈਂ, ਤੇਰਾ ਨੇਮ ਹੈ ਪਰ ਪਰ ਉਹਦੇ ਨਾਲੋਂ ਜੇ ਦੋ ਹੀ ਪੜ੍ਹ ਲਵੇਂ; ਵਿਚਾਰ ਕੇ ਪੜ੍ਹ ਲੈ। ਬਾਣੀ ਵਿਚਾਰਨੀ ਪੈਂਦੀ ਹੈ, ਇਹ ਬਹੁਤ ਗਹਿਰੀ ਹੈ, ਡੂੰਘੀ ਹੈ। ਪਹਿਲਾਂ ਵਿਚਾਰੋ ਤੇ ਫੇਰ ਮੰਨੋ। ਜੇ ਮੰਨਦੇ ਨਹੀਂ ਹਾਂ, ਪੜ੍ਹਨ ਨੂੰ ਤਾਂ ਮਹਾਰਾਜ ਨੇ ਪ੍ਰਵਾਨ ਨਹੀਂ ਕੀਤਾ -

***ਪਾਠੁ ਪੜਿਓ ਅਰੁ ਬੇਦੁ ਬੀਚਾਰਿਓ***
***ਨਿਵਲਿ ਭੁਅੰਗਮ ਸਾਧੇ ॥***
***ਪੰਚ ਜਨਾ ਸਿਉ ਸੰਗੁ ਨ ਛੁਟਕਿਓ***
***ਅਧਿਕ ਅਹੰਬੁਧਿ ਬਾਧੇ ॥ ੧ ॥***
***ਪਿਆਰੇ ਇਨ ਬਿਧਿ ਮਿਲਣੁ ਨ ਜਾਈ***
***ਮੈ ਕੀਏ ਕਰਮ ਅਨੇਕਾ ॥***
***ਹਾਰਿ ਪਰਿਓ ਸੁਆਮੀ ਕੈ ਦੁਆਰੈ***
***ਦੀਜੈ ਬੁਧਿ ਬਿਬੇਕਾ ॥*** ***ਅੰਗ - ੬੪੧***

ਜਿਹੜੀ ਵਿਚਾਰ ਵਾਲੀ ਬੁੱਧੀ ਹੈ, ਜਿੰਨਾ ਚਿਰ ਇਹ ਪ੍ਰਾਪਤ ਨਹੀਂ ਹੁੰਦੀ, ਓਨਾਂ ਚਿਰ ਗੱਲ ਨਹੀਂ ਬਣਿਆ ਕਰਦੀ; ਕੇਵਲ ਬਾਦ-ਬਿਬਾਦ ਰਹਿ ਜਾਇਆ ਕਰਦਾ ਹੈ।

ਭਾਈ ਗੁਰਦਾਸ ਜੀ ਲਿਖਦੇ ਨੇ, ਖੰਡ-ਖੰਡ ਕਹਿਣ ਨਾਲ ਮੂੰਹ ਮਿੱਠਾ ਹੋ ਜਾਵੇਗਾ? ਜੇ ਕੋਈ ਕਹੀ ਜਾਵੇ ਸਿਆਲ ਦੇ ਮਹੀਨੇ

– 'ਅੱਗ–ਅੱਗ–ਅੱਗ–ਅੱਗ', ਉਹਦਾ ਪਾਲਾ ਲਹਿ ਜਾਊਗਾ? ਜੇ ਬਿਮਾਰ ਬੰਦਾ ਕਹੀ ਜਾਵੇ 'ਵੈਦ–ਵੈਦ–ਵੈਦ–ਵੈਦ, ਕਹਿੰਦੇ ਉਹ ਰਾਜ਼ੀ ਹੋ ਜਾਏਗਾ? ਜੇ ਕੋਈ ਗਰੀਬ ਆਦਮੀ ਕਹੀ ਜਾਵੇ, ਪੈਸਾ–ਪੈਸਾ–ਪੈਸਾ–ਪੈਸਾ, ਕਹਿੰਦੇ ਉਹ ਅਮੀਰ ਬਣ ਜਾਏਗਾ? ਸੋ ਇਸੇ ਤਰ੍ਹਾਂ ਦੇ ਨਾਲ ਜੇ ਕੋਈ, ਚੰਦਨ–ਚੰਦਨ–ਚੰਦਨ–ਚੰਦਨ, ਕਹੀ ਜਾਵੇ, ਸੁਗੰਧੀ ਤਾਂ ਨਹੀਂ ਆਉਂਦੀ ਸਰੀਰ ਤੇ ਕੱਪੜਿਆਂ ਚੋਂ। 'ਚੰਦ–ਚੰਦ ਕਹੇ ਤੇ ਚਾਨਣਾ ਨਹੀਂ ਹੁੰਦਾ। ਇਸੇ ਤਰ੍ਹਾਂ ਦੇ ਨਾਲ ਗਿਆਨ ਦੀਆਂ ਗੱਲਾਂ ਕਰਨੀਆ, ਗਿਆਨ ਦੀਆਂ ਬਾਤਾਂ ਪੜ੍ਹਨੀਆਂ; ਉਹਦੇ ਨਾਲ ਉਹ ਅਵਸਥਾ ਨਹੀਂ ਪ੍ਰਾਪਤ ਹੁੰਦੀ ਜਦ ਕਿ ਉਹਦੀ ਕਮਾਈ ਨਹੀਂ ਕਰਦਾ। ਸੋ ਉਹਦੇ ਬਾਰੇ ਐਸਾ ਫੁਰਮਾਨ ਹੈ –

***ਧਾਰਨਾ – ਮੰਨ ਪਿਆਰਿਆ,***
***ਸਿੱਖਿਆ ਪੂਰਿਆਂ ਗੁਰਾਂ ਦੀ –੨***

ਜੋ ਗੁਰੂ ਗ੍ਰੰਥ ਸਾਹਿਬ ਸਿੱਖਿਆਂ ਦਿੰਦੇ ਨੇ; ਜਦ ਤੱਕ ਅਸੀਂ ਉਹਨੂੰ ਨਹੀਂ ਮੰਨਦੇ ਤੇ ਮੂੰਹ ਦੇ ਨਾਲ 'ਰਾਮ–ਰਾਮ' ਕਰੀ ਜਾਂਦੇ ਹਾਂ, ਮਹਾਰਾਜ ਕਹਿੰਦੇ ਨੇ, ਇਉਂ ਗੱਲ ਨਹੀਂ ਬਣਨੀ, ਪ੍ਰੇਮੀਆਂ! ਤੂੰ ਗੁਰੂ ਦੀ ਸਿੱਖਿਆਂ ਮੰਨ, ਫਿਰ ਚੱਲ ਸਕੇਂਗਾ ਇਸ ਰਸਤੇ ਤੇ। ਇਹ ਕੁਛ ਰਹਿਤਾਂ ਹੁੰਦੀਆਂ ਨੇ। ਇਹ ਮਸ਼ੀਨ ਬੋਲਦੀ ਹੈ, ਲਾਊਡ ਸਪੀਕਰ ਬੋਲਦਾ ਹੈ; ਕਿੰਨੀਆਂ ਤਾਰਾਂ ਲੱਗੀਆਂ ਹੁੰਦੀਆਂ ਨੇ। ਜਦ ਤੱਕ ਸਾਰੀਆਂ ਤਾਰਾਂ ਸੈੱਟ ਨਹੀਂ ਹੁੰਦੀਆਂ, ਆਵਾਜ਼ ਕਿਵੇਂ ਆਏਗੀ। ਟੈਲੀਵੀਜ਼ਨ ਹੈ, ਜਦ ਤਕ ਸਾਰੀਆਂ ਤਾਰਾਂ ਸਹੀ ਦਸ਼ਾ ਵਿਚ ਨਹੀਂ ਹੁੰਦੀਆਂ, ਓਨੀ ਦੇਰ ਤਕ ਨਾ ਰੰਗ ਨਾ ਠੀਕ ਆਵੇ, ਨਾ ਸ਼ਕਲ ਠੀਕ ਆਵੇ; ਲਕੀਰਾਂ ਜਿਹੀਆਂ ਪਈ ਜਾਣਗੀਆਂ ਕਿਉਂਕਿ ਤਾਰਾਂ ਦੇ ਵਿਚ ਨੁਕਸ ਹੈ। ਇਸੇ ਤਰ੍ਹਾਂ ਦੇ ਨਾਲ ਜਦ ਤੱਕ ਅਸੀਂ ਅੰਦਰਲੀਆਂ ਰਹਿਤਾਂ ਨਹੀਂ ਪੂਰੀਆਂ ਕਰਦੇ, ਬਾਹਰਲੀਆਂ ਤੇ ਅੰਦਰਲੀਆਂ ਰਹਿਤਾਂ ਨੂੰ ਪੂਰੀ ਤਰ੍ਹਾਂ ਨਹੀਂ ਮੰਨਦੇ, ਓਨੀ ਦੇਰ ਤੱਕ ਨਾਮ ਦੀ ਚੜ੍ਹਾਈ ਨਹੀਂ ਆਦਮੀ ਕਰ ਸਕਦਾ। ਇਹੀ ਵਜਹ ਹੈ ਕਿ ਨਾਮ ਜਪਦੇ ਨੇ, ਫੇਰ ਥੱਲੇ ਰਹਿ ਜਾਂਦੇ ਨੇ, ਜਪਦੇ ਨੇ ਫੇਰ ਥੱਲੇ ਰਹਿ ਜਾਂਦੇ ਨੇ। ਮਹਾਰਾਜ ਕਹਿੰਦੇ –

***ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ***
***ਹਿਰਦਾ ਸੁਧੁ ਨ ਹੋਈ ॥***
***ਅਨਦਿਨੁ ਕਰਮ ਕਰਹਿ ਬਹੁਤੇਰੇ***
***ਸੁਪਨੈ ਸੁਖੁ ਨ ਹੋਈ ॥ ਅੰਗ – ੭੩੨***

'ਹਰਿ ਹਰਿ' ਤਾਂ ਕਰਦਾ ਹੈ, ਲੇਕਿਨ ਕਪਟ ਹੈ ਹਿਰਦੇ ਦੇ ਅੰਦਰ। ਸੋ ਇਹ ਸਾਰੀ ਜੋ ਸਿੱਖਿਆਂ ਗੁਰੂ ਮਹਾਰਾਜ ਨੇ ਦਿਤੀ ਹੈ – ਗੁਰੂ ਗ੍ਰੰਥ ਸਾਹਿਬ ਦੇ ਅੰਦਰ; ਨੋਟ ਕਰਨ ਦੀ ਕੋਸ਼ਿਸ਼ ਕਰੋ ਕਿ ਮਹਾਰਾਜ ਕਹਿੰਦੇ ਕੀ ਨੇ। ਜਦ ਗੁਰੂ ਧਾਰਨ ਕਰ ਲਿਆਂ, ਇਸ ਰਸਤੇ ਤੇ ਚਲ ਪਏ, ਫੇਰ ਸਾਨੂੰ ਪੂਰੀ ਸਾਵਧਾਨੀ ਦੇ ਨਾਲ ਅੱਗੇ ਵਧਣਾ ਚਾਹੀਦਾ ਹੈ ਤੇ ਮਹਾਰਾਜ ਕਹਿੰਦੇ ਨੇ –

***ਮਿਥਿਆ ਨਾਹੀ ਰਸਨਾ ਪਰਸ। ਅੰਗ – ੨੭੪***

ਨਾ ਹਾਸੇ ਵਿੱਚ, ਨਾ ਮਖੌਲ ਵਿਚ, ਨਾ ਕਿਸੇ ਨੂੰ ਗਲਤ ਗੱਲ ਕਰਨ ਵਿਚ; ਰਸਨਾ ਦੇ ਨਾਲ ਛੂਹਣੀ ਹੀ ਨਹੀਂ ਚਾਹੀਦੀ ਝੂਠੀ ਗੱਲ। ਜਦ ਛੂਹੇਗੀ, ਅੰਦਰਲੇ ਨੂੰ ਪਤਾ ਹੁੰਦਾ ਹੈ ਕਿ ਮੈਂ ਝੂਠ ਬੋਲਦਾ ਹਾਂ। ਜਦ ਅੰਦਰਲੇ ਨੂੰ ਪਤਾ ਲਗ ਗਿਆ, ਨਾਮ ਦੀ ਤਾਰ ਉਸੇ ਵੇਲੇ ਟੁੱਟ ਜਾਊ – ਕਰਕੇ ਦੇਖ ਲਿਓ ਕਿ ਨਾਮ ਚਲਦਾ ਹੈ ਕਿ ਨਹੀਂ; ਇਮਾਨਦਾਰੀ ਦੇ ਨਾਲ ਦੱਸਿਉ। ਇਕ ਵਾਰੀ ਝੂਠ ਬੋਲ ਲਓ, ਕਦੇ ਨਹੀਂ ਚਲਦਾ। ਕਿਉਂਕਿ ਸੱਚ ਜਿਹੜਾ ਹੈ, ਉਹ ਵਾਹਿਗੁਰੂ ਅਲੋਪ ਹੋ ਜਾਏਗਾ –

***ਮਨ ਮਹਿ ਪ੍ਰੀਤਿ ਨਿਰੰਜਨ ਦਰਸ॥ ਅੰਗ – ੨੭੪***

ਫੇਰ ਮਨ ਦੇ ਵਿਚ ਪ੍ਰੀਤ ਹੋਣੀ ਚਾਹੀਦੀ ਹੈ ਵਾਹਿਗੁਰੂ ਦੇ ਦਰਸ਼ਨਾਂ ਦੀ। ਕਿਸਨੂੰ ਪ੍ਰੀਤ ਹੈ? ਕੌਣ ਹੈ ਜਿਹੜਾ ਪਿਆਰ ਦੇ ਵਿਚ ਰਹਿੰਦਾ ਹੈ। ਕੋਈ ਵਿਰਲਾ ਪੁਰਸ਼ ਹੈ – ਕੋਈ ਵਿਰਲਾ; ਸਾਰੇ ਨਹੀਂ ਹਨ –

***ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ ॥***
***ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ ॥***
***ਅੰਗ – ੧੦੯੪***

ਕੋਈ ਨਹੀਂ ਕਹਿੰਦਾ ਹੈ ਕਿ ਮੇਰਾ ਤੂੰ ਸੀਸ ਲੈ ਲੈ, ਵਾਹਿਗੁਰੂ ਪਿਆਰੇ ਦੇ ਮੈਨੂੰ ਇਕ ਵਾਰੀ ਦਰਸ਼ਨ ਕਰਾ ਦੇ। ਤੀਬਰਤਾ ਨਹੀਂ ਹੈ ਅੰਦਰ, ਬੁਝਿਆਂ ਹੋਇਆ ਦੀਵਾ ਹੈ। ਜਿਵੇਂ ਬੁਝਿਆਂ ਹੋਇਆ ਧੂਣਾ ਹੁੰਦਾ ਹੈ, ਉਹਦੇ ਉਪਰ ਪਾਣੀ ਪਾ ਦਿਓ, ਐਵੇਂ ਧੂੰਆਂ ਜਿਹਾ ਨਿਕਲਦਾ ਰਹਿੰਦਾ ਹੈ; ਐਹੋ ਜਿਹਾ ਹਾਲ ਹੈ ਸਾਡਾ। ਪ੍ਰੀਤ ਨਹੀਂ ਹੈ ਅੰਦਰ ਕਿ ਕੋਈ ਪ੍ਰੀਤ ਲਗੀ ਹੋਈ ਹੈ। ਪ੍ਰੀਤ ਹੋਰ ਚੀਜ਼ ਹੁੰਦੀ ਹੈ –

***ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥ ਅੰਗ – ੨੭੪***

ਪਰਾਏ ਰੂਪ ਤੱਕਣੇ –

***ਸਾਧ ਕੀ ਟਹਲ ਸੰਤਸੰਗਿ ਹੇਤ॥ ਅੰਗ – ੨੭੪***

ਦੋਇ ਚੀਜ਼ਾਂ – ਸਾਧ ਸੰਗਤ ਦੀ ਟਹਲ ਤੇ ਬੰਦਗੀ ਕਰਨ ਵਾਲਿਆਂ ਨਾਲ ਪਿਆਰ; ਇਹ ਦੋਇ ਚੀਜ਼ਾਂ ਨਹੀਂ ਸਾਡੇ ਕੋਲ – ਨਾ ਅਸੀਂ ਸੇਵਾ ਦੇ ਵਿਚ ਹਾਂ ਤੇ ਨਾ ਸਾਡੇ ਹਿਰਦੇ ਵਿਚ ਪਿਆਰ ਆਉਂਦਾ ਹੈ। ਬੰਦਗੀ ਕਰਨ ਵਾਲਿਆਂ ਨੂੰ ਦੇਖ ਕੇ ਪਿਆਰ ਵਿਰਲੇ–ਵਿਰਲੇ ਨੂੰ ਆਉਂਦਾ ਹੈ, ਬਾਕੀ ਤਾਂ ਤਰਕ ਕਰਦੇ ਨੇ। ਜੇ ਨਹੀਂ ਪਿਆਰ ਆਉਂਦਾ, ਤਰਕ ਤਾਂ ਨਾ ਕਰੋ; ਤਰਕ ਕਰਨ ਦੇ ਨਾਲ ਛੇ ਕਲਾ ਵੈਰਾਗ ਦੀਆਂ ਨਸ਼ਟ ਹੋ ਜਾਂਦੀਆਂ ਨੇ–

***ਕਰਨ ਨ ਸੁਨੈ ਕਾਹੂ ਕੀ ਨਿੰਦਾ॥ ਅੰਗ – ੨੭੪***

ਕਿਸੇ ਦੀ ਨਿੰਦਿਆ ਕੰਨਾਂ ਦੇ ਨਾਲ ਸੁਣ ਵੀ ਨਾ, ਕਰਨੀ ਤਾਂ ਇੱਕ ਪਾਸੇ ਰਹੀ। attitude of mind (ਮਨ ਦਾ ਰੁਖ) ਕੀ ਹੋਣਾ ਚਾਹੀਦਾ ਹੈ? ਕਹਿੰਦੇ ਇਹ ਸਮਝ ਸੱਚੀ ਮੁੱਚੀਂ ਹੀ ਦਿਲੋਂ; ਉਪਰੋਂ ਨਾ ਕਰਿ, by words (ਸ਼ਬਦਾਂ ਨਾਲ) ਨ ਕਹਿ ਕੇ –

***ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖ ਮੰਦਾ॥***
***ਭਾਈ ਗੁਰਦਾਸ ਜੀ, ਵਾਰ ੩੬/੨੧***

ਸੱਚੀ ਮੁੱਚੀਂ ਗੁਰੂ ਕੋਲ ਆ ਕੇ ਕਹਿ –

***ਹਮ ਨਹੀ ਚੰਗੇ ਬੁਰਾ ਨਹੀ ਕੋਇ॥ ਅੰਗ – ੭੨੮***

ਫੇਰ ਹੋਏਗਾ ਕੀ? ਕਬੀਰ ਸਾਹਿਬ ਕਹਿੰਦੇ, ਹੋਣਾ ਕੀ ਹੈ – ਸਾਡੇ ਬਰਾਬਰ ਖੜ੍ਹ ਜਾਵੇਂਗਾ ਆ ਕੇ; ਅਸੀਂ ਵੀ ਏਥੇ ਹੀ ਖੜ੍ਹੇ ਹਾਂ। ਸਾਡੇ ਨਾਲ ਜੇ ਖੜ੍ਹਨਾ ਹੈ – ਸਾਧੂ ਸੰਤਾਂ ਦੇ ਨਾਲ,

ਗੁਰੂਆਂ ਦੇ ਨਾਲ, ਤਾਂ ਇਹ attitude of mind ਕਰ ਲੈ –

***ਕਬੀਰ ਸਭ ਤੇ ਹਮ ਬੁਰੇ***
***ਹਮ ਤਜਿ ਭਲੋ ਸਭੁ ਕੋਇ ॥***
***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥***
***ਅੰਗ – ੧੩੬੪***

ਜਿਹੜਾ ਕਹਿੰਦਾ ਹੈ -ਜੀ ਮੈਂ ਤਾਂ ਐਉਂ ਹਾਂ, ਮੇਰਾ ਤਾਂ ਇਉਂ ਹੈ, ਮੇਰਾ ਫਲਾਣਾ ਜੀ, ਮੈਂ ਬੜਾ ਚੰਗਾ ਜਾਂ ਜੀ; ਆਪਣੀ ਵਡਿਆਈ ਆਪਣੇ ਮੂੰਹੋਂ ਕਰੀ ਜਾਣੀ; ਕਹਿੰਦੇ ਨਹੀ, ਫੇਰ ਤੇਰਾ ਸਾਡਾ ਸਾਥ ਨਹੀਂ ਹੈ। ਤੂੰ ਦਿਲੋਂ ਸਮਝ – 'ਹਮ ਨਹੀਂ ਚੰਗੇ ਬੁਰਾ ਨਹੀਂ ਕੋਇ॥' ਇਉਂ ਕਹਿ –

***ਸਭ ਤੇ ਜਾਨੈ ਆਪਸ ਕਉ ਮੰਦਾ॥ ਅੰਗ – ੨੭੪***

ਮੰਨ ਲਉ ਆਦਮੀ ਮੰਦਾ? ਬਿਲਕੁਲ ਮੰਨਣ ਨੂੰ ਤਿਆਰ ਨੀਂ; ਤਾ ਹੀ ਨਹੀਂ ਸਾਡੀ ਤਾਰ ਜੁੜਦੀ, ਕਿਉਂਕਿ ਇਹ ਗੱਲਾਂ ਅਸੀਂ ਅਪਣਾਉਂਦੇ ਨਹੀਂ ਹਾਂ ਜੀਵਨ 'ਚ। ਜਦ ਤਾਂਈ ਜੀਵਨ ਵਿਚ ਨਹੀਂ ਅਪਣਾਉਂਦੇ, ਓਨਾਂ ਚਿਰ ਗੱਲ ਨਹੀਂ ਬਨਿਆ ਕਰਦੀ। ਐਸਾ ਫੁਰਮਾਨ ਹੈ –

***ਖਾਂਡ ਖਾਂਡ ਕਹੈ ਜਿਹਬਾ ਨ ਸ੍ਵਾਦ ਮੀਠੋ ਆਵੈ.***
***ਅਗਨਿ ਅਗਨਿ ਕਹੈ ਸੀਤ ਨ ਬਿਨਾਸ ਹੈ॥***
***ਬੈਦ ਬੈਦ ਕਹੈ ਰੋਗ ਮਿਟਤ ਨ ਕਾਹੂੰ ਕੋ,***
***ਦ੍ਰਬ ਦ੍ਰਬ ਕਹੈ ਕੋਊ ਦ੍ਰਬਹਿ ਨ ਬਿਲਾਸ ਹੈ॥***
***ਚੰਦਨ ਚੰਦਨ ਕਹੈ ਪ੍ਰਗਟੈ ਨ ਸੁਬਾਸ ਬਾਸੁ,***
***ਚੰਦ ਚੰਦ ਕਹੈ ਉਜਿਆਰੋ ਨ ਪ੍ਰਗਾਸ ਹੈ॥***
***ਤੈਸੇ ਗਿਯਾਨ ਗੋਸਟਿ ਕਰਤ ਨ ਰਹਤ ਪਾਵੈ,***
***ਕਰਨੀ ਪ੍ਰਧਾਨ ਭਾਨ ਉਦਤਿ ਅਕਾਸ ਹੈ॥***
***ਕਬਿਤ, ਭਾਈ ਗੁਰਦਾਸ ਜੀ***

ਗਿਆਨ ਦੀਆਂ ਗੱਲਾਂ ਕਰੀ ਜਾਣੀਆਂ, ਗਿਆਨ-ਗੋਸ਼ਟ ਕਰਨੀ; ਇਹਦੇ ਨਾਲ ਤਾਂ ਅਵਸਥਾ ਨਹੀਂ ਪ੍ਰਾਪਤ ਹੋਣੀ। ਇਹ ਪ੍ਰਾਪਤ ਉਦੋਂ ਹੋਣੀ ਹੈ ਜਿਸ ਵਕਤ ਕਰਨੀ ਵਿਚ ਓਥੇ ਆ ਜਾਣਾ ਹੈ, ਰਹਿਤ ਵਿਚ ਆ ਜਾਣਾ ਹੈ –

***ਅਵਰ ਉਪਦੇਸੈ ਆਪਿ ਨ ਕਰੈ ॥***
***ਆਵਤ ਜਾਵਤ ਜਨਮੈ ਮਰੈ ॥ ਅੰਗ – ੨੬੯***

ਦੂਸਰਿਆਂ ਨੂੰ ਉਪਦੇਸ਼ ਕਰਦਾ ਹੈ, ਗਿਆਨ-ਗੋਸ਼ਟ ਕਰਦਾ ਹੈ; ਆਪ ਕਰਦਾ ਨਹੀਂ –

***ਔਰਨ ਕੱਹ ਉਪਦੇਸਤ ਹੈ***
***ਪਸੁ ਤੋਹਿ ਪ੍ਰਬੋਧ ਨਾ ਲਾਗੁ॥***
***(ਸ਼ਬਦ ਹਜ਼ਾਰੇ) ਪਾਤਸ਼ਾਹੀ ੧੦***

ਮਹਾਰਾਜ ਕਹਿੰਦੇ, ਬਾਕੀਆਂ ਨੂੰ ਤਾਂ ਉਪਦੇਸ਼ ਕਰੀ ਜਾਂਦਾ ਹੈ, ਤੈਨੂੰ ਭੋਰਾ ਜਿੰਨਾ ਵੀ ਗਿਆਨ ਨਹੀਂ ਆਇਆ। ਸੋ ਇਸ ਤਰ੍ਹਾਂ ਦੇ ਨਾਲ ਜਦ ਤੱਕ ਅਸੀਂ ਗੁਰੂ ਦੀ ਦੱਸੀ ਹੋਈ ਰਹਿਤ ਤੇ ਨਹੀਂ ਚਲਦੇ, ਓਨਾਂ ਚਿਰ ਗੱਲ ਨਹੀਂ ਚੱਲਦੀ।

***ਕਰਨ ਨ ਸੁਨੈ ਕਾਹੂ ਕੀ ਨਿੰਦਾ ॥***
***ਸਭ ਤੇ ਜਾਨੈ ਆਪਸ ਕਉ ਮੰਦਾ ॥***
***ਗੁਰ ਪ੍ਰਸਾਦਿ ਬਿਖਿਆ ਪਰਹਰੈ ॥***
***ਮਨ ਕੀ ਬਾਸਨਾ ਮਨ ਤੇ ਟਰੈ ॥ ਅੰਗ – ੨੭੪***

ਜਿਹੜਾ ਮਾਇਆ ਦਾ ਭੁਲੇਖਾ ਪਿਆ ਹੋਇਆ ਹੈ, ਇਹ ਗੁਰੂ ਦੀ ਕ੍ਰਿਪਾ ਨਾਲ ਛੁਟਦਾ ਹੈ। ਜਿਹੜੀਆਂ ਮਨ ਦੇ ਅੰਦਰ ਬੇਅੰਤ ਵਾਸ਼ਨਾਵਾਂ ਨੇ, ਉਹ ਜਿੰਨਾਂ ਚਿਰ ਨਹੀਂ ਛੱਡਦਾ, ਓਨੀ ਦੇਰ ਤਕ ਪਰਮੇਸ਼ਰ ਦਾ ਭਜਨ ਕਰੇਗਾ ਕਿ ਵਾਸ਼ਨਾ ਦਾ ਭਜਨ ਕਰੇਗਾ? ਉਹ ਵਾਸ਼ਨਾ ਦਾ ਭਜਨ ਹੁੰਦਾ ਹੈ। ਰੱਬ ਦਾ ਜਿੰਨਾਂ ਚਿਰ ਪਿਆਰ ਨਹੀਂ ਹਿਰਦੇ ਵਿੱਚ ਆਉਂਦਾ, ਦ੍ਰਿੜ੍ਹਤਾ ਨਹੀਂ ਆਉਂਦੀ, ਓਨੀ ਦੇਰ ਤੱਕ ਗੱਲ ਨਹੀਂ ਚਲਿਆਂ ਕਰਦੀ। ਸੋ ਵਾਸ਼ਨਾ ਕਿਥੇ ਤੱਕ ਆਦਮੀ ਦੇ ਨਾਲ ਜਾਂਦੀ ਹੈ?

ਇਕ ਵਾਰੀ ਸ੍ਰੀ ਰਾਮ ਚੰਦਰ ਜੀ ਮਹਾਰਾਜ ਰੂਹਾਨੀ ਦਰਬਾਰ ਲਾਈ ਬੈਠੇ ਨੇ, ਵਸਿਸ਼ਟ ਆਦਿ ਸਾਰੇ ਵੱਡੇ-ਵੱਡੇ ਮਹਾਂਪੁਰਸ਼ ਬੈਠੇ ਨੇ। ਵਿਚਾਰ ਹੋ ਰਹੀ ਹੈ ਰੂਹਾਨੀ। ਅਚਾਨਕ ਆਪ ਨੇ ਹੱਥ ਤੇ ਹੱਥ ਮਾਰ ਕੇ ਤਾੜੀ ਮਾਰੀ ਤੇ ਉੱਚੀ-ਉੱਚੀ ਹੱਸ ਪਏ। ਸਾਰੇ ਹੈਰਾਨ ਹੋ ਗਏ ਕਿ ਐਨੇ ਜ਼ੋਰ ਦੀ ਹੱਸੇ ਨੇ। ਉਸ ਵੇਲੇ ਪੁਛਿਆ ਵਸ਼ਿਸ਼ਟ ਜੀ ਨੇ –

"ਹੇ ਰਾਮ ਜੀ! ਕਿਰਪਾ ਕਰਕੇ ਇਹ ਤਾਂ ਦੱਸੋ ਕਿ ਆਪ ਦੇ ਹੱਸਣ ਦਾ ਕੀ ਕਾਰਨ ਹੈ?"

"ਵਸ਼ਿਸ਼ਟ ਜੀ! ਤੁਸੀਂ ਤਾਂ ਜਾਣਦੇ ਹੋ, ਤ੍ਰਿਕਾਲਦਰਸ਼ੀ ਪੁਰਸ਼ ਹੋਂ?"

"ਨਹੀਂ ਮਹਾਰਾਜ, ਆਪ ਪ੍ਰਗਟ ਕਰਕੇ ਦੱਸੋ।"

"ਅਸੀਂ ਇਸ ਕੀੜੇ ਨੂੰ ਦੇਖ ਕੇ ਹੱਸੇ ਸੀ। ਕੀੜੇ ਦੀਆਂ ਪਿਛਲੀਆਂ ਦੋ ਲੱਤਾਂ ਟੁੱਟੀਆਂ ਹੋਈਆਂ ਨੇ।" "ਮਹਾਰਾਜ! ਇਹਦੇ ਵਿਚ ਹੱਸਣ ਦੀ ਕੀ ਗੱਲ ਹੈ? ਇਹ ਉਪਰ ਨੂੰ ਚੜ੍ਹਦਾ ਹੈ, ਗਿਰ ਜਾਂਦਾ ਹੈ। ਇਹਦੇ ਉਤੇ ਤਾਂ ਨਹੀਂ ਸਤਿਪੁਰਸ਼ ਹੱਸਿਆ ਕਰਦੇ। ਅਣਜਾਣ ਬੰਦੇ ਤਾਂ ਜ਼ਰੂਰ ਹਸਣਗੇ ਦੇਖ ਕੇ, ਕਿ ਚੜ੍ਹ ਨਹੀਂ ਹੁੰਦਾ। ਵਿਚੋਂ ਭੇਦ ਖੋਲ੍ਹੋ।"

"ਵਸ਼ਿਸ਼ਟ ਜੀ! ਇਹ ਜਿਹੜਾ ਕੀੜਾ ਹੈ – ਇਹ ਵਾਹਿਗੁਰੂ ਦੀ ਕੁਦਰਤ ਐਨੀ ਬੇਅੰਤ-ਬੇਅੰਤ ਹੈ ਜਿਸ ਦਾ ਕੋਈ ਪਤਾ ਨਹੀਂ ਕਿ ਕਦ ਸ੍ਰਿਸ਼ਟੀ ਸ਼ੁਰੂ ਹੋਈ ਹੈ – ਕੁਛ ਨਹੀਂ ਪਤਾ, ਕੋਈ ਪਤਾ ਨਹੀਂ ਇਹ ਕਦ ਤੱਕ ਸ੍ਰਿਸ਼ਟੀ ਨੇ ਰਹਿਣਾ ਹੈ, ਅਟੇ-ਸਟੇ ਸੰਸਾਰ ਲਾਉਂਦਾ ਹੈ। ਇਹ ਤਾਂ ਵਾਹਿਗੁਰੂ ਆਪ ਹੀ ਜਾਣਦਾ ਹੈ ਜਿਹਨੇ ਇਹ ਪਸਾਰਾ ਪਸਾਰਿਆ।"–

***ਤਿਸੁ ਭਾਵੈ ਤਾ ਕਰੇ ਬਿਸਥਾਰੁ॥***
***ਤਿਸੁ ਭਾਵੈ ਤਾ ਏਕੰਕਾਰੁ॥ ਅੰਗ – ੨੯੪***

ਉਹ ਕਿਸੇ ਟਾਈਮ ਦੇ ਅੰਦਰ ਨਹੀਂ। ਗਿਣੇ ਨੇ ਟਾਈਮ ਵਿਸ਼ੇਸ਼ਕ ਸਾਸ਼ਤ੍ਰ ਨੇ। ਮਹਾਰਾਜ ਨੇ ਵੀ ਫੁਰਮਾਨ ਕਰਿਆ ਹੈ –

***ਕਾਲ ਪਾਇ ਬ੍ਰਹਮਾ ਬਪੁ ਧਰਾ॥***
***ਕਾਲ ਪਾਇ ਸਿਵਜੂ ਅਵਤਰਾ॥***
***ਕਬਿਓ ਵਾਚ ਬੇਨਤੀ ਚੌਪਈ, ਪਾਤਸ਼ਾਹੀ ੧੦***

ਕਾਲ ਦੇ ਨਾਲ ਹੀ ਬ੍ਰਹਮਾ ਦੀ ਉਤਪਤੀ ਹੋਈ ਹੈ, ਕਾਲ ਦੇ ਨਾਲ ਹੀ ਸ਼ਿਵ ਜੀ, ਕਾਲ ਦੇ ਨਾਲ ਹੀ ਵਿਸ਼ਨੂੰ ਜੀ –

***ਸਕਲ ਕਾਲ ਕਾ ਕੀਆ ਤਮਾਸਾ॥***
***ਕਬਿਓ ਬਾਚ ਬੇਨਤੀ ਚੌਪਈ, ਪਾਤਸ਼ਾਹੀ ੧੦***

ਸਾਰਾ ਕਾਲ ਦਾ ਹੀ ਤਮਾਸ਼ਾ ਹੋ ਰਿਹਾ ਹੈ, ਟਾਈਮ ਦੀ ਬਾਤ ਚੱਲ ਰਹੀ ਹੈ। ਉਨ੍ਹਾਂ ਨੇ ਕਾਲ ਚੱਕਰ ਬਣਾਏ ਹੋਏ ਨੇ ਕਿ ਜਦ ਚਾਰ ਅਰਬ ੩੨ ਕਰੋੜ ਸਾਲ ਲੰਘ ਜਾਂਦੇ ਨੇ, ਉਸ ਵੇਲੇ ਬ੍ਰਹਮਾ ਦਾ ਇਕ ਦਿਨ ਹੋ ਜਾਂਦਾ ਹੈ। ਜਦ ਰਾਤ ਪੈ ਜਾਂਦੀ ਹੈ, ਉਸੇ ਵੇਲੇ ਇਹ ਸਾਰਾ ਕੁਛ ਜੋ ਦਿਸਦਾ ਹੈ ਆਪਾਂ ਨੂੰ, ਸਭ ਖਤਮ ਹੋ ਜਾਂਦਾ ਹੈ – ਉਸ ਵੇਲੇ ਕੁਛ ਵੀ ਨਹੀਂ ਰਹਿੰਦਾ। ੪ ਅਰਬ ੩੨ ਕਰੋੜ ਸਾਲ ਇਵੇਂ ਰਹਿੰਦਾ ਹੈ। ਤੇ ਫੇਰ ੩੬੫ ਦਿਨਾਂ ਦਾ ਉਹਦਾ ਇਕ ਸਾਲ ਹੈ, ਉਹਦੀ ਸੌ ਸਾਲ ਦੀ ਉਮਰ ਹੈ ਤੇ ਇਸ ਤਰ੍ਹਾਂ ੩੬.੫੦੦ ਵਾਰੀ ਉਹਦੀ ਜ਼ਿੰਦਗੀ ਦੇ ਅੰਦਰ ਇਹ ਸੰਸਾਰ ਬਣਦਾ ਹੈ ਤੇ ਐਨੀ ਹੀ ਵਾਰੀ ਇਹ ਜਾਂਦਾ ਹੈ ਤੇ ਨਵਾਂ ਬ੍ਰਹਮਾ ਆ ਜਾਂਦਾ ਹੈ –

***ਕੋਟਿ ਬ੍ਰਹਮੇ ਜਗੁ ਸਾਜਣ ਲਾਏ॥ ਅੰਗ – ੧੧੫੬***

ਮਹਾਰਾਜ ਕਹਿੰਦੇ, ਕਰੋੜਾਂ ਬ੍ਰਹਮਾ ਆ ਚੁੱਕੇ ਨੇ, ਇਕ ਦੋ ਚਾਰ ਨਹੀਂ ਹਨ। ਬਹੁਤ ਵੱਡੀ ਗਿਣਤੀ ਕਰੀ ਹੈ। ਇਸ ਤਰ੍ਹਾਂ ਫੁਰਮਾਇਆ ਹੈ –

***ਏਕ ਸ਼ਿਵ ਭਏ, ਏਕ ਗਏ, ਏਕ ਫੇਰ ਭਏ,***
***ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥***
***ਬ੍ਰਹਮਾ ਅਰੁ ਬਿਸਨੁ ਕੇਤੇ, ਬੇਦ ਔ ਪੁਰਾਨ ਕੇਤੇ,***
***ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਏ ਹੈਂ॥***
***ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ,***
***ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥***
***ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ,***
***ਭੂਮ ਹੀ ਤੇ ਹੁਇਕੈ ਫੇਰ ਭੂਮ ਹੀ ਮਿਲਏ ਹੈਂ॥***
***ਅਕਾਲ ਉਸਤਤਿ***

ਐਡੀਆਂ ਐਡੀਆਂ ਉਮਰਾਂ ਵਾਲੇ – ਸ਼ਿਵ ਜੀ ਦੀ ਉਮਰ ਇਸੇ ਕਾਲ ਚੱਕਰ ਦੇ ਹਿਸਾਬ ਨਾਲ ੧੯ ਕ੍ਰੋੜ ਖਰਬ ਸਾਲ ਦੀ ਹੈ। ੧੯ ਲੱਖ ਖਰਬ ਸਾਲ ਦੀ, ਸਾਲਾਂ ਦੇ ਹਿਸਾਬ, ਬ੍ਰਹਮਾ ਦੀ ਉਮਰ ਹੈ। ਸੋ ਕਹਿਣ ਲੱਗੇ, "ਅਸੀਂ ਵਾਹਿਗੁਰੂ ਦੀ ਬੇਅੰਤਤਾ ਦੇ ਉਤੇ ਕੁਰਬਾਨ ਜਾਂਦੇ ਹਾਂ ਕਿ ਇਹ ਜਿਹੜਾ ਕੀੜਾ ਹੈ, ਅੱਜ ਤੋਂ ਪਹਿਲਾਂ ੧੪ ਵਾਰੀ ਇੰਦਰ ਦੇਵਤਾ ਬਣ ਕੇ ਤਖਤ ਤੇ ਬੈਠ ਚੁੱਕਿਆ ਹੈ – ਸਵਰਗ ਲੋਕ ਦਾ ਰਾਜਾ ਬਣ ਕੇ। ਪਰ ਭੋਗਾਂ ਦੀ ਵਾਸ਼ਨਾ ਇਹਦੇ ਮਨ ਦੇ ਅੰਦਰ ਐਨੀ ਡੂੰਘੀ ਜਾ ਚੁੱਕੀ ਹੈ, ਇਹਨੂੰ ਪਤਾ ਹੈ ਕਿ ਮੈਂ ਚੌਰਾਸੀ ਭੋਗ ਰਿਹਾ ਹਾਂ ਤੇ ਛੇਤੀ ਛੇਤੀ ਚੌਰਾਸੀ ਭੋਗ ਕੇ ਮਨੁੱਖ ਬਣਾਂ। ਉਸ ਤੋਂ ਬਾਅਦ ਮੈਂ ਫੇਰ ਉਹੀ ਕੰਮ ਕਰਾਂ ਤੇ ਮੈਂ ਸਵਰਗ ਲੋਕ ਦਾ ਰਾਜਾ ਬਣਾਂ। ਇਸ ਮੂੜ ਨੂੰ ਇਹ ਨਹੀਂ ਪਤਾ ਕਿ ਕਿੰਨੀ ਵਾਰੀ ਅੱਗੇ ਗਿਰ ਚੁੱਕਿਆ ਹਾ ਤੇ ਹੁਣ ਪਰਮਪਦ ਦੀ ਪ੍ਰਾਪਤੀ ਕਰਾਂ ਜਿਥੋਂ ਫੇਰ ਨਾ ਆਉਣਾ ਪਵੇ; ਆਪਣੇ ਸਰੂਪ ਦਾ ਗਿਆਨ ਕਰਾਂ, ਆਪਣੇ ਸਰੂਪ ਵਿੱਚ ਸਮਾਈ ਕਰਾਂ।"

ਸੋ, ਇਸ ਤਰ੍ਹਾਂ ਵਾਸ਼ਨਾ ਜਿਹੜੀ ਹੈ, ਇਹ ਨਹੀਂ ਹਟਿਆ ਕਰਦੀ, ਸਾਧ ਸੰਗਤਿ ਜੀ! ਵਾਸ਼ਨਾ ਹੀ ਹੈ ਜਿਹੜੀ ਮਨ ਨੂੰ ਟਿਕਣ ਨਹੀਂ ਦਿੰਦੀ। ਨਵਾਬ ਦੌਲਤ ਖਾਨ ਨੇ ਜਦੋਂ ਨਮਾਜ਼ ਪੜ੍ਹੀ ਤਾਂ ਪੁੱਛਿਆਂ ਗੁਰੂ ਨਾਨਕ ਪਾਤਸ਼ਾਹ ਨੂੰ ਕਿ ਤੁਸੀਂ ਸਾਡੇ ਨਾਲ ਨਮਾਜ਼ ਨਹੀਂ ਪੜ੍ਹੀ – ਪੜ੍ਹਨ ਵਾਸਤੇ ਆਏ ਸੀ। ਮਹਾਰਾਜ ਕਹਿੰਦੇ, ਅਸੀਂ ਤਾਂ ਪੜ੍ਹ ਲਈ ਤੇ ਤੁਸੀਂ ਨਹੀਂ ਪੜਹੀ। ਕਾਜ਼ੀ ਕਹਿਣ ਲੱਗਿਆ, ਨਵਾਬ ਸਾਹਿਬ ਜੀ! ਦੇਖੋ, ਨਾਨਕ ਜੀ ਕੀ ਕਹਿ ਰਿਹਾ ਹੈ। ਨਵਾਬ ਫੇਰ ਕਹਿਣ ਲੱਗਿਆ, ਨਾਨਕ ਜੀ! ਮੈਂ ਨਮਾਜ਼ ਪੜ੍ਹੀ ਹੈ। ਮਹਾਰਾਜ ਕਹਿੰਦੇ, ਤੂੰ ਤਾਂ ਜਦੋਂ ਅੱਧਾ ਕਲਮਾ 'ਇਲਇੱਲਾ' ਕਿਹਾ ਤੇ 'ਲਾਇੱਲਾ' ਵੀ ਨਹੀਂ ਤੈਂ ਕਹਿਣ ਦਿਤਾ, ਤੂੰ ਤਾਂ ਇਸ ਤੋਂ ਪਹਿਲਾਂ ਹੀ ਨਿਕਲ ਕੇ ਕਾਬਲ ਕੰਧਾਰ ਘੋੜੇ ਖਰੀਦਣ ਲੱਗ ਪਿਆ। ਤੇਰਾ ਸਰੀਰ ਉਠਦਾ ਬੈਠਦਾ ਰਿਹਾ ਲੇਕਿਨ ਤੂੰ ਤਾਂ ਏਥੇ ਨਹੀਂ ਸੀ। ਤੂੰ ਤਾਂ ਨਮਾਜ਼ੀ ਨਹੀਂ ਬਣਿਆ, ਤੇਰੇ ਸਰੀਰ ਨੇ ਇਕ ਡਰਾਮਾ ਜਿਹਾ ਕਰਿਆ ਹੈ। ਕਾਜ਼ੀ ਕਹਿਣ ਲੱਗਿਆ, ਫੇਰ ਮੇਰੇ ਨਾਲ ਪੜ੍ਹ ਲੈਂਦਾ ਹੈ। ਮਹਾਰਾਜ ਕਹਿੰਦੇ, ਤੇਰੇ ਘਰ ਦੇ ਅੰਦਰ ਘੋੜੀ ਸੂਈ ਸੀ, ਵਛੇਰੀ ਛੋਟੀ ਹੈ, ਤੇ ਘਰ 'ਚ ਖੂਹ ਤੇ ਮੌਣ ਨਹੀਂ ਹੈ, ਉਹਦੇ ਉਤੇ ਮੰਜਾ ਦੇਣਾ ਭੁੱਲ ਗਿਆ ਤੇ ਤੂੰ ਤਾਂ ਓਥੇ ਮੌਣ ਤੇ ਖੜ੍ਹਾ ਵਛੇਰੀ ਮੋੜਦਾ ਰਿਹਾ ਹੈਂ। ਮਨ ਨਹੀਂ ਟਿਕਦਾ। ਉਸ ਵੇਲੇ ਸਵਾਲ ਕਰਿਆ ਕਿ ਹੇ ਨਾਨਕ! ਆਪ ਕਿਰਪਾ ਕਰਕੇ ਇਹ ਦੱਸੋ ਕਿ ਮਨ ਕਿਵੇਂ ਟਿਕੇ। ਭਜਨ ਕਰਦੇ ਹਾਂ, ਤਸਬੀ ਫੇਰਦੇ ਹਾਂ, ਨਮਾਜ਼ ਪੜ੍ਹਦੇ ਹਾਂ; ਜਦੋਂ ਕੁਰਾਨ ਸਰੀਫ ਪੜ੍ਹਦੇ ਹਾਂ, ਮਨ ਐਵੇਂ ਜਿਵੇਂ ਕਰਦਾ ਹੈ ਸੈਰਾਂ ਸਪਾਟੇ। ਇਹ ਤਾਂ ਟਿਕਦਾ ਹੀ ਨਹੀਂ ਹੈ। ਕਿਰਪਾ ਕਰਕੇ ਇਹਦੀ ਕੋਈ ਜੁਗਤਿ ਦੱਸੋ।

ਗੁਰੂ ਨਾਨਕ ਕਹਿਣ ਲੱਗੇ, ਮਨ ਜਿਹੜਾ ਹੈ, ਇਹ ਵਾਸ਼ਨਾ ਦਾ ਬੰਨ੍ਹਿਆ ਹੋਇਆ ਦੌੜਦਾ ਫਿਰਦਾ ਹੈ। ਜਦ ਤੱਕ ਵਾਸ਼ਨਾ ਤੇ ਕੰਟਰੋਲ ਨਹੀਂ ਕਰਦੇ, ਮਨ ਤੇ ਕੰਟਰੋਲ ਨਹੀਂ ਹੁੰਦਾ। ਕੰਮ ਸਾਰਾ ਹੀ ਮਨ ਦਾ ਹੈ –

***ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ॥***
***ਮਨ ਹੀ ਮਨ ਸਿਉ ਕਹੈ ਕਬੀਰਾ***
***ਮਨ ਸਾ ਮਿਲਿਆ ਨ ਕੋਇ॥ ਅੰਗ – ੩੪੨***

ਜੇ ਮਨ ਨੇ ਹੀ ਸਾਥ ਨ ਦਿਤਾ, ਫੇਰ ਭਜਨ ਕਾਹਦਾ ਕਰ ਲਵਾਂਗੇ। ਇਹ mechanical process ਹੋ ਜਾਏਗਾ ਜਦ ਤੱਕ ਮਨ ਸਾਥ ਨਹੀਂ ਦਿੰਦਾ –

***ਜਾਪ ਕੇ ਕੀਏ ਤੇ ਜੋ ਪੈ ਪਾਯਤ ਅਜਾਪ ਦੇਵ***
***ਪੂਦਨਾ ਸਦੀਵ ਤੁਹੀ ਤੁਹੀ ਉਚਰਤ ਹੈ।***
***ਅਕਾਲ ਉਸਤਤਿ, ਕਬਿੱਤ – ੮੪***

ਕਹਿੰਦੇ, ਇਹ ਜਾਨਵਰ ਸਦਾ 'ਤੂੰਹੀ–ਤੂੰਹੀ–ਤੂੰਹੀ–ਤੂੰਹੀ' ਕਹੀ ਜਾਂਦਾ ਹੈ। ਇਵੇਂ ਜਿਵੇਂ ਤੂੰ ਕਰੀ ਜਾਹ, ਕੀ ਫਰਕ ਪੈਂਦਾ ਹੈ ਐਂ ਕਰਨ ਨਾਲ। ਉਹ ਵੀ ਜਾਨਵਰ ਜਿਉਂਦੈ, ਤੂੰ ਵੀ ਜਿਊਨਾ ਹੈਂ। ਤੇਰਾ ਇਹ ਮਨ ਸਾਥ ਦੇਵੇ, ਫੇਰ ਗੱਲ ਬਣਦੀ ਹੈ। ਸੋ ਮਹਾਰਾਜ ਕਹਿਣ ਲੱਗੇ, "ਨਵਾਬ ਸਾਹਿਬ! ਮਨ ਜਿਹੜਾ ਹੈ, ਇਹ ਵਾਸ਼ਨਾ ਦਾ ਬੰਨ੍ਹਿਆ ਪਿਆ ਹੈ – ਪੁੱਤਰ ਵਾਸ਼ਨਾ, ਲੋਕ ਵਾਸ਼ਨਾ, ਧੰਨ ਵਾਸ਼ਨਾ, ਅਹੁਦੇ ਦੀ ਵਾਸ਼ਨਾ, ਉਸਤਤ ਦੀ ਵਾਸ਼ਨਾ, ਸਾਸ਼ਤਰ ਦੀ ਵਾਸ਼ਨਾ, ਅਨੁਸ਼ਠਾਨ ਵਾਸ਼ਨਾ। ਵਾਸ਼ਨਾ ਤਾਂ ਜਦ ਤੋਂ ਬੱਚਾ ਪੈਦਾ ਹੁੰਦਾ ਹੈ – ਬੱਚੇ ਨੂੰ ਵਾਸ਼ਨਾ ਦੁੱਧ ਦੀ ਹੈ – ਓਦੋਂ ਤੋਂ ਹੀ ਵਾਸ਼ਨਾ ਲਗ ਜਾਂਦੀ ਹੈ –

***ਲਿਵ ਛੁੜਕੀ ਲਗੀ ਤ੍ਰਿਸਨਾ***
***ਮਾਇਆ ਅਮਰੁ ਵਰਤਾਇਆ॥ ਅੰਗ – ੯੨੧***

ਇਹ ਮਰਦੇ ਦਮ ਤੱਕ ਨਹੀਂ ਹਟਦੀ; ਜਦ ਤੱਕ ਆਦਮੀ

ਦਾ ਜਨਾਜ਼ਾ ਨਹੀਂ ਨਿਕਲਦਾ, ਉਸ ਵੇਲੇ ਤੱਕ ਨਹੀਂ ਜਾਂਦੀ। ਫੇਰ ਮਰ ਜਾਂਦਾ ਹੈ, ਉਸ ਵੇਲੇ ਵਾਸ਼ਨਾ ਦੀ ਪੰਡ ਨਾਲ ਜਾਂਦੀ ਹੈ। ਫੇਰ ਕੀ ਹੁੰਦਾ ਹੈ? ਮਹਾਰਾਜ ਕਹਿੰਦੇ -

*ਜੁਗਿ ਜੁਗਿ ਮੇਰੁ ਸਰੀਰ ਕਾ*
*ਬਾਸਨਾ ਬਧਾ ਆਵੈ ਜਾਵੈ॥*
*ਭਾਈ ਗੁਰਦਾਸ ਜੀ, ਵਾਰ ੧/੧੫*
*ਜੈਸੀ ਮਨਸਾ ਤੈਸੀ ਦਸਾ॥ ਅੰਗ - ੧੩੪੨*

ਕਹਿੰਦੇ, ਇਹਦਾ ਬੰਨ੍ਹਿਆ ਹੋਇਆ ਫੇਰ ਜੰਮ ਪਏਗਾ -

*ਅੰਤਿ ਕਾਲਿ ਜੋ ਮੰਦਰ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ॥*
*ਪ੍ਰੇਤ ਜੋਨਿ ਵਲਿ ਵਲਿ ਅਉਤਰੈ॥ ਅੰਗ - ੫੨੬*

ਪ੍ਰੇਤ ਬਣ ਜਾਏਗਾ ਕਿਉਂਕਿ ਵਾਸ਼ਨਾ ਮੰਦਰਾਂ ਦੀ ਆ ਗਈ, ਮਕਾਨਾਂ ਦੀ, ਪ੍ਰਾਪਰਟੀ ਦੀ ਆ ਗਈ। ਸੋ ਵਾਸ਼ਨਾ ਨਾਲ ਬੰਨ੍ਹਿਆ ਜਾਂਦਾ ਹੈ। ਮਹਾਰਾਜ ਕਹਿੰਦੇ -

*ਮਨ ਕੀ ਬਾਸਨਾ ਮਨ ਤੇ ਟਰੈ॥*
*ਇੰਦ੍ਰੀ ਜਿਤ ਪੰਚ ਦੋਖ ਤੇ ਰਹਤ॥*
*ਨਾਨਕ ਕੋਟਿ ਮਧੇ ਕੋ ਐਸਾ ਅਪਰਸ॥*
*ਅੰਗ - ੨੭੪*

ਇੰਦ੍ਰੀਆਂ - ਸ਼ਬਦ, ਸਪਰਸ਼, ਰੂਪ, ਰਸ, ਗੰਧ - ਪੰਜੇ ਇੰਦ੍ਰੀਆਂ ਦੇ ਪੰਜ ਹੀ ਵਿਸ਼ੇ ਨੇ। ਇਨ੍ਹਾਂ ਦੇ ਉਤੇ ਕੰਟਰੋਲ ਕਰੇ ਤੇ ਪੰਜ ਜਿਹੜੇ ਦੋਖ ਨੇ - ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਇਹ ਤੋਂ ਰਹਿਤ ਹੋਵੇ। ਫੇਰ ਮਹਾਰਾਜ ਕਹਿੰਦੇ, ਸਾਰੇ ਬੰਦੇ ਥੋੜ੍ਹੀ ਨੇ ਪ੍ਰੇਮੀਓ! 'ਨਾਨਕ ਕੋਟਿ ਮਧੇ ਕੋ ਐਸਾ ਅਪਰਸ॥' ਕਰੋੜਾਂ ਵਿਚੋਂ ਇਕ ਹੈ ਜਿਹਦਾ ਨਾਮ ਚਲਦਾ ਹੈ। ਬਾਕੀ ਠੀਕ ਹੈ ਆਪਣੀ ਮਿਹਨਤ ਕਰਦੇ ਨੇ, ਜਨਮ ਲੰਘ ਜਾਂਦਾ ਹੈ। ਕਦੇ ਮਨ ਲਗ ਗਿਆ, ਕਦੇ ਨਾ ਲੱਗਿਆ। ਦੂਸਰਾ ਇਹ ਹੈ ਕਿ ਜੇ ਹਿਰਦੇ ਵਿੱਚ ਕਪਟ ਹੋਵੇ - ਉਤੋਂ ਉਤੋਂ ਕੀਰਤਨ ਕਰਦਾ ਹੈ, ਰੋਣ ਵੀ ਲਗ ਜਾਂਦਾ ਹੈ; ਕੋਈ ਔਖਾ ਨਹੀਂ ਹੈ। ਭਾਵੁਕ ਗੱਲ ਛੇੜ ਲਓ, ਆਦਮੀ ਰੋ ਪੈਂਦਾ ਹੈ। ਇਹਦੇ ਨਾਲ ਇਹ ਤਾਂ ਨਹੀਂ ਹੈ ਕਿ ਇਹਦੀ ਸਾਰੀ ਜ਼ਿੰਦਗੀ ਇਸ ਤਰ੍ਹਾਂ ਦੀ ਹੋ ਗਈ। ਉਹ ਤਾਂ ਭਾਵੁਕ ਹੈ, emotion (ਵਲਵਲਾ, ਤਰੰਗ) ਹੈ; emotion ਵਿਚ ਆ ਜਾਂਦਾ ਹੈ। ਚਿੱਠੀ ਪੜ੍ਹਦੇ ਹੀ ਬੰਦਾ ਰੋਣ ਲਗ ਜਾਂਦਾ ਹੈ। ਮਹਾਰਾਜ ਕਹਿੰਦੇ, ਜੇ ਅੰਦਰੋਂ ਕਪਟ ਨਹੀਂ ਜਾਂਦਾ, ਹਿਰਦਾ ਅੰਦਰੌਂ ਨਰਮ ਨਹੀਂ ਹੁੰਦਾ, ਹਿਰਦਾ ਨਹੀਂ ਅੰਦਰੋਂ ਭਿੱਜਦਾ, ਉਹ ਕਠੋਰ ਰਹਿੰਦਾ ਹੈ; ਫੇਰ ਤਾਂ ਨਹੀਂ ਰੱਬ ਮਿਲਦਾ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਹਿਰਦੇ ਹੋਵੇ ਕਪਟ ਵਿਕਾਰ,*
*ਨਹੀਓਂ ਰੱਬ ਮਿਲਦਾ - ੨*
*ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ ਨਹੀ*
*ਹਰਿ ਹਰਿ ਭੀਜੈ ਰਾਮ ਰਾਜੇ ॥*
*ਜਿਨਾ ਅੰਤਰਿ ਕਪਟੁ ਵਿਕਾਰੁ ਹੈ*
*ਤਿਨਾ ਰੋਇ ਕਿਆ ਕੀਜੈ ॥ ਅੰਗ - ੪੫੦*

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਦਾ ਦਰਬਾਰ ਲਗਿਆ ਹੋਇਆ ਹੈ। ਬਹੁਤ ਹੀ ਮਿੱਠੀ ਸੁਰ ਦੇ ਨਾਲ ਗਾਇਆ ਜਾ ਰਿਹਾ ਹੈ, ਕੀਰਤਨ ਹੋ ਰਿਹਾ ਹੈ। ਐਸਾ ਪ੍ਰਸੰਗ ਲਾਇਆ ਹੋਇਆ ਹੈ ਰਾਗੀ ਸਿੰਘਾਂ ਨੇ ਕਿ ਸੰਗਤ ਦੇ ਨੇਤਰਾਂ 'ਚੋਂ ਜਲ ਆ ਰਿਹਾ ਹੈ, ਆਪ ਦੇ ਭੀ ਜਲ ਆ ਰਿਹਾ ਹੈ। ਕੀਰਤਨ ਦੀ ਸਮਾਪਤੀ ਹੋਈ ਤੇ ਸਾਰਿਆਂ ਨੇ ਬੜੀ ਪ੍ਰਸੰਸਾ ਕੀਤੀ ਕਿ ਸੱਚੇ ਪਾਤਸ਼ਾਹ! ਇਹ ਤਾਂ ਤੁਸੀਂ ਬਹੁਤ ਰਹਿਮਤ ਕੀਤੀ ਹੋਈ ਹੈ ਇਨ੍ਹਾਂ ਰਾਗੀਆਂ ਦੇ ਉਤੇ। ਦੇਖੋ ਕਿੱਡੇ ਪਿਆਰ ਦੇ ਨਾਲ ਇਨ੍ਹਾਂ ਨੇ ਵੈਰਾਗ ਦਾ ਨਕਸ਼ਾ ਬੰਨ੍ਹ ਕੇ ਰੱਖ ਦਿਤਾ ਤੇ ਇਕ ਵਾਰੀ ਤਾਂ ਇਉਂ ਲਗਦਾ ਸੀ ਕਿ ਇਹ ਮਾਇਆ ਕੁਛ ਨਹੀਂ ਹੈ, ਇਹਦੇ ਵਲੋਂ ਪੂਰੀ ਤਰ੍ਹਾਂ ਮੁੱਖ ਮੋੜ ਕੇ ਆਪ ਦੇ ਚਰਨਾਂ ਵਿਚ ਹੀ ਰਹਿਣਾ ਸ਼ੁਰੂ ਕਰ ਦੇਈਏ। ਫੇਰ ਦੇਖੋ, ਰਾਗੀ ਕਿੰਨੇ ਚੰਗੇ ਨੇ - ਸਾਡੇ ਵੀ ਨੇਤਰਾਂ 'ਚੋਂ ਜਲ ਆ ਰਿਹਾ ਹੈ ਤੇ ਇਨ੍ਹਾਂ ਦੇ ਵੀ। ਮਹਾਰਾਜ ਮੁਸਕਰਾ ਪਏ, ਕੋਈ ਗੱਲ ਨਹੀਂ ਕਰੀ। ਐਨੇ ਨੂੰ ਇਕ ਸਿੰਘ ਖੜਾ ਹੋ ਗਿਆ, ਕਹਿੰਦਾ, "ਸੱਚੇ ਪਾਤਸ਼ਾਹ! ਮੈਂ ਆਪ ਦੇ ਦਰਸ਼ਨ ਕਰਨ ਆਇਆ ਸੀ ਤੇ ਮੇਰੇ ਕਿਸੇ ਪ੍ਰੇਮੀ ਨੇ ਗਹਿਣੇ ਚੁੱਕ ਲਏ। ਘਰ ਵਾਲੀ ਵੀ ਮੇਰੇ ਨਾਲ ਸੀ, ਅਸੀਂ ਬੰਨ੍ਹ ਕੇ ਰੱਖੇ ਹੋਏ ਸੀ ਤੇ ਸਾਡੀ ਗਹਿਣਿਆਂ ਦੀ ਪੋਟਲੀ ਚੁੱਕ ਲਈ ਕਿਸੇ ਨੇ। ਆਪ ਤ੍ਰਿਕਾਲਦਰਸ਼ੀ ਹੋ, ਕ੍ਰਿਪਾ ਕਰੋ। ਕੋਈ ਬਾਹਰ ਨਹੀਂ ਗਿਆ, ਏਥੇ ਹੀ ਹੈ ਜਿਹਨੇ ਚੁੱਕੇ ਨੇ। ਅਸੀਂ ਉਸ ਵੇਲੇ ਤੋਂ ਹੀ ਭਾਲ ਕਰ ਰਹੇ ਹਾਂ। ਮਹਾਰਾਜ ਮੁਸਕਰਾ ਪਏ, ਕਹਿੰਦੇ, "ਪ੍ਰੇਮੀਓ! ਟੋਹਲੋ ਹੁਣ।" ਕਿਸੇ ਨੇ ਨਾ ਦੱਸਿਆ। ਆਪ ਦੇ ਸਹਿਜ ਸੁਭਾਅ ਮੁੱਖ 'ਚ ਨਿਕਲ ਗਿਆ, "ਕਹੀ ਏਥੇ ਹੀ ਹੈ।" ਸਾਰੇ ਕਹਿਣ ਲੱਗੇ, ਮਹਾਰਾਜ! ਇਹ ਰਮਜ਼ ਸਾਡੀ ਸਮਝ ਵਿਚ ਨਹੀਂ ਪਈ। ਮਹਾਰਾਜ ਕਹਿੰਦੇ, "ਇਕ ਪਿੰਡ ਦਾ ਸਰਦਾਰ ਸੀਗਾ, ਉਹਦੀ ਕਹੀ ਗੁਆਚ ਗਈ ਤੇ ਓਥੇ ਢੰਢੋਰਚੀ ਜਿਹੜਾ ਸੀ - ਢੋਲ ਵਾਲਾ, ਉਹਨੂੰ ਬੁਲਾ ਕੇ ਕਿਹਾ ਕਿ ਤੂੰ ਇਹ ਕਹਿ ਕਿ ਜਿਹਦੇ ਘਰ ਕਹੀ ਹੋਏਗੀ, ਉਹਦੇ ਐਨੇ ਹੰਟਰ ਲਗਣਗੇ, ਐਨਾ ਜੁਰਮਾਨਾ ਹੋਏਗਾ ਤੇ ਥੋੜ੍ਹੀ ਦੇਰ ਦੀ ਮੁਹਲਤ ਹੈ। ਐਨੀ ਦੇਰ ਵਿਚ ਫਲਾਣੀ ਥਾਂ ਤੇ ਕਹੀ ਰੱਖ ਆਉ, ਫੇਰ ਕੋਈ ਕਿਸੇ ਨੂੰ ਸਜ਼ਾ ਨਹੀਂ ਹੋਵੇਗੀ।" ਉਹਨੇ ਜ਼ੋਰ-ਜ਼ੋਰ ਦੀ, ਗਲਾ ਪਾੜ-ਪਾੜ ਕੇ - ਦੇਖੋ, ਸੁਣੋ ਤੁਸੀਂ ਧਿਆਨ ਦੇ ਨਾਲ ਕਿ ਕਹੀ ਗੁਆਚ ਗਈ ਹੈ ਪਿੰਡ ਦੇ ਮੁਖੀ ਦੀ। ਫਲਾਣੀ ਥਾਂ ਰੱਖ ਆਉ, ਨਹੀਂ ਆਹ ਸਜਾ ਹੋਊ, ਐਨੇ ਕੋਰੜੇ ਲੱਗਣਗੇ; ਫੇਰ ਨ ਕਿਹੋ, ਦੱਸਿਆ ਨਹੀਂ ਹੈ' - ਸਾਰੇ ਪਿੰਡ 'ਚ ਫਿਰ ਆਇਆ। ਕਹਿੰਦੇ, "ਫਿਰ ਆਇਆ?" ਕਹਿੰਦਾ, "ਹਾਂ ਜੀ, ਫਿਰ ਆਇਆ?" ਫੇਰ ਦੇਖੋ ਤਾਂ ਰੱਖ ਆਇਆ ਹੈ ਕੋਈ ਓਥੇ?" ਕਹਿੰਦੇ, "ਨਾ ਮਹਾਰਾਜ! ਓਥੇ ਤਾਂ ਕਿਸੇ ਨੇ ਨਹੀਂ ਰੱਖੀ।" ਕਹਿੰਦੇ, "ਫੇਰ ਕੀ ਹੈ, ਘਰ ਦੀ ਤਲਾਸ਼ੀ ਲਓ ਸਾਰਿਆਂ ਦੀ।" ਤਲਾਸ਼ੀ ਲਈ ਤਾਂ ਜਿਹੜਾ ਢੋਲ ਪਿੱਟਦਾ ਸੀ, ਉਹਦੇ ਘਰ ਕਹੀ ਪਈ।

ਸੋ ਮਹਾਰਾਜ ਕਹਿੰਦੇ, "ਕਹੀ ਏਥੇ ਹੀ ਹੈ।" ਕਹਿੰਦੇ, "ਮਹਾਰਾਜ! ਸਾਡੇ ਤਾਂ ਕੁਛ ਵੀ ਨਹੀਂ ਪੱਲੇ ਪਿਆ, ਆਪ ਕ੍ਰਿਪਾ ਕਰਕੇ ਦੱਸੋ ਤਾਂ ਸਹੀ ਕਿ ਕੀ ਗੱਲ ਹੋਈ।"

*(ਚਲਦਾ)*

# ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

***ਸਤਿਨਾਮ ਸ੍ਰੀ ਵਾਹਿਗੁਰੂ,***
***ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।***
***ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥***
***ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥***
***ਅੰਗ - ੨੫੬***
***ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥***
***ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥***
***ਅੰਗ - ੨੮੯***

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਬਹੁਤ ਦੂਰ-ਦਰਾਜ਼ ਤੋਂ ਆਪ ਗੁਰੂ ਦਰਬਾਰ ਵਿੱਚ ਪਹੁੰਚੇ ਓਂ। ਮਹਾਰਾਜ ਕ੍ਰਿਪਾ ਕਰਨ ਆਪ ਦੀ ਯਾਤਰਾ ਸਫਲ ਹੋਵੇ, ਮਨ ਚਿੱਤ ਲਾ ਕੇ ਆਪ ਜੋ ਵੀ ਵਿਚਾਰਾਂ ਹੋਣੀਆਂ ਨੇ, ਉਨ੍ਹਾਂ ਨੂੰ ਸਮਝਣ ਦਾ ਯਤਨ ਕਰੋ। ਚਿੱਤ ਨੂੰ ਇਕਾਗਰ ਰੱਖਣ ਵਾਸਤੇ ਜ਼ਰੂਰੀ ਹੋਇਆ ਕਰਦਾ ਹੈ ਕਿ ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਧਿਆਨ ਕਰੋ, ਕੰਨਾਂ ਦੇ ਨਾਲ ਬਾਣੀ ਸੁਣੋ, ਬੁੱਧੀ ਦੇ ਨਾਲ ਵਿਚਾਰੋ, ਹਿਰਦੇ ਵਿੱਚ ਧਾਰਨ ਕਰੋ ਤੇ ਜਦੋਂ ਵਾਰੀ ਆਵੇ ਤਾਂ ਗੱਜ ਵੱਜ ਕੇ ਬੋਲੋ। ਫੇਰ ਫਲ ਕਿੰਨਾ ਹੁੰਦਾ ਹੈ -

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥***
***ਅੰਗ - ੫੪੬***

ਕਈ ਕਰੋੜ ਯੱਗਾਂ ਦਾ ਫਲ ਸਹਿਜ-ਸੁਭਾਅ ਆਪਾਂ ਨੂੰ ਪ੍ਰਾਪਤ ਹੋ ਜਾਏਗਾ। ਸੋ ਸਾਰੇ ਪ੍ਰੇਮੀ ਸ਼ਬਦ ਵਿੱਚ ਬੋਲਿਆ ਕਰੋ-

***ਧਾਰਨਾ - ਵਾਹਿਗੁਰੂ***
***ਮਹਿਮਾ ਨਾ ਤੇਰੀ ਵੇਦ ਜਾਣਦੇ,***
***ਤੇਰਾ ਬ੍ਰਹਮਾ ਨੇ ਅੰਤ ਨ ਪਾਇਆ।***
***ਸੰਤਨ ਕੀ ਸੁਣਿ ਸਾਚੀ ਸਾਖੀ ॥***
***ਸੋ ਬੋਲਹਿ ਜੋ ਪੇਖਹਿ ਆਖੀ ॥***
***ਨਹੀ ਲੇਪੁ ਤਿਸੁ ਪੁੰਨਿ ਨ ਪਾਪਿ ॥***
***ਨਾਨਕ ਕਾ ਪ੍ਰਭੁ ਆਪੇ ਆਪਿ ॥ ਅੰਗ - ੮੯੪***

ਸੰਸਾਰ ਵਿੱਚ ਆ ਕੇ ਇਸ ਜੀਵ ਦਾ ਜੋ ਸਭ ਤੋਂ ਪ੍ਰਮੁੱਖ ਕਰਮ ਹੈ ਜਿਸਦੇ ਵਾਸਤੇ ਇਸਨੇ ੮੪ ਲੱਖ ਜੂਨਾਂ ਭੁਗਤਣ ਤੋਂ ਪਿੱਛੋਂ ਮਾਨਸ ਜਨਮ ਪ੍ਰਾਪਤ ਕੀਤਾ ਹੈ ਉਹ ਇਹ ਹੈ ਕਿ ਏਸੇ ਜਨਮ ਦੇ ਅੰਦਰ ਅਸੀਂ ਵਾਹਿਗੁਰੂ ਨੂੰ ਮਿਲਣਾ ਹੈ ਕਿਉਂਕਿ ਆਦੇਸ਼ ਹੈ -

***ਭਈ ਪਰਾਪਤਿ ਮਾਨੁਖ ਦੇਹੁਰੀਆ ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ਅੰਗ - ੧੨***

ਕੁਛ ਵੀ ਇਹ ਨਾਲ ਨਹੀਂ ਜਾਣਾ, ਇਨ੍ਹਾਂ ਲਈ ਕੀਤੇ ਹੋਏ ਚੰਗੇ ਮੰਦੇ ਜੋ ਕਰਮ ਹਨ, ਉਹ ਨਾਲ ਜਾਣਗੇ। ਮੌਕੇ ਤੋਂ ਖੁੰਝ ਜਾਵਾਂਗੇ। ਜਿਵੇਂ ਮਿਸਾਲ ਦਿੰਦੇ ਨੇ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ) ਕਿ ਗੋਲ ਕਿਲ੍ਹੇ ਵਿੱਚ ਕੋਈ ਆਦਮੀ ਅੱਖਾਂ ਤੋਂ ਹੀਣਾ ਆ ਵੜਿਆ। ੮੪ ਦਰਵਾਜ਼ੇ ਸੀ, ੮੩ ਬੰਦ ਸੀ, ਇੱਕ ਖੁਲ੍ਹਾ ਸੀ। ਉਹ ਵਿਚਾਰੇ ਨੂੰ ਬਾਹਰ ਨਿਕਲਣ ਦਾ ਰਾਹ ਨਾ ਲੱਭਣ 'ਤੇ ਉਹ ਬਹੁਤ ਜ਼ਿਆਦਾ ਰੌਲਾ ਪਾਉਣ ਲੱਗਿਆ ਕਿ ਕੋਈ ਅੱਖਾਂ ਵਾਲਾ ਸੁਣਦਾ ਹੋਵੇ, ਤਾਂ ਮੈਨੂੰ ਰਾਹ ਦੱਸੇ। ਉਸ ਵੇਲੇ ਕੋਈ ਮਹਾਂਪੁਰਸ਼ ਹਾਜ਼ਰ ਸਨ ਉਨ੍ਹਾਂ ਨੇ ਕਿਹਾ, ਪ੍ਰੇਮੀਆਂ! ਇਹ ਗੋਲ ਕਿਲ੍ਹਾ ਹੈ। ਇਹਦੇ ੮੩ ਦਰਵਾਜ਼ੇ ਬੰਦ ਨੇ, ਇੱਕ ਖੁਲ੍ਹਾ ਹੈ, ਤੂੰ ਕੰਧ ਨਾਲ ਹੱਥ ਲਾ ਲੈ, ਕਿਉਂਕਿ ਤੇਰੇ ਨੇਤਰ ਨਹੀਂ ਹਨ ਤੇ ਬਾਂਹ ਵੀ ਇੱਕੋ ਹੀ ਹੈ, ਚੁੱਕੀਂ ਨਾ, ਜਿੱਥੇ ਖੁਲ੍ਹਾ ਦਰਵਾਜ਼ਾ ਹੋਏਗਾ, ਆਪੇ ਤੈਨੂੰ ਪਤਾ ਲਗ ਜਾਏਗਾ, ਉਥੋਂ ਨਿਕਲ ਜਾਈਂ, ਪਰ ਜਦੋਂ ਖੁੱਲ੍ਹ ਦਰਵਾਜ਼ਾ ਆਇਆ ਉਥੇ ਸ਼ਹਿਦ ਦੀ ਮੱਖੀ ਲੜ ਗਈ ਉਹਦੇ, ਘਬਰਾ ਗਿਆ ਕਿ ਹੋਰ ਨਾ ਲੜ ਜਾਣ, ਕਾਹਲੀ-ਕਾਹਲੀ ਕਦਮ ਪੁੱਟ ਲਿਆ, ਹੱਥ ਚੁੱਕ ਲਿਆ ਇੱਕ ਖਾਜ ਕਰਨ ਵਾਸਤੇ, ਇੱਕੋ ਹੱਥ ਸੀ। ਬੜੀ ਸਿੱਧੀ ਮਿਸਾਲ ਹੈ, ਗੱਲ ਸਮਝਣ ਵਾਸਤੇ। ਦਰਵਾਜ਼ਾ ਲੰਘ ਗਿਆ, ਫੇਰ ਚੌਰਾਸੀ ਦੇ ਚੱਕਰ 'ਚ ਪੈ ਗਿਆ। ਮਹਾਤਮਾ ਕਹਿੰਦੇ ਤੈਨੂੰ ਦੱਸਿਆ ਤਾਂ ਸੀ, ਕੀ ਤੂੰ ਹੱਥ ਚੁੱਕ ਲਿਆ ਸੀ? ਕਹਿੰਦਾ ਹਾਂ ਜੀ। ਕਹਿੰਦੇ, ਹੁਣ ਨਾ ਚੁੱਕੀਂ। ਫੇਰ ਖੁਲ੍ਹਾ ਦਰਵਾਜ਼ਾ ਆਇਆ ਪਤਾ ਲਗਣਾ ਹੀ ਸੀ, ਉਥੋਂ ਦੀ ਨਿਕਲ ਗਿਆ। ਸੋ ਇਹ ਮਤਲਬ ਕੀ ਹੈ ਗੱਲ ਕਰੀ ਦਾ। ਕੀ ਸੱਚਮੁੱਚ ਕੋਈ ਕਿਲ੍ਹਾ ਸੀ। ਇਨ੍ਹਾਂ ਗੱਲਾਂ 'ਚ ਅਸੀਂ ਨਹੀਂ ਜਾਣਾ। ਅਸੀਂ ਇਸ ਗੱਲ ਨੂੰ ਸਮਝਣਾ ਹੈ ਕਿ ਇੱਕ ਪ੍ਰਤੀਕ ਬਣਾ ਕੇ ਕਿ ਦੇਖੋ, ਕਿੰਨਾ ਔਖਾ ਹੋ ਰਿਹਾ ਸੀ ਉਹ ਬੰਦਾ। ਓਹੀ ਨਹੀਂ ਔਖਾ, ਅਸੀਂ ਵੀ ਹੋ ਰਹੇ ਹਾਂ। ਮਹਾਰਾਜ ਕਹਿੰਦੇ -

***ਫਿਰਤ ਫਿਰਤ ਬਹੁਤੇ ਜੁਗ ਹਾਰਿਓ***
***ਮਾਨਸ ਦੇਹ ਲਹੀ ॥***
***ਨਾਨਕ ਕਹਤ ਮਿਲਨ ਕੀ***
***ਬਰੀਆ ਸਿਮਰਤ ਕਹਾ ਨਹੀ ॥ ਅੰਗ - ੬੩੧***

ਕਰੋੜਾਂ ਜੁਗਾਂ ਦੇ ਵਿਚੋਂ ਲੱਖਾਂ ਜੁਗ ਸਮਝ ਲਓ, ਹਜ਼ਾਰਾਂ ਯੁੱਗ ਕਹਿ ਲਓ, ਕੁਛ ਕਹਿ ਲਓ। ਚਾਰ ਜੁਗ, ੩੬ ਲੱਖ ੪੨ ਹਜ਼ਾਰ ਸਾਲ ਦੇ ਸਮੇਂ ਵਿੱਚ ਲੰਘਦੇ ਨੇ। ਮਹਾਰਾਜ ਕਹਿੰਦੇ ਬਹੁਤੇ ਜੁਗ। ਹੁਣ ਆਪਾਂ ਸਾਰੇ ਬੈਠੇ ਹਾਂ, ਫੇਰ ਕਮਾਲ ਇਹ ਹੈ ਕਿ ਕਲਜੁਗ ਦਾ ਸਮਾਂ ਹੈ। ਕਈ ਪ੍ਰੇਮੀ ਹੈਰਾਨ ਹੁੰਦੇ ਕਿ ਕਲਜੁਗ ਦਾ ਸਮਾਂ? ਕੋਈ ਕਮਾਲ ਦੀ ਬਾਤ? ਉਹ ਇਹ ਹੈ ਸਾਧਸੰਗਤ ਜੀ! ਕਲਜੁਗ ਦੇ ਵਿੱਚ ਹੋਰ ਕਰਮ ਧਰਮ, ਬੇਅੰਤ ਸਾਡੇ ਬਜ਼ੁਰਗ ਕਰਦੇ ਸੀ, ਪਹਿਲੇ ਜੁਗਾਂ ਵਿੱਚ। ਸਤਿਜੁਗ ਦੇ ਅੰਦਰ ਉਮਰਾਂ ਲੰਬੀਆਂ ਸੀ। ਉਹ ਵਿਸਥਾਰ ਨਹੀਂ ਸੀ ਕਰਦੇ, ਇੱਕ ਥਾਂ ਟਿਕ ਕੇ ਨਹੀਂ ਸੀ ਰਹਿੰਦੇ। ਜਿੱਥੇ ਮੌਜ ਬਣਦੀ ਸੀ ਚਲੇ ਜਾਂਦੇ, ਕੋਠੇ ਨਹੀਂ ਸੀ ਬਣਾਉਂਦੇ, ਕਿਲ੍ਹੇ ਨਹੀਂ ਸੀ ਬਣਾਉਂਦੇ।

(ਬਾਕੀ ਪੰਨਾ 37 'ਤੇ)

# ਮਹਾਂਪੁਰਸ਼ਾਂ ਦੀ ਅੱਠਵੀਂ ਬਰਸੀ ਸਮਾਗਮ ਦ੍ਰਿਸ਼ ।







ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲਟ ਟਰਸਟ ਅਤੇ ਆਤਮ ਮਾਰਗ ਸਪਿਰਚੂਅਲ ਸਾਇੰਟਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਖ ਧੰਨ ਧੰਨ ਸੰਤ ਮਹਾਰਾਜ ਜੀ ਦੀ ਅੱਠਵੀਂ ਬਰਸੀ ਦੇ ਸਬੰਧ ਵਿੱਚ ਮਹਾਨ ਗੁਰਮਤਿ ਰੂਹਾਨੀ ਸਮਾਗਮ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਟਰਸਟ ਦੀ ਚੇਅਰਪਰਸਨ ਸੰਤ ਮਾਤਾ ਰਣਜੀਤ ਕੌਰ ਜੀ ਦੀ ਸ੍ਰਪਸਤੀ ਅਤੇ ਸੰਤ ਬਾਬਾ ਹਰਪਾਲ ਸਿੰਘ ਜੀ ਦੀ ਦੇਖ ਰੇਖ ਹੇਠ ਬਹੁਤ ਵੈਰਾਗਮਈ ਸਮਾਗਮ ਦੇ ਰੂਪ ਵਿੱਚ ੩੧ ਅਤਕੂਬਰ ਨੂੰ ਸੰਪੂਰਨਤਾ ਹੋਈ । ਮਹਾਂਪੁਰਖਾਂ ਨੂੰ ਪਿਆਰ ਕਰਨ ਵਾਲੇ ਅਮਰੀਕਾ ਇੰਗਲੈਂਡ ਕਨੇਡਾ ਅਤੇ ਇੰਗਲੈਂਡ ਤੋਂ ਪਹਿਲਾਂ ਹੀ ਆਉਣੇ ਸ਼ੁਰੂ ਹੋ ਗਏ ਸਨ । ਰਤਵਾੜਾ ਸਾਹਿਬ ਵਿਖੇ ਬਣੀ ਵਿਦੇਸ਼ਾਂ ਤੋਂ ਆਉਣ ਵਾਲੇ ਪ੍ਰੇਮੀਆਂ ਵਾਸਤੇ ਬਣੀਆਂ ਇਮਾਰਤਾਂ ਸਮਾਗਮ ਤੋਂ ਕਈ ਦਿਨ ਪਹਿਲਾਂ ਹੀ ਭਰ ਗਈਆਂ ਸਨ। ਦੂਰੋਂ ਨੇੜੇਓਂ ਚਲ ਕੇ ਆਇਆਂ ਸੰਗਤਾਂ ਜਿਨ੍ਹਾਂ ਨੇ ਵੀ ਇਸ ਸਮਾਗਮ ਦੀ ਹਾਜਰੀ ਭਰੀ ਉਹ ਇਸ ਰੂਹਾਨੀ ਸ਼ੋਹ ਤੋਂ ਕਿਵੇਂ ਸੱਖਣਿਆਂ ਰਹਿ ਸਕਦੀਆਂ ਸਨ । ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਅਤੇ ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ ਅਤੇ ਕਾਲਜਾਂ ਦੀਆਂ ਇਮਾਰਤਾਂ ਬੱਚਿਆਂ ਦੇ ਹੋਸਟਲ ਤੱਕ ਸੰਗਤਾਂ ਨਾਲ ਨਕੋ-ਨੱਕ ਭਰ ਗਈਆਂ ਸਨ। ਸੰਗਤਾਂ ਨੇ ਐਸਾ ਪਿਆਰ ਦਾ ਸਬੂਤ ਦਿਤਾ ਕਿ ਬਹੁਤੇ ਪਹਿਰੇ ਵੀ ਨਹੀਂ ਲਗਾਉਣੇ ਪਏ ਪਿਆਰ ਵਾਲੀਆਂ ਸੰਗਤਾਂ ਨੇ ਆਪਣੇ ਪਿਆਰੇ ਦੇ ਪਿਆਰ ਵਿੱਚ ਚਾਰੋ ਦਿਨ ਦੀਵਾਨ ਹਾਲ ਵਿੱਚ ਪੂਰੀ ਹਾਜਰੀ ਭਰਦੇ ਹੋਏ ਮਹਾਂਪੁਰਖਾਂ ਦੇ ਧਿਆਨ ਵਿੱਚ ਰਹਿ ਕੇ ਨਾਮ ਬਾਣੀ ਦਾ ਲਾਹਾ ਪ੍ਰਾਪਤ ਕੀਤਾ। ਅਨੇਕ ਤਰ੍ਹਾਂ ਦੀ ਸੇਵਾ ਸੰਗਤਾਂ ਨੇ ਪੂਰੀ ਤਨ ਦੇਹੀ ਨਾਲ ਨਿਭਾਈ ਜਿਸ ਵਿੱਚ ਕਿਸੇ ਨੇ ਪੰਡਾਲ ਦੀ ਤਿਆਰੀ ਦਾ ਪ੍ਰਬੰਧ ਕੀਤਾ, ਸਟੇਜ ਨੂੰ ਹਰ ਰੋਜ ਨਵੇਂ ਤਾਜੇ ਫੁੱਲ ਲਿਆ ਕੇ ਤਿਆਰੀ ਕਰਨੀ ਫੁੱਲਾਂ ਨੂੰ ਸੁਚੱਜੇ ਢੰਗ ਨਾਲ ਲਗਾਉਣਾ ਤਾਂ ਕਿ ਕੇ ਦਰਸ਼ਨ ਕਰਨ ਵਾਲੇ ਪ੍ਰੇਮੀ ਦੇ ਮਨ ਭਾਅ ਜਾਣ ਅਤੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਰ ਰੋਜ ਸਵੇਰੇ ੩.੦੦ ਵਜੇ ਪ੍ਰਕਾਸ਼ ਕਰਨੇ ਅਤੇ ਰਾਤ ਨੂੰ ੧੧.੦੦ ਵਜੇ ਸੁਖ ਆਸਣ ਕਰਨ ਦੀ ਸੇਵਾ ਬਹੁਤ ਹੀ ਪਿਆਰ ਨਾਲ ਨਿਭਾਉਣਾ ਕੀਤੀ ਗਈ ਅਨੇਕਾਂ ਸਿੰਘਾਂ ਨੇ ਨਿਸ਼ਕਾਮ ਸੇਵਾ ਦੇ ਰੂਪ ਵਿੱਚ ਜਗ੍ਹਾਂ ਜਗ੍ਹਾਂ ਲਾਈਟਾਂ ਦਾ ਪ੍ਰਬੰਧ ਕੀਤਾ ਤਾਂ ਜੋ ਸੰਗਤਾਂ ਨੂੰ ਕਿਤੇ ਪ੍ਰੇਸ਼ਾਨੀ ਨਾ ਆ ਸਕੇ । ਜਗ੍ਹਾਂ ਜਗ੍ਹਾਂ ਤੇ ਸਪੀਕਰ ਲਗਾਏ ਗਏ ਤਾਂ ਜੋ ਜਿਥੇ ਵੀ







ਕੋਈ ਸੇਵਾ ਕਰ ਰਿਹਾ ਹੈ ਉਹ ਨਾਮ-ਬਾਣੀ ਗੁਰਸ਼ਬਦ ਵਿਚਾਰ ਨਾਲ ਜੁੜ ਕੇ ਸੇਵਾ ਕਰਦਾ ਰਹੇ । ਇਸੇ ਤਰ੍ਹਾਂ ਰਿਹਾਇਸ਼ੀ ਥਾਵਾਂ ਜਿਨ੍ਹਾਂ ਵਿੱਚ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ ਦੀ ਬਿਲਡਿੰਗ, ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ ਦੀ ਬਿਲਡਿੰਗ, ਆਤਮ ਮਾਰਗ ਕੰਪਲੈਕਸ, ਐਨ.ਆਰ.ਆਈ, ਕੰਪਲੈਕਸ, ਲੜਕੀਆਂ ਅਤੇ ਲੜਕਿਆਂ ਦੇ ਹੋਸਟਲ ਜਿਨ੍ਹਾਂ ਵਿੱਚ ਹਜਾਰਾਂ ਸੰਗਤਾਂ ਦੇ ਰਹਾਇਸ਼ ਦਾ ਪ੍ਰਬੰਧ ਕਰਿਆ ਹੋਇਆ ਸੀ ਅਤੇ ਇਨਾਂ ਦੀ ਦੇਖ ਰੇਖ ਉਤੇ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ ਅਤੇ ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ ਦੇ ਟੀਚਰ ਸਾਹਿਬਾਨ ਨੇ ਸੰਗਤਾਂ ਨੂੰ ਯੋਗ ਜਗ੍ਹਾਂ ਉਪਰ ਪਹੁੰਚਾ ਕੇ ਉਨ੍ਹਾਂ ਦੀ ਸੇਵਾ ਸੰਭਾਲ ਦੀ ਜਿੰਮੇਵਾਰੀ ਲਈ ਹੋਈ ਸੀ ਪੂਰੀ ਜਿੰਮੇਵਾਰੀ ਨਾਲ ਸੰਗਤਾਂ ਦੀ ਰਿਹਾਇਸ਼ ਦਾ ਪੂਰਾ ਪੂਰਾ ਪ੍ਰਬੰਧ ਕੀਤਾ ਗਿਆ ।

ਗੁਰੂ ਗੋਬਿੰਦ ਸਿੰਘ ਸੀਨੀਅਰ ਸਕੂਲ ਵਿਦਿਆ ਮੰਦਰ ਅਤੇ ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ ਦੇ ਟੀਚਰਾਂ ਨੇ ਆਪਣੀ ਅਗਵਾਈ ਹੇਠ ਸਕੂਲਾਂ ਦੇ ਬੱਚਿਆਂ ਤੋਂ ਅਨੇਕ ਤਰਾਂ ਦੀ ਸੇਵਾ ਕਰਵਾਉਂਦੇ ਰਹੇ ਅਤੇ ਦੇਖਣ ਵਿੱਚ ਆਇਆ ਕਿ ਵੱਡੀਆਂ ਕਲਾਸਾਂ ਦੇ ਬੱਚਿਆਂ ਨੇ ਵੀ ਪੂਰੀ ਜੁੰਮੇਵਾਰੀ ਨਾਲ ਸੇਵਾ ਨਿਭਾਈ ਯਾਦ ਆ ਜਾਂਦੀ ਹੈ ਮਹਾਂਪੁਰਖਾਂ ਦੀ ਧੰਨ ਧੰਨ ਸੰਤ ਮਹਾਰਾਜ ਰਤਵਾੜਾ ਸਾਹਿਬ ਵਾਲੇ ਮਹਾਂਪੁਰਖਾਂ ਦੀ ਕਿ ਆਪ ਜੀ ਨੇ ਆਉਣ ਵਾਲੇ ਸਮੇਂ ਨੂੰ ਪੂਰੀ ਤਰਾਂ ਵੇਖਦੇ 2001 ਵਿੱਚ ਇਨ੍ਹਾਂ ਸਕੂਲਾਂ ਦੇ ਸ਼ਿਲਾ ਨਿਆਸ ਕੀਤੇ ਅਤੇ ਆਪਣੇ ਹਸਤਕੰਵਲਾਂ ਨਾਲ ਉਦਘਾਟਨ ਕਰਕੇ ਆਪ ਹੀ ਆਪਣੇ ਹਸਤਕੰਵਲਾਂ ਨਾਲ ਦਾਖਲੇ ਲਏ ਸਨ। ਅੱਜ ਉਨਾਂ ਬੱਚਿਆਂ ਦੇ ਅੰਦਰ ਐਨਾ ਉਤਸ਼ਾਹ ਸੇਵਾ ਦਾ ਦੇਖਣ ਨੂੰ ਮਿਲਿਆ ਕਿ ਵੱਧ ਚੜ੍ਹ ਕੇ ਸੇਵਾ ਕਿਤੇ ਲੰਗਰ ਵਰਤਾਉਣ ਦੀ ਕਿਤੇ ਲੰਗਰ ਬਨਾਉਣ ਦੀ ਪ੍ਰਸ਼ਾਦੇ ਪਕਾਉਣ ਦੀ ਆਟਾ ਗੁਨ੍ਹਣ ਦੀ ਸਬਜੀਆਂ ਚੀਰਨ ਦੀ ਸੇਵਾ ਕਰਦੇ ਰਹੇ ।

ਸੰਗਤਾਂ ਨੂੰ ਲਿਆਉਣ ਲਿਜਾਣ ਵਾਸਤੇ ਅਨੇਕਾਂ ਟਰੱਕ ਮਿਸ਼ਨ ਵੱਲੋਂ ਲਗਾਏ ਹੋਏ ਸਨ ਅਤੇ ਸਕੂਲਾਂ ਦੀਆਂ ਬੱਸਾਂ ਨੇ ਲਗਾਤਾਰ ਸੰਗਤਾਂ ਨੂੰ ਲਿਆਉਣ ਲਿਜਾਣ ਦੀ ਸੇਵਾ ਨਿਭਾਈ ।

ਸੰਗਤਾਂ ਦੀ ਮੈਡੀਕਲ ਸਹੂਲਤ ਵਾਸਤੇ ਹਰ ਸਾਲ ਦੀ ਤਰ੍ਹਾਂ ਭਾਈ ਰਾਜਿੰਦਰ ਸਿੰਘ ਇੰਗਲੈਂਡ, ਭਾਈ ਜੋਗਿੰਦਰ ਸਿੰਘ ਤੱਖਰ, ਭਾਈ ਕੁੰਦਨ ਸਿੰਘ ਤੱਖਰ ਵੱਲੋਂ ਫਰੀ ਅੱਖਾਂ ਮੈਡੀਕਲ ਕੈਂਪ ਲਗਾਇਆ ਗਿਆ ਜਿਸ ਵਿੱਚ ੨੦੧੫ ਮਰੀਜਾਂ ਦਾ ਚੈਕਅੱਪ ਕੀਤਾ ਗਿਆ ਅਤੇ ਵੱਖ ਵੱਖ ਅੱਖਾਂ ਦੀਆਂ ਬਿਮਾਰੀਆਂ ਦੀ ਦਵਾਈ ਦਿਤੀ ਗਈ । ੪੦੦ ਮਰੀਜਾਂ ਦੇ ਚੈਕਅੱਪ ਕਰਕੇ ਐਨਕਾਂ ਪ੍ਰਦਾਨ ਕੀਤੀਆਂ ਗਈਆਂ । ੨੫੨ ਮਰੀਜਾਂ ਦੇ ਸਫਲ ਆਂਪਰੇਸ਼ਨ ਕੀਤੇ ਗਏ ।





ਹਰ ਸਾਲ ਦੀ ਤਰ੍ਹਾਂ ਡਾ. ਸਵਾਮੀ ਰਾਮ ਜੀ ਦੇ ਹਾਸਪਿਟਲ ਦੇਹਰਦੂਨ ਜੌਲੀਗਰਾਂਟ ਤੋਂ ਡਾਕਟਰਾਂ ਦੀ ਟੀਮ ਪਹੁੰਚੀ ਜਿਸ ਨੇ ਵੱਖ ਵੱਖ ਭਿਆਨਕ ਬਿਮਾਰੀਆਂ ਦੇ ਚੈਕਅੱਪ ਕਰਕੇ ਲੱਖਾਂ ਰੁਪਏ ਦੀ ਐਲੋਪੈਥਿਕ ਦਵਾਈਆਂ ਫਰੀ ਪ੍ਰਦਾਨ ਕੀਤੀਆਂ ਹਜਾਰਾਂ ਸੰਗਤਾਂ ਨੇ ਫੈਦਾ ਉਠਾਇਆ ।

ਇੰਟਰਨੈਸ਼ਨਲ ਡਿਵਾਇਨ ਕਾਲ ਆਫ ਐਜੂਕੇਸ਼ਨ ਦੁਆਰਾ ਆਯੋਜਿਤ ਐਨ.ਐਸ.ਕੈਂਪ ਦੇ ਛੇਵੇਂ ਦਿਨ ਕੈਂਪ ਵਿੱਚ ਬਿਮਾਰੀਆਂ ਦਾ ਮੁਫਤ ਇਲਾਜ ਕੀਤਾ ਗਿਆ । ਇਸ ਤੋਂ ਇਲਾਵਾ ਆਮ ਜਾਂਚ, ਔਰਤਾਂ ਦੀਆਂ ਬਿਮਾਰੀਆਂ, ਅੱਖਾਂ ਦਾ ਮੁਫਤ ਇਲਾਜ, ਬੱਚਿਆਂ ਦੇ ਵਿਸ਼ੇਸ਼ੱਗ ਸਰਜਨ ਨੇ ਵੀ ਮਰੀਜਾਂ ਦੀ ਮੁਫਤ ਜਾਂਚ ਕੀਤੀ । ਐਨ. ਐਸ. ਐਸ. ਵਲੰਟੀਅਰਾਂ ਵੱਲੋਂ ਵੱਧ-ਚੜ੍ਹ ਕੇ ਮਰੀਜਾਂ ਦੀ ਸੇਵਾ ਕੀਤੀ ਗਈ । ਇਸ ਤੋਂ ਇਲਾਵਾ ਉਹਨਾਂ ਦੇ ਖਾਣ-ਪੀਣ ਦਾ ਵੀ ਪ੍ਰਬੰਧ ਕਰਿਆ ਹੋਇਆ ਸੀ। ਹਰ ਬਿਮਾਰੀ ਦੇ ਲਈ ਮੁਫਤ ਦਵਾਈ ਵੀ ਦਿੱਤੀ ਗਈ ।'

ਸਮਾਗਾਮ ਦੀ ਸ਼ੁਰਆਤ ਸਵੇਰੇ ੩.੦੦ ਵਜੇ ਨਾਮ ਸਿਮਰਨ ਤੋਂ ਸ਼ੁਰੂ ਹੁੰਦੀ ਕੰਪਲੈਕਸ ਅੰਦਰ ਠਹਿਰਨ ਵਾਲੀਆਂ ਸੰਗਤਾਂ ਪੂਰੇ ੩.੦੦ ਵਜੇ ਪੰਡਾਲ ਅੰਦਰ ਪਹੁੰਚ ਜਾਂਦੀਆਂ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਬਾਨੀ ਧੰਨ ਧੰਨ ਸੱਚਖੰਡਵਾਸੀ ਸੰਤ ਮਹਾਰਾਜ ਜੀ ਵੱਲੋਂ ਦਰਸਾਈ ਵਾਹਿ............. ਗੁਰੂ............ ਮੰਤਰ ਦੀ ਜੁਗਤ ਅਨੁਸਾਰ ਕੈਸੇਟ 3.00 ਤੋਂ 3.45 ਤੱਕ ਦੇ ਸਮੇਂ ਅੰਦਰ ਸਵਾਸ ਦੁਆਰਾ ਨਾਮ ਜਪਾਇਆ ਜਾਂਦਾ । ਸੰਤ ਬਾਬਾ ਹਰਪਾਲ ਸਿੰਘ ਜੀ ਆਪ ਸ਼ਮੂਲੀਅਤ ਕਰਕੇ ਨਾਮ ਜਪਣ ਦੇ ਵੱਖ ਵੱਖੋਰੇ ਤਰੀਕੇ ਦੱਸਦੇ (ਅੰਤਰਾਸਟਰੀ ਪ੍ਰਸਿੱਧਤਾ ਵਾਲੇ ਸੱਤਵੇਂ ਸਮਾਗਾਮ ਸਮੇਂ ਸੰਗਤਾਂ ਵਿੱਚ ਡੈਮੋਸਟਰੇਟ ਕੀਤੀ ਸੀ । ਲੱਖਾਂ ਸੰਗਤਾਂ ਨੇ ਇਸ ਤੋਂ ਫਾਇਦਾ ਉਠਾਇਆ ਅਤੇ ਉਠਾ ਰਹੀਆਂ ਹਨ ਕੇਸੇਟ ਦੀ ਮੱਦਦ ਨਾਲ ਨਾਮ ਜਪਦੀਆਂ ਹਨ।) ਉਪਰੰਤ ਆਸਾ ਜੀ ਦੀ ਵਾਰ ਦੇ ਕੀਰਤਨ ਹੁੰਦੇ। ੯.੦੦ ਵਜੇ ਸਮਾਗਾਮ ਸ਼ੁਰੂ ਹੋ ਜਾਂਦਾ । ਜਿਸ ਵਿੱਚ ਅਨੇਕਾਂ ਮੱਤਾਂ ਦੇ ਸਾਧੂ ਸੰਤ ਆਪਣੀ ਹਾਜਰੀ ਲਗਵਾਉਂਦੇ ਰਹੇ। ਆਪਣੀ ਰਸਨਾਂ ਤੋਂ









ਰਤਵਾੜਾ ਸਾਹਿਬ ਵਾਲੇ ਮਹਾਪੁਰਖਾਂ ਦੇ ਪਾਏ ਪੂਰਨਿਆਂ ਤੇ ਵਿਚਾਰਾਂ ਚੱਲਦੀਆਂ ਰਹੀਆਂ ਆਪ ਜੀ ਵੱਲੋਂ ਕੀਤੇ ਪ੍ਰਉਪਕਾਰਾਂ ਤੇ ਮਹਾਂਪੁਰਖਾਂ ਨੇ ਚਾਨਣਾ ਪਾਇਆ। ਸੰਤ ਬਾਬਾ ਹਰਜਿੰਦਰ ਸਿੰਘ ਜੀ ਦਭਲਾਨ, ਸੰਤ ਬਾਬਾ ਸਤਨਾਮ ਸਿੰਘ ਅਟਵਾਲ ਅਮਰੀਕਾ, ਸੰਤ ਸੇਵਾ ਸਿੰਘ ਫਰੀਦਕੋਟ, ਬਾਬਾ ਬਲਬੀਰ ਸਿੰਘ, ਸਵਾਮੀ ਹਰਸ਼ਾ ਨੰਦ ਜੀ ਕੋਟ, ਸ਼੍ਰੀ ਸ਼੍ਰੀ ਸਵਾਮੀ ਨਰੈਣ ਸਾਈਂ ਜੀ, ਬਾਬਾ ਕੁਲਤਾਰ ਸਿੰਘ, ਸੰਤ ਬਾਬਾ ਅਵਤਾਰ ਸਿੰਘ ਰਾਏਪੁਰ ਕਲਾਂ ਨਾਨਕਸਰ, ਸਵਾਮੀ ਸ੍ਰੀ ਦਿਗੰਬਰ ਗੰਗਾ ਭਾਰਤੀ ਜੀ, ਸੰਤ ਭੁਪਿੰਦਰ ਸਿੰਘ ਮਾਜਰਾ, ਸੰਤ ਪਰਮਿੰਦਰ ਸਿੰਘ ਸੰਧਵਾਂ, ਸੰਤ ਕੁਲਦੀਪ ਸਿੰਘ ਜੀ ਮਜਾਰੀ, ਸੰਤ ਗੁਰਦੇਵ ਸਿੰਘ ਜੀ ਬਨੂੰੜ, ਸੰਤ ਸਵਰਨ ਸਿੰਘ ਮਲਕਪੁਰ, ਸੰਤ ਏਕਮ ਸਿੰਘ ਸਿੱਧਸਰ ਸਿਹੋੜਾ, ਸੰਤ ਸਤਨਾਮ ਸਿੰਘ ਜੀ ਪੋਹਲੋ ਮਾਜਰਾ, ਸੰਤ ਕੁਲਜੀਤ ਸਿੰਘ ਸ਼ੀਸ਼ ਮਹਿਲ, ਸੰਤ ਸੁਰਿੰਦਰ ਸਿੰਘ ਜੀ ਗੁਰਦੁਆਰਾ ਧੰਨਾ ਭਗਤ ਮੋਹਾਲੀ ਵਾਲੇ, ਸੰਤ ਸ਼ਮਸ਼ੇਰ ਸਿੰਘ ਸਿੰਘ ਜੀ ਭੜੌਜੀਆਂ, ਸੰਤ ਕੁਲਵੰਤ ਸਿੰਘ ਰਾੜਾ ਸਾਹਿਬ, ਸੰਤ ਨਰਿੰਦਰ ਸਿੰਘ ਖੰਨਾ ਵਾਲੇ ਸਪੁੱਤਰ ਸੰਤ ਮਹਿੰਦਰ ਸਿੰਘ ਜੀ ਖੰਨੇ ਵਾਲੇ, ਸੰਤ ਭੁਪਿੰਦਰ ਸਿੰਘ ਪਟਿਆਲਾ, ਸੰਤ ਅਮਰ ਸਿੰਘ ਜੀ ਰਾੜਾ ਸਾਹਿਬ, ਸੰਤ ਹਰਬੰਸ ਸਿੰਘ ਜੀ ਜਥੇਦਾਰ ਸੰਤ ਹਰਨੇਕ ਸਿੰਘ ਜੀ ਲੰਗਰਾਂ ਵਾਲੇ, ਸੰਤ ਜਰਨੈਲ ਸਿੰਘ ਜੀ ਹੈਡ ਗ੍ਰੰਥੀ ਰਾੜਾ ਸਾਹਿਬ, ਸੰਤ ਜਸਪਾਲ ਸਿੰਘ ਧਾਲੀਆਂ ਵਾਲੇ, ਸੰਤ ਬਡਭਾਗੀ ਸਿੰਘ ਊਨਾ ਸਾਹਿਬ, ਗਿਆਨੀ ਭਗਵਾਨ ਸਿੰਘ ਜੌਹਲ, ਬਾਬਾ ਜਸਵਿੰਦਰ ਸਿੰਘ ਘੋਲਾ, ਸਵਾਮੀ ਨਾਲੀਨਾਨੰਦ ਗੀਰੀ ਜੀ ਮਹਾਰਾਜ ਪਟਿਆਲਾ, ਸੰਤ ਬਾਬਾ ਸੋਹਨ ਸਿੰਘ ਜੀ ਸੂੰਕ, ਬਾਬਾ ਫਕੀਰ







ਸਿੰਘ ਰਤਵਾੜਾ ਸਾਹਿਬ, ਸੰਤ ਬਾਬਾ ਸੇਵਾ ਸਿੰਘ ਜੀ ਫਰੀਦਕੋਟ, ਭਾਈ ਰਾਮ ਸਿੰਘ ਜੀ ਗੋਲ੍ਹਣੀ, ਭਾਈ ਦਰਸ਼ਨ ਸਿੰਘ ਭੜੌਂਜੀਆਂ, ਭਾਈ ਨਸੀਬ ਸਿੰਘ ਘਨੌਰ, ਭਾਈ ਗੁਰਚਰਨ ਸਿੰਘ ਰੋਪੜ ਵਾਲੇ , ਸੇਵਕ ਜਥਾ ਸੰਤ ਜਸਵੰਤ ਸਿੰਘ ਨਾਨਕਸਰ ਲੁਧਿਆਣਾ, ਸੰਤ ਬਾਬਾ ਕਪੂਰ ਸਿੰਘ ਬਾਬੇ ਕੇ ਨਾਨਕਸਰ, ਸੰਤ ਬਾਬਾ ਗੁਰਦੇਵ ਸਿੰਘ ਜੀ ਬਨੂੰੜ, ਸੰਤ ਗੁਰਨਾਮ ਸਿੰਘ ਸਾਹਨੇਵਾਲ, ਸੰਤ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਨੇ ਮਹਾਂਪੁਰਖਾਂ ਦੇ ਪ੍ਰਉਪਕਾਰੀ ਜੀਵਨ ਤੇ ਪੰਛੀ ਝਾਤ ਮਾਰਦਿਆਂ ਉਨ੍ਹਾਂ ਦੇ ਪ੍ਰਉਪਕਾਰੀ ਜੀਵਨ ਬਾਰੇ ਦੱਸਿਆ ਕਿ ਇਹੋ ਜਿਹੇ ਮਹਾਂਪੁਰਖਾਂ ਨੂੰ ਅੱਜ ਵੀ ਦੁਨੀਆਂ ਤਰਸ ਰਹੀ ਹੈ ਉਨ੍ਹਾਂ ਦੇ ਪ੍ਰਉਪਕਾਰਾਂ ਤੇ ਨਿਗ੍ਹਾ ਮਾਰੀਏ ਤਾਂ ਗਿਣੇ ਨਹੀਂ ਜਾਂਦੇ ਉਨ੍ਹਾਂ ਵੱਲੋਂ ਪ੍ਰਕਾਸ਼ਿਤ 'ਆਤਮ ਮਾਰਗ' ਮੈਗਜੀਨ ਅੱਜ ਵੀ ਪੂਰੇ ਸੰਸਾਰ ਵਿੱਚ ਨਾਮ ਬਾਣੀ ਦਾ ਪ੍ਰਚਾਰ ਕਰਕੇ ਗੁਰੂ ਨਾਲ ਜੋੜ ਰਿਹਾ ਹੈ । ਇਸ ਨੂੰ ਪੜ੍ਹ ਕੇ ਪੂਰੇ ਮਹੀਨੇ ਵਾਸਤੇ ਰੂਹਾਨੀ ਖੁਰਾਕ ਮਿਲ ਜਾਂਦੀ ਹੈ । ਉਨ੍ਹਾਂ ਨੇ ਧਾਰਨਾਵਾਂ 'ਤਿਨਕੀ ਕੀ ਕਥਾ ਨਿਰਾਰੀ ਰੇ' 'ਸਾਧੂ ਵਿਰਲੇ ਨੇ ਮਿਲਣਾ ਨਹੀਂ ਤੇਰੇ ਵਰਗਾ' 'ਇਨ੍ਹਾਂ ਨੈਣਾ ਨੇ ਤਰਸਦੇ ਰਹਿਣਾ ਤੇਰਿਆਂ ਦਿਦਾਰਿਆਂ ਨੂੰ' ਪੜ੍ਹ ਕੇ ਸੰਗਤਾਂ ਨੂੰ ਨਿਹਾਲ ਕੀਤਾ । ਭਾਈ ਬਿਕਰਮਦੇਵ ਸਿੰਘ, ਭਾਈ ਮਹਿੰਦਰ ਸਿੰਘ, ਭਾਈ ਸਤਨਾਮ ਸਿੰਘ, ਭਾਈ ਨਸੀਬ ਸਿੰਘ ਘਨੌਰ, ਮਾਸਟਰ ਸੁਰਿੰਦਰ ਸਿੰਘ ਰੋਪੜ, ਬੀਬੀ ਪਰਮਜੀਤ ਕੌਰ ਬੇਦੀ,

ਸਮਾਗਾਮ ਦੇ ਆਖਰੀ ਦਿਨ ੩੧ ਅਕਤੂਬਰ ਨੂੰ ਅੰਮ੍ਰਿਤਵੇਲੇ ੩.੦੦ ਵਜੇ ਸੰਤ ਬਾਬਾ ਹਰਪਾਲ ਸਿੰਘ ਜੀ ਵਲੋਂ ਸੰਗਤਾਂ ਨੂੰ ਨਾਮ ਸਿਮਰਨ ਦਾ ਉਪਦੇਸ਼ ਦਿੱਤਾ ਗਿਆ। ਹੁਕਮਨਾਮੇ ਉਪਰੰਤ ਦੀਵਾਨ ਹਾਲ ਵਿੱਚ ਕੀਰਤਨ ਆਰੰਭ ਹੋਏ ਮਹਾਂਪੁਰਸ਼ਾਂ ਨੂੰ ਪਿਆਰ ਭ ਰੀ ਸ਼ਰਧਾਂਜਲੀ ਦਿੱਤੀ ਸੰਤ ਬਾਬਾ ਮਾਨ ਸਿੰਘ ਪਿਹੋਵਾ ਵਾਲਿਆਂ ਨੇ ਦੱਸਿਆ ਕਿ ਰਤਵਾੜਾ ਸਾਹਿਬ ਵਾਲੇ ਮਹਾਂਪੁਰਖਾਂ ਨੇ ਰੋਪੜ ਦਾ ਇਲਾਕਾ ਜਿੱਥੇ ਕਦੇ ਕੋਈ ਸੰਤ ਵੀ ਨਹੀਂ ਸੀ ਪਹੁੰਚਦਾ ਅਤੇ ਤੰਮਾਕੂ ਦੀ ਖੇਤੀ ਹੁੰਦੀ ਸੀ ਅੱਜ ਓਥੇ ਇਨ੍ਹਾਂ ਮਹਾਂਪੁਰਖਾਂ ਕਰਕੇ ਪੂਰੇ ਰੋਪੜ ਜਿਲ੍ਹੇ ਵਿੱਚ ਸਿੱਖੀ ਹੈ। ਸੰਤ ਅਵਤਾਰ ਸਿੰਘ ਸਾਧਾਂ ਵਾਲੀ ਫਰੀਦਕੋਟ, ਸੰਤ ਸਵਰਨ ਸਿੰਘ ਸੈਦਖੇੜੀ, ਸੰਤ ਭਗਵਾਨ ਸਿੰਘ ਬੇਗੋਵਾਲ, ਸੰਤ ਮਨਮੋਹਨ ਸਿੰਘ ਬਾਰਨੇ ਵਾਲੇ, ਸੰਤ ਜਸਮੇਰ ਸਿੰਘ ਕੰਬਲੀ ਵਾਲੇ, ਸੰਤ ਪੰਜਾਬ ਸਿੰਘ, ਸੰਤ ਚਰਨ ਸਿੰਘ ਨਿਰਮਲ ਕੁਟੀਆ ਜਗਾਧਰੀ, ਸੰਤ ਮਨਜੀਤ ਸਿੰਘ ਮੁੱਲਾਂਪੁਰ ਗਰੀਬਦਾਸ ਛੰਨਾ ਵਾਲੇ, ਸੰਤ ਕਸ਼ਮੀਰਾ ਸਿੰਘ ਕਾਰ ਸੇਵਾ, ਸੰਤ ਪ੍ਰੀਤਮ ਸਿੰਘ ਗੋਲ੍ਹਣੀ ਨੰਗਲਡੈਮ, ਸੰਤ ਰਣਜੀਤ ਸਿੰਘ ਬਾਠਾਂ, ਸੰਤ ਬਾਬਾ ਕਸ਼ਮੀਰਾ ਸਿੰਘ ਕਾਰਸੇਵਾ ਵਾਲੇ, ਬਰਫਾਨੀ ਬਾਬਾ ਜੀ ਬਦਰੀ ਨਾਥ ਅਤੇ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਅਤੇ ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ ਦੇ ਬੱਚਿਆਂ ਨੇ ਸ਼ਬਦ ਕੀਰਤਨ ਗਾਇਨ ਕੀਤੇ। ਸੰਤ ਬਾਬਾ ਹਰਪਾਲ ਸਿੰਘ







ਜੀ ਰਤਵਾੜਾ ਸਾਹਿਬ ਨੇ ਟਰੱਸਟ ਰਤਵਾੜਾ ਸਾਹਿਬ ਵਿਖੇ ਚਲ ਰਹੇ ਜਨ ਸਮੂੰਹ ਦੀ ਭਲਾਈ ਵਾਸਤੇ ਕਾਰਜਾਂ ਵਾਰੇ ਬਹੁਤ ਹੀ ਵਿਸਥਾਰਪੂਰਵਕ ਜਾਣਕਾਰੀ ਦਿਤੀ। ਰਤਵਾੜਾ ਸਾਹਿਬ ਵਿਖੇ 90,000 ਸਕੇਅਰ ਫੁਟ ਦੇ ਵਿਸ਼ਾਲ ਏਰੀਏ ਵਿੱਚ ਬਿਰਧ ਆਸ਼ਰਮ ਬਣ ਰਹੇ ਹਨ ਜਿਸ ਵਿੱਚ ਰੱਖ ਕੇ ਬਿਰਧਾਂ ਦੀ ਸੇਵਾ ਸੰਭਾਲ ਕੀਤੀ ਜਾਇਆ ਕਰਨੀ ਹੈ ਇਹ ਸੇਵਾ ਇਕ ਹੀ ਪਰਿਵਾਰ ਦਿਲੀ ਵਾਲਿਆਂ ਦੇ ਹਿੱਸੇ ਆਈ ਹੈ। ਮੈਡੀਕਲ ਸਹੂਲਤਾਂ ਦੇ ਨਾਲ ਨਾਲ ਬਹੁਤ ਸੋਹਣਾ ਸੈਰ ਗਾਹ ਅਤੇ ਖੁੱਲੇ ਡੁਲ੍ਹੇ ਹਵਾਦਾਰ ਕਮਰਿਆਂ ਦੀ ਉਸਾਰੀ ਹੋ ਰਹੀ ਹੈ ਜਿਸ ਦੇ ਨਾਲ ਨਾਲ ਪ੍ਰਸ਼ਾਦੇ ਪਾਣੀ ਦਾ ਇੰਤਜਾਮ ਅੰਦਰ ਹੀ ਕੀਤਾ ਜਾਣਾ ਹੈ ਜਿਸ ਦਾ ਉਦਘਾਟਨ 31 ਦਿਸੰਬਰ 2009 ਵਿੱਚ ਹੋ ਜਾਣਾ ਹੈ ।

ਸੀ.ਬੀ.ਐਸ.ਈ ਦਿੱਲੀ ਬੋਰਡ ਵੱਲੋਂ ਮਾਨਤਾ ਪ੍ਰਾਪਤ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ ਚਲ ਰਿਹਾ ਹੈ ਜਿਸ ਵਿੱਚ ਨਰਸਰੀ ਤੋਂ +2 ਤੱਕ 1200 ਬੱਚੇ ਵਿਦਿਆ ਪ੍ਰਾਪਤ ਕਰ ਰਹੇ ਹਨ । ਬਿਲਡਿੰਗ ਦੇ ਅੰਦਰ ਬੱਚਿਆਂ ਲਈ ਰਿਹਾਇਸ਼, ਲੰਗਰ ਅਤੇ ਖੇਡਣ ਦਾ ਸਮਾਨ ਵਰਜਿਸ ਕਰਨ ਲਈ ਸਮਾਨ ਰੱਖਿਆ ਗਿਆ ਹਰ ਪਾਸੇ ਤੋਂ ਸਕੂਲ ਨੂੰ ਸਾਰਿਆਂ ਅਧੁਨਿਕ ਸਹੂਲਤਾਂ ਪ੍ਰਦਾਨ ਕਰਕੇ ਮੌਡਰਨ ਬਣਾਇਆ ਗਿਆ ਹੈ ।

ਪੰਜਾਬ ਸਕੂਲ ਸਿਖਿਆ ਬੋਰਡ ਵੱਲੋਂ ਮਾਨਤਾ ਪ੍ਰਾਪਤ ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਹਾਈ ਸਕੂਲ ਵੀ ਕੰਪਲੈਕਸ ਅੰਦਰ ਚਲ ਰਿਹਾ ਹੈ । ਜਿਸ ਵਿੱਚ 1000 ਬੱਚਾ ਵਿਦਿਆ ਪ੍ਰਾਪਤ ਕਰ ਰਿਹਾ ਹੈ ।

ਬੀ.ਐਡ. ਕਾਲਜ ਪਟਿਆਲਾ ਯੂਨੀਵਰਸਿਟੀ ਵੱਲੋਂ ਮਾਨਤਾ ਪ੍ਰਾਪਤ ਜਿਸ ਵਿੱਚ ਅਧਿਆਪਕ ਬਣਨ ਲਈ ਕੋਰਸ ਕਰਾਇਆ ਜਾਂਦਾ ਹੈ ।

ਆਉਣ ਵਾਲੇ ਸਮੇਂ ਅੰਦਰ ਰਤਵਾੜਾ ਸਾਹਿਬ ਯੂਨੀਵਰਸਿਟੀ ਬਣਨ ਜਾ ਰਹੀ ਹੈ। ਜਿਸ ਦੀ ਬਿਲਡਿੰਗ ਦੀ ਸ਼ੁਰੂਆਤ ਹੋ ਚੁਕੀ ਹੈ।

ਮਹਾਂਪੁਰਸ਼ਾਂ ਦੁਆਰਾ ਦਰਸਾਈ ਜੁਗਤ ਨਾਮ ਅਭਿਆਸ ਸਾਰੀਆਂ ਸੰਗਤਾਂ ਤੋਂ ਕਰਵਾਇਆ।

ਸਮਾਗਮ ਦੁਰਾਨ ਅਨੇਕਾਂ ਹੀ ਪ੍ਰੇਮੀਆਂ ਨੇ ਅੰਮ੍ਰਿਤ ਪਾਨ ਕੀਤਾ। ਇਸ ਤੋਂ ਇਲਾਵਾ ਰਤਵਾੜਾ ਸਾਹਿਬ ਵਿਖੇ ਹਰ ਸਾਲ ਦੀ ਤਰ੍ਹਾਂ ਤੱਖਰ ਪਰਿਵਾਰ ਵਲੋਂ ਚਲਾਏ ਗਏ ਅੱਖਾਂ ਦੇ ਕੈਂਪ ਵਿੱਚ 2015 ਮਰੀਜਾਂ ਦਾ ਚੈਕਅੱਪ ਕੀਤਾ,







ਜਿਸ ਵਿੱਚ 400 ਮਰੀਜਾਂ ਨੂਮ ਮੁਫਤ ਐਨਕਾਂ ਵੀ ਦਿਤੀਆਂ ਗਈਆਂ , 252 ਮਰੀਜਾਂ ਦੇ ਆਪਰੇਸ਼ਨ ਕਰਵਾਏ ਗਏ। ਦੇਹਰਾਦੂਨ ਜੌਲੀ ਗਰਾਂਟ ਤੋਂ ਆਈ ਡਾਕਟਰਾਂ ਦੀ ਟੀਮ ਵਲੋਂ ਹਜ਼ਾਰਾਂ ਸੰਗਤਾਂ ਦਾ ਚੈਕਅੱਪ ਕਰਕੇ, ਫਰੀ ਦਵਾਈਆਂ ਦਿੱਤੀਆਂ ਗਈਆਂ। ਗੁਰੂ ਕੇ ਲੰਗਰ ਅਤੁੱਟ ਵਰਤੇ।

ਭਾਈ ਮਨਜੀਤ ਸਿੰਘ ਸਪੁੱਤਰ ਸੰਤ ਮਹਾਰਾਜ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਨੇ ਚੱਲ ਰਹੇ ਟਰੱਸਟ ਦੇ ਕਾਰਜਾਂ ਨੂੰ ਸਲਾਹਿਆ ਅਤੇ ਦੱਸਿਆ ਕਿ ਜਦੋਂ ਪਿਤਾ ਜੀ ਮੇਰੇ ਕੋਲ ਅਮਰੀਕਾ ਗਏ ਆਪ ਜੀ ਨੇ ਲਗਾਤਾਰ ਘੰਟੇ ਘੰਟੇ ਦੇ ੨੦ ਦਿਨ ਗੁਰਮਤਿ ਦੇ ਸਿਧਾਂਤਾਂ ਤੇ ਪ੍ਰਬਚਨ ਕੀਤੇ ਉਹ ਟੇਪ ਮੈਂ ਰਤਵਾੜਾ ਸਾਹਿਬ ਭਾਈ ਗੁਰਦੀਪ ਸਿੰਘ ਨੂੰ ਦੇ ਦਿਤੀਆਂ ਹਨ ਸੰਗਤਾਂ ਪ੍ਰਾਪਤ ਕਰਕੇ ਪੂਰਾ ਪੂਰਾ ਲਾਹਾ ਉਠਾ ਸਕਦੀਆਂ ਹਨ ।

ਸੰਤ ਮਹਾਰਾਜ ਰਤਵਾੜਾ ਸਾਹਿਬ ਵਾਲੇ ਮਹਾਂਪੁਰਖਾਂ ਦੁਆਰਾ ਰਚਿਤ ਪੁਸਤਕ 'ਅਮਰ ਗਾਥਾ' ਜਿਸ ਵਿੱਚ ਮਹਾਂਪੁਰਖਾਂ ਨੇ ਉਨ੍ਹਾਂ ਦੇ ਆਪਣੇ ਬਚਨਾਂ ਮੁਤਾਬਿਕ "ਇਸ ਪੁਸਤਕ ਵਿਚ ਬਹੁਤ ਗੂੜ੍ਹ ਵਿਸ਼ੇ, ਗੁਰਮਤਿ ਸਿਧਾਂਤ ਨਿਖਰ ਕੇ ਰੂਪਮਾਨ ਹੋਏ ਹਨ, ਸੰਖੇਪ ਵਿਚ ਇਹ ਗਾਥਾ ਕਰਮ, ਉਪਾਸ਼ਨਾ ਅਤੇ ਗਿਆਨ ਅਤੇ ਪਰਮ ਪਦ ਦੀ ਪ੍ਰਾਪਤੀ ਦਾ ਮਾਰਗ ਦਰਸਾਅ ਰਹੀ ਹੈ। ਇਸ ਵਿਚ ਕਰਮਕਾਂਡ, ਹੱਠ ਯੋਗ, ਪਾਤੰਜਲ ਦਾ ਰਾਜ ਯੋਗ ਦਰਸਾਂਦਿਆਂ ਗੁਰਮਤਿ ਯੋਗ, ਨਾਮ ਯੋਗ, ਪ੍ਰੇਮ ਯੋਗ ਦੀ ਤੁਲਨਾਤਮਕ ਵਿਆਖਿਆ ਕੀਤੀ ਗਈ ਹੈ। ਇਹ ਪੁਸਤਕ ਅੱਠ ਦੀਵਾਨਾਂ ਵਿਚ ਵੀਚਾਰੇ ਗੁਰਮਤਿ ਮਾਰਗ ਦੀ ਵਿਆਖਿਆ ਕਰਦੀ ਹੈ ਅਤੇ ਇਹ ਲੱਗੇ ਦੀਵਾਨਾਂ ਵਿਚ ਸਰੋਤਿਆਂ ਦੀ ਪੱਧਰ ਮੁਤਾਬਿਕ ਕੀਤੀ ਇਕ ਵਿਆਖਿਆ ਹੈ। ਇਸ ਵਿਚ ਮੁਖ ਭਗਤੀ, ਨਿਸ਼ਚੇ ਗਿਆਨ ਅਤੇ ਸੰਸਾਰ ਵਿਚ ਰਹਿ ਕੇ ਵਰਤਣ ਵੈਰਾਗ ਦੇ ਅਸੂਲਾਂ ਨੂੰ ਅਪਣਾਅ ਕੇ ਪਰਮ ਪਦ ਦੀ ਪ੍ਰਾਪਤੀ ਦਾ ਵਰਨਣ ਹੈ। ਗੁਰਮਤਿ ਜ਼ਿੰਮੇਵਾਰੀਆਂ ਨਿਭਾਉਣ ਤੋਂ ਲਾਂਭੇ ਹੋ ਕੇ ਸੰਨਿਆਸੀ ਬਣਨਾ ਨਹੀਂ ਸਿਖਾਉਂਦੀ ਸਗੋਂ ਸੰਸਾਰ ਵਿਚ ਰਹਿੰਦਿਆਂ ਦੁਖ-ਸੁਖ, ਹਾਨ-ਲਾਭ, ਨਿੰਦਾ-ਉਸਤਤਿ, ਖੁਸ਼ੀ ਗਮੀ ਨੂੰ ਸੰਤੁਲਨ ਵਿਚ ਰਖਦਿਆਂ ਧਰਮ ਦੀ ਕ੍ਰਿਤ, ਸੁਸਾਇਟੀ ਦੀ ਸੇਵਾ ਅਤੇ ਉਚੇ ਅਚਾਰ ਸਿਖਾਉਂਦੀ ਹੈ। ਇਨ੍ਹਾਂ ਵਿਸ਼ਿਆਂ ਨੂੰ ਸਨੇ ਸਨੇ ਸਰੋਤਿਆਂ ਦੀ ਸੂਝ ਪੱਧਰ ਨੂੰ ਅਧਾਰ ਰੱਖ ਕੇ ਸਰਲ ਬੋਲੀ, ਗੂੜ੍ਹ ਸਿਧਾਂਤਾਂ ਨੂੰ ਸਪਸ਼ਟ ਕਰਨ, ਹਰ ਰੋਜ਼ ਘਟਦੀਆਂ ਘਟਨਾਵਾਂ ਨੂੰ ਅਧਾਰ ਮੰਨ ਕੇ, ਹਰ ਪ੍ਰਾਣੀ ਦੇ ਸਮਝ ਆ ਸਕਣ ਲਈ ਦਰਸਾਇਆ ਪੰਖੀ ਮਾਰਗ ਹੈ। ਗੁਰਮਤਿ ਕੀਟੀ ਮਾਰਗ ਨਹੀਂ ਹੈ। ਗੁਰੂ ਨਾਲ ਪਿਆਰ, ਗੁਰੂ ਅਤੇ ਪ੍ਰਮੇਸ਼ਰ ਨੂੰ ਅਭੇਦ ਜਾਨਣਾ, ਸੁੱਚੀ ਕਿਰਤ, ਨਿਸ਼ਕਪਟ ਜੀਵਨ, ਨਿਸ਼ਕਾਮ ਸੇਵਾ ਦੀ ਪ੍ਰਤੀਕ ਹੈ। ਮੈਂ ਇਸ ਵਿਚ ਅੰਕਿਤ ਵਿਸ਼ਿਆਂ ਬਾਰੇ ਨਹੀਂ ਲਿਖਣਾ ਚਾਹੁੰਦਾ।



ਸੂਝ ਤੇ ਰੂਹਾਨੀ ਲਗਨ ਵਾਲੇ ਪਾਠਕ ਜਦੋਂ ਇਸ ਪੁਸਤਕ ਦਾ ਅਧਿਐਨ ਕਰਨਗੇ ਤਾਂ ਮਹਿਸੂਸ ਕਰਨਗੇ ਕਿ ਗੁਰੂ ਨਾਨਕ ਜੀ ਇਕ ਰਾਜੇ ਨਾਲ ਬਚਨ ਨਹੀਂ ਕਰ ਰਹੇ, ਇਸ ਦੇ ਵਿਪਰੀਤ ਇਉਂ ਲਗੇਗਾ ਕਿ ਸਾਨੂੰ ਹੀ ਉਪਦੇਸ਼ ਦਿੰਦੇ ਪਿਆਰ ਕਰ ਰਹੇ ਹਨ। ਇਹ ਇਕ ਅਮਰ ਕਥਾ ਹੈ, ਅਮਰ ਕਹਾਣੀ ਹੈ ਜੋ ਆਉਣ ਵਾਲੀਆਂ ਸਦੀਆਂ ਵਿਚ ਸਦਾ ਹੀ ਨਵੀਨ ਰਹੇਗੀ। " ਇਸ ਪੁਸਤਕ ਦਾ ਅੰਗਰੇਜੀ ਵਿੱਚ ਉਲੱਥਾ ਕਰਕੇ ਜਿਸ ਦਾ ਨਾਮ "The Story of immortality" ਸੰਗਤਾਂ ਵਿੱਚ ਰਿਲੀਜ ਕੀਤੀ ਗਈ ।

ਇੰਟਰਨੈਸ਼ਨਲ ਡਿਵਾਇਨ ਕਾਲਜ ਆਫ ਐਜੂਕੇਸ਼ਨ ਦੁਆਰਾ ਆਯੋਜਿਤ ਐਨ.ਐਸ.ਕੈਂਪ ਦੇ ਛੇਵੇਂ ਦਿਨ ਕੈਂਪ ਵਿੱਚ ਬਿਮਾਰੀਆਂ ਦਾ ਮੁਫਤ ਇਲਾਜ ਕੀਤਾ ਗਿਆ । ਇਸ ਤੋਂ ਇਲਾਵਾ ਆਮ ਜਾਂਚ, ਔਰਤਾਂ ਦੀਆਂ ਬਿਮਾਰੀਆਂ, ਅੱਖਾਂ ਦਾ ਮੁਫਤ ਇਲਾਜ, ਬੱਚਿਆਂ ਦੇ ਵਿਸ਼ੇਸ਼ੱਗ ਸਰਜਨ ਨੇ ਵੀ ਮਰੀਜਾਂ ਦੀ ਮੁਫਤ ਜਾਂਚ ਕੀਤੀ । ਐਨ. ਐਸ. ਐਸ. ਵਲੰਟੀਅਰਾਂ ਵੱਲੋਂ ਵੱਧ-ਚੜ੍ਹ ਕੇ ਮਰੀਜਾਂ ਦੀ ਸੇਵਾ ਕੀਤੀ ਗਈ । ਇਸ ਤੋਂ ਇਲਾਵਾ ਉਹਨਾਂ ਦੇ ਖਾਣ-ਪੀਣ ਦਾ ਵੀ ਪ੍ਰਬੰਧ ਕੀਤਾ ਗਿਆ ਹਰ ਬਿਮਾਰੀ ਦੇ ਲਈ ਮੁਫਤ ਦਵਾਈ ਵੀ ਦਿੱਤੀ ਗਈ । ਉਪਰੰਤ ਸੰਤ ਬਾਬਾ ਹਰਪਾਲ ਸਿੰਘ ਜੀ ਨੇ ਗੁਰ ਸਤੋਤਰ ਸ਼ਬਦ ਪੜ੍ਹਨ ਮਗਰੋਂ ਸਮਾਗਮ ਦੀ ਸੰਪੂਰਨਤਾ ਅਰਦਾਸ ਕਰਕੇ ਸਮਾਗਮ ਦੀ ਸਮਾਪਤੀ ਕੀਤੀ । ਇਸ ਮੌਕੇ ਇਸੇ ਤਰ੍ਹਾਂ ਮੈਂਬਰ ਆਫ ਸ਼੍ਰੋਮਣੀ ਕਮੇਟੀ ਹਰਬੰਸ ਸਿੰਘ ਕੰਧੋਲਾ ਨੇ ਤੇ ਡਾ. ਸਮਸ਼ੇਰ ਸਿੰਘ ਪਟਿਆਲਾ ਯੂਨੀਵਰਸਿਟੀ ਵਾਲਿਆਂ ਬਾਬਾ ਜੀ ਦੀ ਜੀਵਨੀ ਸਬੰਧੀ ਵਿਸਥਾਰ ਨਾਲ ਚਾਨਣਾ ਪਾਇਆ। ਹਲਕਾ ਮੋਰਿੰਡਾ ਵਿਧਾਇਕ ਸ. ਉਜਾਗਰ ਸਿੰਘ ਬਡਾਲੀ ਨੇ ਵੀ ਹਾਜਰੀ ਭਰੀ, ਇਸ ਮੌਕੇ ਸ. ਤੇਜਵੀਰ ਸਿੰਘ ਪਡਿਆਲਾ, ਮਨਦੀਪ ਸਿੰਘ ਕੌਮੀ ਪ੍ਰਚਾਰਕ ਸਕੱਤਰ ਯੂਥ ਵਿੰਗ ਸ਼੍ਰੋਮਣੀ ਅਕਾਲੀ ਦਲ, ਜਗਮੋਹਣ ਸਿੰਘ ਕੰਗ ਸਾਬਕਾ ਮੰਤਰੀ ਪੰਜਾਬ, ਤੇਜਪ੍ਰਕਾਸ਼ ਸਿੰਘ ਕੋਟਲੀ, ਲੋਕ ਸਭਾ ਮੈਂਬਰ ਅਨੰਦਪੁਰ ਸਾਹਿਬ ਸ਼੍ਰੀ ਰਵਨੀਤ ਸਿੰਘ ਬਿੱਟੂ, ਬਲਬੀਰ ਸਿੰਘ ਸਿੱਧੂ ਹਲਕਾ ਵਿਧਾਇਕ ਖਰੜ, ਵਕੀਲ ਐਸੋਸ਼ੀਅਨ ਦੇ ਪ੍ਰਧਾਨ ਸ. ਅਵਤਾਰ ਸਿੰਘ ਸਿੱਧੂ ਨੇ ਸਮਾਗਮ ਦੁਰਾਨ ਲਗਾਤਾਰ ਸੇਵਾ ਕੀਤੀ ਅਤੇ ਜਿਲ੍ਹਾ ਪ੍ਰਧਾਨ ਸਮੇਤ ਵਿਦੇਸ਼ਾਂ ਤੋਂ ਕਈ ਐਨ.ਆਰ.ਆਈ ਪਰਿਵਾਰਾਂ ਨੇ ਸ਼ਮੂਲੀਅਤ ਕੀਤੀ ।






(ਪੰਨਾ 28 ਦੀ ਬਾਕੀ)

ਸਾਧਾਰਣ ਝੌਂਪੜੀਆਂ ਬਣਾ ਕੇ ਗੁਜ਼ਾਰਾ ਕਰ ਲਿਆ, ਜਦੋਂ ਜੀ ਆਇਆ ਉਥੋਂ ਹੋਰ ਅੱਗੇ ਤੁਰ ਪਏ ਤੇ ਕਰਮ ਧਰਮ ਦੇ ਵਿੱਚ ਪੱਕੇ ਸੀ। ਤ੍ਰੇਤੇ ਯੁੱਗ ਦੇ ਅੰਦਰ ਓਸ ਵੇਲੇ ਯੱਗ ਸ਼ੁਰੂ ਹੋਏ, ਅਨੇਕ ਕਿਸਮ ਦੇ ਯੱਗ, ਦੁਆਪਰ ਯੁੱਗ ਦੇ ਅੰਦਰ ਪੂਜਾ ਸ਼ੁਰੂ ਹੋਈ, ਕਲਜੁਗ ਦੇ ਅੰਦਰ ਜਿਵੇਂ ਕਲਜੁਗ ਨੇ ਆਉਂਦੇ ਨੇ ਜਿਵੇਂ ਫੱਟੀ ਮਿਟਾ ਦੇਈਦੀ ਹੈ ਇਵੇਂ ਮਿਟਾ ਕੇ ਇਨ੍ਹਾਂ ਦਾ ਫਲ ਖਤਮ ਕਰ ਦਿੱਤਾ। ਹੁਣ ਫਲ ਕਾਹਦਾ ਰਹਿ ਗਿਆ। ਦੱਸ ਹਜ਼ਾਰ ਸਾਲ ਤਪਸਿਆ ਕੋਈ ਕਰਦਾ ਸਤਿਜੁਗ 'ਚ, ਹਜ਼ਾਰ ਸਾਲ ਤ੍ਰੇਤੇ 'ਚ, ਸੌ ਸਾਲ ਦੁਆਪਰ 'ਚ; ਆਹ ਹੁਣ ਤੁਸੀਂ ਚਾਰ ਘੜੀਆਂ ਮਨ ਚਿੱਤ ਲਾ ਕੇ ਸਤਿਸੰਗ ਸੁਣ ਲਓ, ਓਸ ਤੋਂ ਕਿਤੇ ਜ਼ਿਆਦਾ ਮਹਾਤਮ ਹੈ। ਦੂਸਰਾ ਕਿ ਇੱਥੇ ਨਾਮ ਬੀਜਣ ਦੀ ਰੁੱਤ ਆ ਗਈ

***ਅਬ ਕਲੂ ਆਇਓ ਰੇ ॥***
***ਇਕੁ ਨਾਮੁ ਬੋਵਹੁ ਬੋਵਹੁ॥***
***ਅਨ ਰੂਤਿ ਨਾਹੀ ਨਾਹੀ ॥***
***ਮਤੁ ਭਰਮਿ ਭੂਲਹੁ ਭੂਲਹੁ ॥ ਅੰਗ - ੧੧੮੫***

ਇਹਦੇ ਵਿੱਚ ਬਹੁਤਾ ਨਹੀਂ ਦੇਖਿਆ ਜਾਂਦਾ, ਬੰਦਾ ਬਹੁਤ ਰੁਲਿਆ ਪਿਆ ਹੈ, ਮਾਇਆ ਨੇ ਹੱਦ ਤੋਂ ਜ਼ਿਆਦਾ ਇਹਨੂੰ ਗ੍ਰਸ ਲਿਆ। ਸੁਰਤ ਨਹੀਂ ਇਸ ਨੂੰ ਆ ਰਹੀ ਕਿਸੇ ਤਰੀਕੇ ਨਾਲ ਵੀ। ਨਾ ਇਹ ਕਿਸੇ ਧਰਮ ਨੂੰ ਸਮਝਦਾ ਹੈ, ਨਾ ਕਿਸੇ ਸੰਪਰਦਾ ਨੂੰ ਸਮਝਦਾ ਹੈ, ਨਾ ਗੁਰੂ ਦੀ ਬਾਤ ਸਮਝਦਾ ਹੈ, ਨਾ ਕੁਛ ਕਰਨਾ ਚਾਹੁੰਦਾ ਹੈ। ਇਹਦੀ ਰੁਚੀ ਮਾਇਆ ਵਲ ਲਗ ਗਈ। ਮਾਇਆ ਇੱਕ ਤਰ੍ਹਾਂ ਦੀ ਨਹੀਂ ਹੁੰਦੀ, ਬਹੁਤ ਤਰ੍ਹਾਂ ਦੀ ਹੁੰਦੀ ਹੈ। ਪੈਸੇ ਟਕੇ, ਕੋਠੀਆਂ, ਕਾਰਾਂ ਆਦਿ ਨੂੰ ਵੀ ਮਾਇਆ ਆਖਦੇ ਨੇ। ਬਾਲ-ਬੱਚਿਆਂ ਨੂੰ ਇਨ੍ਹਾਂ ਸਾਰੇ ਪਰਿਵਾਰਾਂ ਨੂੰ ਵੀ ਮਾਇਆ ਆਖਦੇ ਹਨ, ਅੰਦਰ ਜੋ ਲਾਲਸਾਵਾਂ ਹਨ, ਵਾਸ਼ਨਾਵਾਂ ਹਨ, ਉਹਨੂੰ ਵੀ ਮਾਇਆ ਆਖਦੇ ਨੇ। ਹੋਰ ਅੰਦਰ ਤੋਂ ਅੰਦਰ ਸ਼ਕਤੀਆਂ ਆ ਜਾਂਦੀਆਂ ਨੇ, ਉਹਨੂੰ ਵੀ ਮਾਇਆ ਆਖਦੇ ਨੇ। ਚਾਰੋਂ ਪਾਸੋਂ ਇਹ ਜੀਵ ਮਾਇਆ ਨੇ ਘੇਰ ਲਿਆ, ਹੁਣ ਇਹਦਾ ਕੋਈ ਹਾਲ ਹਿੱਲਾ ਨਹੀਂ ਹੈ। ਪ੍ਰਭੂ ਨੇ ਸੰਤ ਪੈਦਾ ਕੀਤੇ ਕਿ ਤੁਸੀਂ ਇਨ੍ਹਾਂ ਨੂੰ ਦੱਸੋ ਹਾਕਾਂ ਮਾਰ-ਮਾਰ ਕੇ ਦੱਸੋ, ਉੱਚੀ-ਉੱਚੀ ਬੋਲ-ਬੋਲ ਕੇ ਦੱਸੋ ਕਿ ਬੜੀ ਮੁਸ਼ਕਲ ਦੇ ਨਾਲ ਤੁਹਾਨੂੰ ਜਨਮ ਪ੍ਰਾਪਤ ਹੋਇਆ ਹੈ, ਸ਼ੁਕਰ ਕਰੋ ਕਲਜੁਗ 'ਚ ਆ ਗਏ, ਕਿਉਂਕਿ ਇੱਥੇ ਥੋੜ੍ਹਾ ਜਿਹਾ ਹੀ ਸਤਿਸੰਗ ਕਰਕੇ ਬੇਅੰਤ ਫਲ ਮਿਲਦਾ ਹੈ। ਦੂਸਰਾ ਜਦੋਂ ਅਸੀਂ ਨਾਮ ਜਪਦੇ ਹਾਂ, ਆਖਰੀ ਸਵਾਸ ਹੋਵੇ, ਮੂੰਹ ਦੇ ਵਿੱਚ ਹੋਵੇ, ਵਾਹਿਗੁਰੂ, ਰਾਮ, ਅੱਲਾਹ ਹੂ; ਕੋਈ ਨਾਮ, ਵਾਹਿਗੁਰੂ ਦੇ ਤਾਂ ਸਾਰੇ ਨਾਮ ਨੇ, ਕੋਈ ਜ਼ਰੂਰੀ ਨਹੀਂ ਕਿ ਆਹੀ ਨਾਮ ਉਹਦਾ ਸਹੀ ਹੈ। ਮਹਾਰਾਜ ਕਹਿੰਦੇ ਬਾਕੀ ਤਾਂ ਕਿਰਤਮ ਨਾਮ ਨੇ, ਉਹਦਾ ਅਸਲੀ ਨਾਮ ਸਤਿ, being -

***ਸਤਿ ਨਾਮੁ ਤੇਰਾ ਪਰਾ ਪੂਰਬਲਾ॥ ਅੰਗ - ੧੦੮੩***

ਉਹਦੇ ਵਲ ਧਿਆਨ ਚਲਿਆ ਜਾਵੇ ਇੱਕ ਵਾਰੀ। ਕਿੰਨਾ ਚਿਰ? ਕਹਿੰਦੇ ਅੱਖ ਜਿੰਨਾਂ ਚਿਰ 'ਚ ਝਮਕਦਿਆਂ। ਦੇਖੋ ਕੋਈ ਸਾਧਨਾ ਹੈ ਇਹ। ਇਹ ਐਵੇਂ ਨਹੀਂ ਗੁਰੂ ਸਾਹਿਬ ਦੀਆਂ ਗੱਲਾਂ ਕਿ ਐਵੇਂ ਹੀ ਸਾਡਾ ਜੀਅ ਲਵਾਉਣ ਵਾਸਤੇ ਲਿਖ ਦਿੱਤੀਆਂ। ਸੱਚ ਮੰਨੋ ਇਹਨੂੰ। ਕਹਿੰਦੇ ਕੋਈ ਤਰਿਆ ਵੀ ਹੈ? ਮਹਾਰਾਜ ਕਹਿੰਦੇ -

***ਅਜਾਮਲ ਕਉ ਅੰਤ ਕਾਲ ਮਹਿ***
***ਨਾਰਾਇਨ ਸੁਧਿ ਆਈ ॥***
***ਜਾਂ ਗਤਿ ਕਉ ਜੋਗੀਸੁਰ ਬਾਛਤ***
***ਸੋ ਗਤਿ ਛਿਨ ਮਹਿ ਪਾਈ ॥ ਅੰਗ - ੯੦੨***

ਛਿਨ ਕਹਿੰਦੇ ਨੇ ਅੱਖ ਝਮਕਣ ਜਿੰਨਾਂ ਚਿਰ ਨੂੰ; ਜੋਗੀਸ਼ਰ ਬਰਫਾਨੀ ਪਹਾੜਾਂ 'ਚ ਰਹਿ ਕੇ ਜਿਸ ਗਤੀ ਨੂੰ ਚਾਹੁੰਦੇ ਨੇ, ਪ੍ਰਮੇਸ਼ਰ ਦਾ ਨਾਮ ਇੱਕ ਵਾਰੀ ਕਹਿਣ ਨਾਲ ਪ੍ਰਾਪਤ ਹੋ ਗਈ। ਐਨੇ ਭਾਗਾਂ ਵਾਲੇ ਹੋਂ ਤੁਸੀਂ, ਜੇ ਹੁਣ ਵੀ ਮੌਕਾ ਨਾ ਸੰਭਾਲਿਆ ਗਿਆ, ਫੇਰ ਤਾਂ ਕਹਿਣਾ ਹੀ ਕੀ ਹੈ? ਇਹ ਹੁੰਦਾ ਕਿਉਂ ਨਹੀਂ, ਕਿਉਂਕਿ ਦੂਜਾ ਪੱਖ ਜਿਹੜਾ ਹੈ ਬੜਾ ਹੀ ਪ੍ਰਬਲ ਹੈ। ਮਾਇਆ ਵਾਲਾ ਪਾਸਾ ਬਹੁਤਾ ਪ੍ਰਬਲ ਹੈ, ਉਹ ਲੱਗਣ ਨਹੀਂ ਦਿੰਦਾ ਇਹਨੂੰ। ਤੱਤ ਬੇਤੇ ਮਹਾਂਪੁਰਸ਼ ਦੇ ਨਾਲ ਜੇ ਸੰਪਰਕ ਹੋ ਜਾਵੇ, ਕਿਸੇ ਨਾਲ ਵੀ; ਮਹਾਂਪੁਰਸ਼ਾਂ ਦੀ ਸਾਧਸੰਗਤ ਜੀ! ਕੋਈ ਸੰਪਰਦਾ ਨਹੀਂ ਹੋਇਆ ਕਰਦੀ, ਮੈਂ ਇਹ ਵੀ ਗੱਲ ਤੁਹਾਨੂੰ ਬੇਨਤੀ ਕਰ ਦੇਵਾਂ। ਉਹ ਕਿਸੇ ਇੱਕ ਸੰਪਰਦਾ ਦੀ ਗੱਲ ਨਹੀਂ ਕਰਿਆ ਕਰਦੇ। ਉਨ੍ਹਾਂ ਨੂੰ ਉਪਦੇਸ਼ ਸਾਰੇ ਜਹਾਨ ਨੂੰ ਸਾਂਝਾ ਹੋਇਆ ਕਰਦਾ ਹੈ। ਉਹ ਐਵੇਂ ਨਹੀਂ ਗਾਲ੍ਹਾਂ ਕੱਢਦੇ, ਸ਼ਕਲਾਂ ਦੇਖ ਕੇ ਨਹੀਂ ਗਾਲ੍ਹਾ ਕੱਢਦੇ। ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਇਹ ਆਤਮਾ ਹੈ, ਜੀਵ ਆਤਮਾ; ਇਹ ਘੁੰਮਦਾ ਫਿਰਦਾ ਹੈ, ਇਹਦੇ ਕਿਸੇ ਤਰੀਕੇ ਨਾਲ ਪਾਰ-ਉਤਾਰਾ ਹੋ ਜਾਵੇ। ਸੋ ਉਹ ਬਾਰ-ਬਾਰ ਅਵਾਜ਼ਾਂ ਦਿੰਦੇ ਨੇ। ਬਾਬਾ ਫਰੀਦ ਕਹਿੰਦੇ ਕਰੀਏ ਕੀ? -

***ਫਰੀਦਾ ਕੂਕੇਦਿਆ ਚਾਂਗੇਦਿਆ***
***ਮਤੀ ਦੇਦਿਆ ਨਿਤ ॥***
***ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥***
***ਅੰਗ - ੧੩੭੮***

ਸੰਸਾਰ ਚਿੱਤ ਕਿਉਂ ਨਹੀਂ ਫੇਰਦਾ। ਇਸਲਾਮ ਦੇ ਅੰਦਰ ਸ਼ੈਤਾਨ ਇੱਕ ਫਰਿਸ਼ਤਾ ਹੈ, ਜਿਹੜਾ ਰੱਬ ਵੱਲ ਨਹੀਂ ਲੱਗਣ ਦਿੰਦਾ; ਉਹਨੇ ਕਸਮ ਖਾਧੀ ਹੋਈ ਹੈ ਕਿ ਮੈਂ ਬੰਦਿਆਂ ਨੂੰ ਨਰਕਾਂ 'ਚ ਭੇਜਣਾ ਹੈ। ਹੋਰ ਥਾਂ ਜਾਣ ਹੀ ਨਹੀਂ ਦੇਣਾ। ਕਹਿੰਦੇ, ਚਿੱਤ ਨਹੀਂ ਫੇਰਦਾ, ਐਨਾ ਸਮਝਾਉਂਦੇ ਹਾਂ।

ਸ਼ਰਾਬ ਪੀਣ ਵਾਲੇ ਬੰਦਿਆਂ ਨੂੰ, ਮੇਰਾ ਰੋਜ਼ ਵਾਹ ਪੈਂਦਾ ਹੈ, ਮੈਂ ਹੱਥ ਬੰਨ੍ਹਣ ਤੱਕ ਵੀ ਜਾਂਦਾ ਹਾਂ। ਯੂ.ਪੀ. ਦੇ ਵਿੱਚ ਜ਼ਿਆਦਾਤਰ ਸ਼ਰਾਬ ਹੀ ਚਲਦੀ ਸੀ, ਹੋ ਸਕਦਾ ਹੈ ਕਿ ਦਸ ਹਜ਼ਾਰ 'ਚੋਂ ਇੱਕ ਬੰਦਾ ਬਚਿਆ ਹੋਵੇ; ਮੈਂ ਜਾਣਾ ਸਤਿਸੰਗ ਕਰਨੇ, ਮੈਨੂੰ ਕਈ ਵਾਰੀ ਕਹਿ ਦੇਣਾ ਕਿ ਅਸੀਂ ਤੁਹਾਡੇ ਪੱਲਿਓਂ ਤਾਂ ਨਹੀਂ ਨਾ ਪੀਂਦੇ, ਤੁਸੀਂ ਐਵੇਂ ਸ਼ਰਾਬ ਨੂੰ ਕੋਸਦੇ ਓਂ। ਮੈਂ ਕਿਹਾ, ਪੱਲਾ ਤਾਂ ਤੁਹਾਡਾ ਹੈ, ਪਰ ਜਿਹੜਾ ਗਲਤ ਕੰਮਾਂ 'ਤੇ ਤੁਸੀਂ ਪੈਦਾ ਕਰ ਰਹੇ ਓਂ, ਘਰ 'ਚ ਬੇ-ਅਮਨੀ ਪੈਦਾ ਕਰਦੇ

ਓਂ, ਉਹਦਾ ਦੁੱਖ ਆਉਂਦਾ ਹੈ ਮੇਰੇ ਮਨ 'ਚ। ਤਾਂ ਮੈਂ ਤੁਹਾਨੂੰ ਕਹਿੰਦਾ ਹਾਂ ਕਿ ਸੁਖੀ ਹੋ ਜਾਓ। ਸੋ ਇਨ੍ਹਾਂ ਚੀਜ਼ਾਂ 'ਚ ਪ੍ਰਵਿਰਤ ਹੋ ਕੇ ਸਾਨੂੰ ਸੋਝੀ ਨਹੀਂ ਪੈਂਦੀ, ਨਾ ਅਸੀਂ ਮੰਨਦੇ ਹਾਂ, ਇੱਕੋ ਹੀ ਗੱਲ ਨਹੀਂ ਮੰਨਦੇ ਸ਼ਰਾਬ ਛੱਡਣ ਵਾਲੇ ਨੂੰ ਕਹਿੰਦੇ ਹਾਂ ਕਿ ਤੂੰ ਇਹਦੀ ਥਾਂ 'ਤੇ ਸਾਡੇ ਕੋਲ ਇੱਕ ਸ਼ਰਾਬ ਇਸ ਤੋਂ ਵੀ ਵਧੀਆ ਹੈ। ਨਾ ਠੇਕੇ ਜਾਣਾ ਪਵੇ, ਸਿਰਫ ਤੈਨੂੰ ਸਮਾਂ ਦੇਣਾ ਪੈਣਾ ਹੈ, ਉਹਦੇ 'ਚ ਵੀ ਸਮਾਂ ਦਿੰਦਾ ਹੈਂ, ਇਹਦੇ 'ਚ ਵੀ ਦੇ ਦੇ। ਇਹਦਾ ਨਸ਼ਾ ਤੈਨੂੰ ਚੜ੍ਹ ਜਾਏਗਾ ਤੇ ਇਹ ਕਰੇਗਾ ਕੀ? ਸ਼ਰਾਬ ਦਾ ਨਸ਼ਾ ਘਰ 'ਚ ਫਤੂਰ ਪਾਉਂਦਾ ਹੈ, ਬੱਚਿਆ ਨੂੰ ਡਰਾਉਂਦਾ ਹੈ, ਘਰਵਾਲੀ ਨੂੰ ਡਰਾਉਂਦਾ ਹੈ, ਪੜੋਸੀਆਂ ਨੂੰ ਗਾਲ੍ਹਾਂ ਕੱਢਦਾ ਹੈ, ਪੀ ਕੇ ਰਿਸ਼ਤੇਦਾਰਾਂ ਨਾਲ ਲੜੀ ਜਾਂਦਾ ਹੈ। ਇਹਦੇ ਨਾਲ ਤੇਰੀ ਸਾਰਿਆ ਨਾਲ ਬਣੇਗੀ, ਸੁੱਖ ਸ਼ਾਂਤੀ ਹੋਏਗੀ, ਚੜ੍ਹਦੀ ਕਲਾ 'ਚ ਹੋਏਂਗਾ, ਵਿਘਨਾਂ ਦਾ ਨਾਸ਼ ਹੋ ਜਾਏਗਾ। ਫੇਰ ਜੀਵਨ ਦਾ ਲਾਹਾ ਲੈ ਲਏਂਗਾ। ਉਹ ਇਸ ਤੋਂ ਘੱਟ ਨਹੀਂ ਹੈ, ਇਸ ਤੋਂ ਵੱਧ ਕਿਤੇ ਉਹਦਾ ਨਸ਼ਾ ਹੈ। ਉਹਦੇ ਬਾਰੇ ਐਸਾ ਵੀ ਫੁਰਮਾਨ ਆਉਂਦਾ ਹੈ ਜਨਮਸਾਖੀ ਦੇ ਅੰਦਰ –

***ਧਾਰਨਾ – ਚੜ੍ਹੀ ਰਹੇ ਦਿਨ ਰਾਤ***
***ਨਾਮ ਖੁਮਾਰੀ–ਨਾਮ ਖੁਮਾਰੀ।***

ਪੋਸਤ, ਮਦ, ਅਫੀਮ, ਭੰਗ ਹੋਰ ਸਾਰੇ ਨਸ਼ੇ ਨਾਲ ਰਲਾ ਲਓ, ਉਨ੍ਹਾ ਸਭ ਨਾਲ ਤੋੜ ਲਗਦੀ ਹੈ ਜਦ ਨਸ਼ਾ ਉਤਰ ਜਾਂਦਾ ਹੈ, ਬਿਮਾਰੀਆਂ ਅੰਦਰ ਦਾਖਲ ਹੋ ਜਾਂਦੀਆਂ ਹਨ, ਖਾਣ ਪੀਣ ਦੀ ਮਰਿਆਦਾ ਵਿਗੜ ਜਾਂਦੀ ਹੈ। ਅਖੀਰ 'ਤੇ ਦੁਖੀ ਹੁੰਦਾ ਹੈ, ਬੀਮਾਰ ਹੁੰਦਾ ਹੈ। ਮਹਾਰਾਜ ਕਹਿੰਦੇ, ਉਹਦਾ ਕੀ ਫਾਇਦਾ, ਜੇ ਪੀਣੀ ਹੈ ਤਾਂ ਅਸੀਂ ਤੈਨੂੰ ਦਸਦੇ ਹਾਂ ਕਿ –

***ਪੋਸਤ ਮਦ ਅਫੀਮ ਭੰਗ ਉਤਰ ਜਾਏ ਪਰਭਾਤਿ।***
***ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤਿ।***

ਸੋ ਇਸ ਤਰ੍ਹਾਂ ਦੇ ਨਾਲ ਮੈਂ ਜੋ ਬੇਨਤੀ ਕਰੀ ਕਿ ਕਲਜੁਗ ਦੇ ਵਿੱਚ ਆ ਕੇ ਪਿਆਰਿਓ! ਜੇ ਇੱਕ ਸਾਹ ਦੇ ਵਿੱਚ ਵੀ ਯਾਦ ਰਹਿ ਗਿਆ ਨਾ ਵਾਹਿਗੁਰੂ। ਮੁੜ ਕੇ ਜਨਮ–ਮਰਨ ਦੀ ਛੁੱਟੀ ਹੋ ਜਾਂਦੀ ਹੈ। ਬੈਕੁੰਠ ਧਾਮ ਨੂੰ ਚਲਿਆ ਜਾਂਦਾ ਹੈ। ਐਡਾ ਫਲ ਜ਼ਬਰਦਸਤ ਹੈ ਉਹਦਾ। ਰਾਜੇ ਜਨਕ ਨੇ ਇੱਕ ਵਾਰੀ ਨਾਮ ਜਪਿਆ ਸੀ–

***ਗਹਿਣੇ ਧਰਿਅਨੁ ਏਕ ਨਾਉ***
***ਪਾਪਾ ਨਾਲਿ ਕਰੈ ਨਿਰਜਾਸੀ॥***
***ਭਾਈ ਗੁਰਦਾਸ ਜੀ, ਵਾਰ ੧੦/੫***

ਜਿਹੜੇ ਕਹਿੰਦੇ ਨੇ ਕਿ ਘੜੀ ਬੈਠਾ ਰਿਹਾ, ਅੱਧੀ ਘੜੀ, ਬਿਲਕੁਲ ਗਲਤ ਹੈ। ਨਾਮ ਦੇ ਵਿੱਚ ਤਾਂ ਇੱਕੋ ਵਾਰੀ ਐਨੀ ਤਾਕਤ ਹੈ, ਮਾਤਾ ਲੋਈ ਨੇ ਇੱਕੋ ਵਾਰੀ ਕਿਹਾ ਸੀ ਰਾਜੇ ਨੂੰ ਕਹੋ ਰਾਮ, ਕੋਹੜ ਹਟਾ ਦਿੱਤਾ ਸੀ ਉਹਦਾ। ਦੂਜੀ ਵਾਰੀ ਕਿਹਾ ਰਾਮ, ਉਹਦੇ ਪਿਛਲੇ ਕੀਤੇ ਹੋਏ ਪਾਪਾਂ ਦਾ ਖਾਤਮਾ ਕਰ ਦਿੱਤਾ, ਤੀਜੀ ਵਾਰੀ ਕਿਹਾ ਕਿ ਕਹੁ ਰਾਮ। ਰਾਮ ਕਹਿੰਦੇ ਸਾਰ, ਉਸਦਾ ਨਾਮ ਚਲ ਪਿਆ। ਇਹਦੇ ਵਿੱਚ ਸ਼ਕਤੀ ਹੱਦ ਤੋਂ ਜ਼ਿਆਦਾ ਹੈ। ਇੱਕੋ ਸ਼ਬਦ ਹੈ ਜਿਹੜਾ ਸਾਰੇ ਪਰੀਪੂਰਨ ਹੈ, ਉਹਦੇ ਵਲ ਧਿਆਨ ਗਿਆ ਹੋਇਆ, ਐਨੀ ਤਾਕਤ ਰਖਦਾ ਹੈ –

***ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ***
***ਕਰਿ ਨਾਰਾਇਣ ਬੋਲਾਰੇ ॥***
***ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ***
***ਜਮਕੰਕਰ ਮਾਰਿ ਬਿਦਾਰੇ ॥ ਅੰਗ – ੯੮੧***

ਅੰਤ ਦਾ ਸਮਾਂ ਆ ਗਿਆ, ਜਮਦੂਤਾਂ ਨੇ ਆ ਕੇ ਫੜ ਲਿਆ। ਅਜੇ ਮੂੰਹ ਵਿੱਚ ਬੋਲ ਸੀ, ਨਹੀਂ ਤਾਂ ਖਤਮ ਹੋ ਜਾਂਦਾ। ਪਹਿਲਾਂ ਬੋਲ ਖਤਮ ਹੁੰਦਾ ਹੈ, ਅੱਖਾਂ ਦੀ ਜੋਤੀ ਖਤਮ ਹੁੰਦੀ ਹੈ, ਕੰਨਾਂ ਦੀ ਤਾਕਤ ਖਤਮ ਹੁੰਦੀ ਹੈ, ਸਾਹ ਚਲਦਾ ਹੈ ਅੰਦਰੋਂ। ਜੇ ਜੀਉਂਦੇ–ਜੀਉਂਦੇ ਸਵਾਸ ਦੇ ਨਾਲ ਨਾਮ ਜਪਣ ਦੀ ਜੁਗਤੀ ਆ ਗਈ, ਤਾਂ ਅੰਤ ਦੇ ਸਮੇਂ ਸਾਹ ਦੇ ਉੱਤੇ ਵਾਹਿਗੁਰੂ, ਰਾਮ, ਅੱਲਾਹ; ਕਹਿ ਹੋ ਜਾਣਾ ਹੈ। ਐਨੇ ਹੀ ਕਿਹਾ ਉਸੇ ਵੇਲੇ ਬੈਕੁੰਠ ਧਾਮ ਨੂੰ, ਬਹਿਸ਼ਤਾਂ ਨੂੰ ਚਲਿਆ ਜਾਂਦਾ ਹੈ। ਸੋ ਮੈਂ ਤਾਂ ਬਾਰ–ਬਾਰ ਕਹਿੰਦਾ ਹਾਂ ਕਿ ਤੁਸੀਂ ਇਹ ਪੱਕੀ ਤਰ੍ਹਾਂ ਹਿਰਦੇ 'ਚ ਧਾਰਨ ਕਰੋ ਕਿ ਅਸੀਂ ਭਾਗਾਂ ਵਾਲੇ ਹਾਂ, ਸਾਨੂੰ ਕਲਜੁਗ ਦੇ ਵਿੱਚ ਸਮਾਂ ਮਿਲ ਗਿਆ। ਫੇਰ ਤੁਸੀਂ ਅਮਰੀਕਾ 'ਚ ਆਏ ਹੋਏ ਓਂ। ਇੱਥੇ ਤਾਂ ਦਸ–ਦਸ ਲੱਖ ਰੁਪਿਆ ਦੇ ਕੇ ਲੋਕ ਆ ਰਹੇ ਨੇ। ਇੱਥੇ ਹੈ ਕੀ ਸਤਿਸੰਗ ਦੀ ਘਾਟ ਹੈ। ਸਤਿਸੰਗ ਦੀ ਤਾਂ ਸਾਰੇ ਹੀ ਦੁਨੀਆਂ ਦੇ ਅੰਦਰ ਘਾਟ ਹੈ, ਕਿਉਂਕਿ rare ਹੋ ਗਿਆ ਇਹ। ਭਾਗਾਂ ਤੋਂ ਬਗੈਰ ਮਿਲਦਾ ਨਹੀਂ –

***ਹਰਿ ਕੀਰਤਿ ਸਾਧਸੰਗਤਿ ਹੈ***
***ਸਿਰਿ ਕਰਮਨ ਕੈ ਕਰਮਾ ॥***
***ਕਹੁ ਨਾਨਕ ਤਿਸੁ ਭਇਓ ਪਰਾਪਤਿ***
***ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ – ੬੪੨***

ਤੁਸੀਂ ਸਾਰੇ ਸਮਝਦਾਰ ਬੰਦੇ ਓਂ। ਥੋੜ੍ਹਾ ਜਿਹਾ ਵੀ ਜਿਹਦੇ ਅੰਦਰ ਉਤਸ਼ਾਹ ਹੈ, ਹਿੰਮਤ ਹੈ। ਸੋਚ ਸ਼ਕਤੀ ਹੈ, ਉਹ ਤੁਹਾਡੇ ਕੋਲ ਆ ਜਾਂਦਾ ਹੈ। ਇੱਥੇ ਆ ਜਾਂਦੇ ਨੇ ਸਾਰੇ। ਗੱਲ ਤੁਸੀਂ ਸਮਝ ਸਕਦੇ ਓਂ, ਮੇਰੇ ਕੋਲ ਤਾਂ ਐਵੇਂ ਤੁਸੀਂ ਸਾਰੇ ਡਰਦੇ ਮਾਰੇ ਕੋਈ ਪਟਕਾ ਬੰਨ ਲਿਆਉਂਦਾ ਹੈ, ਕੋਈ ਰੁਮਾਲ ਬੰਨ੍ਹਦਾ ਹੈ; ਲੇਕਿਨ ਮੈਂ ਤਾਂ ਇਹ ਦੇਖਦਾ ਹਾਂ ਕਿ ਇਹ ਸਭ ਕਾਬਲ ਬੰਦੇ ਨੇ, ਕਾਰੋਬਾਰ ਕਰਦੇ, ਕਿਰਤ ਕਰਦੇ ਨੇ, ਬੇਈਮਾਨੀ ਕੋਈ ਕਰਦਾ ਨਹੀਂ ਇਨ੍ਹਾਂ 'ਚ, ਕੋਈ ਧੋਖਾ ਨਹੀਂ ਦੇ ਰਿਹਾ, ਕੋਈ ਮਿਲਾਵਟਾਂ ਨਹੀਂ ਕਰ ਰਿਹਾ। ਕੋਈ ਛਲ ਨਹੀਂ ਕਰ ਰਿਹਾ, ਹੁਣ ਇਨ੍ਹਾਂ ਵਿੱਚ ਸਾਰੇ ਨੇ, ਜੇ ਕਿਤੇ ਇਨ੍ਹਾਂ ਨੂੰ ਸਤਿਸੰਗ ਹੋ ਜਾਵੇ। ਲਗਨ ਲਗ ਜਾਵੇ ਫੇਰ ਇਨ੍ਹਾਂ ਦੇ ਤਰਨ ਦਾ ਕੋਈ ਸ਼ੰਕਾ ਨਹੀਂ ਹੈ। ਸੋ ਉਹਦੇ ਵਾਸਤੇ ਲੋੜ ਹੈ ਸਮਰੱਥ ਗੁਰੂ ਦੀ। ਗੁਰੂ ਕਿੱਥੋਂ ਮਿਲੇ? ਗੁਰੂ ਮਿਲਦਾ ਹੈ ਭਾਗਾਂ ਨਾਲ, ਧੱਕੇ ਨਾਲ ਨਹੀਂ ਮਿਲਦਾ –

***ਜਿਨ ਮਸਤਕਿ ਧੁਰਿ ਹਰਿ ਲਿਖਿਆ***
***ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥***
***ਅੰਗ – ੪੫੦***

ਹੁੰਦਾ ਕਿਹੋ ਜਿਹਾ ਹੈ ਇਹਦੇ ਵਿੱਚ ਭੇਦ ਹੈ, ਇਹਦੀ ਪਛਾਣ ਕਰਨੀ ਬਹੁਤ ਔਖੀ ਹੈ। ਕੱਚੇ, ਅੰਨ੍ਹੇ, ਪੜ੍ਹੇ ਲਿਖੇ ਗੁਰੂ ਹੁੰਦੇ ਨੇ ਪਰ ਸਮਰੱਥ ਗੁਰੂ ਕੋਈ-ਕੋਈ ਹੁੰਦਾ ਹੈ। ਸਮਰੱਥ ਗੁਰੂ ਦੇ ਬਾਰੇ ਸਾਰੀਆਂ ਚੀਜ਼ਾਂ ਨਿਆਰੀਆਂ ਹੁੰਦੀਆ ਨੇ ਸਾਧਸੰਗਤ ਜੀ। ਹੈਰਾਨ ਕਰਨ ਵਾਲਾ ਉਹਦਾ ਜੀਵਨ ਹੋਇਆ ਕਰਦਾ ਹੈ। ਕਿਸੇ ਨਾਲ ਗੁਰੂ ਦਾ ਵੈਰ ਨਹੀਂ ਹੁੰਦਾ। ਕਿਸੇ ਕੌਮ ਦਾ, ਕਿਸੇ ਜਾਤੀ ਦਾ, ਸਬੰਧ ਹੀ ਨਹੀਂ ਹੁੰਦਾ; ਇੱਥੇ ਤਾਂ ਸਾਰੇ ਆਤਮਾ ਹੈ, ਜਾਤੀਆਂ ਤਾਂ ਬਾਅਦ ਵਿੱਚ ਬਣੀਆਂ ਨੇ। ਇੱਕੋ ਪ੍ਰੀਪੂਰਨ ਪ੍ਰਮੇਸ਼ਰ ਸਾਰਿਆਂ ਦੇ ਅੰਦਰ ਬਿਰਾਜਮਾਨ ਹੈ। ਆਦਮੀ ਆਪ ਭੁੱਲਦਾ ਹੈ, ਗੁਰੂ ਨਹੀਂ ਭੁੱਲਦਾ, ਗੁਰੂ ਨੂੰ ਪਤਾ ਹੁੰਦਾ ਹੈ, ਸੰਤਾਂ ਨੂੰ ਪਤਾ ਹੁੰਦਾ ਹੈ। ਉਹ ਕਦੇ ਵੀ ਨਹੀਂ un-balance ਗੱਲ ਕਰਦੇ। ਉਹਨਾਂ ਨੂੰ ਪਤਾ ਹੈ ਕਿ ਇੱਥੇ ਇੱਕੋ ਹੀ ਆਤਮਾ ਪ੍ਰੀਪੂਰਨ ਹੈ, ਸਾਡੀ ਡਿਊਟੀ ਲੱਗੀ ਹੋਈ ਹੈ, ਸਭ ਕੁਛ ਹੁਕਮ ਦੇ ਅੰਦਰ ਹੋ ਰਿਹਾ ਹੈ। ਸੋ ਗੁਰੂ ਦੇ ਬਾਰੇ ਨਿਰਣਾ ਕਰਨਾ, ਗੁਰੂ ਦੇ ਬਾਰੇ ਸੁਣਨਾ, ਉਹਦੇ ਜੀਵਨ ਨੂੰ ਜਾਨਣਾ, ਉਹਦੇ ਨਾਲ ਸਾਨੂੰ ਅੰਦਾਜ਼ਾ ਹੁੰਦਾ ਹੈ ਕਿ ਸਮਰੱਥ ਗੁਰੂ ਐਹੋ ਜਿਹਾ ਹੋਇਆ ਕਰਦਾ ਹੈ। ਸੋ ਉਹਦੇ ਬਾਰੇ ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਫੁਰਮਾਨ ਕੀਤਾ ਹੈ -

***ਧਾਰਨਾ - ਨਿਰਵੈਰ ਨਿਰਾਲਾ ਜੀ,***
***ਸਤਿਗੁਰ ਪੁਰਖ ਅਗੰਮ ਹੈ।***

***ਸਤਿਗੁਰੁ ਪੁਰਖੁ ਅਗੰਮੁ ਹੈ, ਨਿਰਵੈਰੁ ਨਿਰਾਲਾ।***
***ਜਾਣਹੁ ਧਰਤੀ ਧਰਮ ਕੀ, ਸਚੀ ਧਰਮਸਾਲਾ।***
***ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।***
***ਜਿਉ ਕਰਿ ਨਿਰਮਲੁ ਆਰਸੀ, ਜਗੁ ਵੇਖਣਿ ਵਾਲਾ।***
***ਜੇਹਾ ਮੁਹੁ ਕਰਿ ਭਾਲੀਐ, ਤੇਹੋ ਵੇਖਾਲਾ।***
***ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ॥***
***ਭਾਈ ਗੁਰਦਾਸ ਜੀ, ਵਾਰ, ੩੪/੧***

'ਅਗੰਮ' ਉਹਨੂੰ ਕਹਿੰਦੇ ਨੇ ਜਿਹਦੇ ਬਾਰੇ ਸਾਡੀ ਬੁੱਧੀ, ਸਾਡੇ ਨੇਤਰ, ਸਾਡੇ ਕੰਨ, ਸਾਡੀਆਂ ਸੋਚਾਂ, ਜਾਣ ਨਾ ਸਕਣ; ਫੇਰ ਉਹ ਨਿਰਵੈਰ ਹੈ, ਕਿਸੇ ਨਾਲ ਗੁਰੂ ਦਾ ਵੈਰ ਨਹੀਂ ਹੁੰਦਾ। ਨਾ ਕਿਸੇ ਸੰਪਰਦਾ ਨਾਲ, ਨਾ ਕਿਸੇ ਬੰਦੇ ਨਾਲ, ਨਾ ਕਿਸੇ ਪਾਪੀਆਂ ਨਾ, ਕਿਸੇ ਨਾਲ ਨਹੀਂ ਹੁੰਦਾ। ਬੜੀਆਂ doubtful ਗੱਲਾਂ ਨੇ ਜਿਹੜੀਆਂ ਮੈਂ ਕਹਿ ਰਿਹਾ ਹਾਂ। ਗੁਰੂ ਦਾ ਵੈਰ ਨਹੀਂ ਹੁੰਦਾ, ਪਾਪੀ ਨੂੰ ਸਜ਼ਾ ਦੇਣ ਵਾਸਤੇ ਉਹਦੇ ਆਪਣੇ ਕਰਮ ਹੋਇਆ ਕਰਦੇ ਨੇ। ਉਹ ਆਪਣੇ ਕਰਮਾਂ ਦਾ ਡਰ ਪਾਉਂਦਾ ਹੈ। ਗੁਰੂ ਉਹਦਾ ਵੀ ਭਲਾ ਮਨਾਉਂਦਾ ਹੈ। ਸਾਰੇ ਸੰਸਾਰ ਦਾ ਭਲਾ ਮਨਾਉਣ ਕਰਕੇ ਸਾਨੂੰ ਤਾਕੀਦ ਕੀਤੀ ਗਈ ਹੈ ਕਿ ਪਿਆਰਿਓ! ਜੇ ਤੁਸੀਂ ਮੇਰੇ ਨਾਲ ਪਿਆਰ ਕਰਦੇ ਓਂ ਨਾ ਤਾਂ ਤੁਸੀਂ ਮਨ ਚਿੱਤ ਲਾ ਕੇ ਕਹੋ -

***ਨਾਨਕ ਨਾਮ ਚੜ੍ਹਦੀ ਕਲਾ***
***ਤੇਰੇ ਭਾਣੇ ਸਰਬੱਤ ਕਾ ਭਲਾ।***

ਬੁਰਾ ਨਾ ਕਿਸੇ ਦਾ ਚਿਤਵੇ। ਜੇ ਬੁਰਾ ਚਿਤਵੋਗੇ ਫੇਰ ਗਲਤ ਹੈ -

***ਫਰੀਦਾ ਬੁਰੇ ਦਾ ਭਲਾ ਕਰਿ***
***ਗੁਸਾ ਮਨਿ ਨ ਹਢਾਇ ॥***
***ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥***
***ਅੰਗ - ੧੩੮੧***

***ਵਵਾ ਵੈਰੁ ਨ ਕਰੀਐ ਕਾਹੂ ॥***
***ਘਟ ਘਟ ਅੰਤਰਿ ਬ੍ਰਹਮ ਸਮਾਹੂ ॥ ਅੰਗ - ੨੫੯***

ਗੁਰੂ ਦਸ਼ਮੇਸ਼ ਪਿਤਾ ਮਹਾਰਾਜ ਜਿਨ੍ਹਾਂ ਦੇ ਬਾਰੇ ਇਤਿਹਾਸ ਨੇ ਬਹੁਤ ਹੀ ਗਲਤੀਆਂ ਕੀਤੀਆਂ ਨੇ, ਹੱਦ ਤੋਂ ਜ਼ਿਆਦਾ। ਕਿਉਂਕਿ ਆਪ ਦੀ ਬਹੁ-ਪੱਖੀ ਸਖਸ਼ੀਅਤ ਸੰਸਾਰ ਦੇ ਸਾਮ੍ਹਣੇ ਆਈ ਸੀ। ਬਹੁਤ ਤਰ੍ਹਾਂ ਦੇ ਪੱਖਾਂ ਵਾਲਾ ਜੀਵਨ ਸੀ ਆਪ ਦਾ। ਧੋਖਾ ਖਾ ਗਏ, ਕਿਉਂਕਿ ਅਸੀਂ ਲਿਖਣ ਵਾਲੇ ਛੋਟੀ ਮੱਤ ਦੇ ਹਾਂ। ਆਪਣੀ ਮੱਤ ਦੇ ਮੁਤਾਬਿਕ ਉਨ੍ਹਾਂ ਦਾ ਹਾਲ-ਚਾਲ ਲਿਖ ਦਿੱਤਾ। ਉਨ੍ਹਾਂ ਨੂੰ ਇਸ ਤਰ੍ਹਾਂ ਬਣਾ ਦਿੱਤਾ ਕਿ ਇੱਕ ਜੰਗ-ਜੂ ਗੁਰੂ ਹੋਇਆ ਹੈ, ਜਿਹਦਾ ਕੰਮ ਸੀ ਯੁੱਧ ਕਰਨਾ।

ਗੁਰੂ ਮਹਾਰਾਜ ਦਾ ਕੰਮ ਯੁੱਧ ਕਰਨਾ ਨਹੀਂ ਆਪ ਜਦੋਂ ਪਾਉਂਟੇ ਸਾਹਿਬ ਚਲੇ ਗਏ, ਕਿਉਂਕਿ ਇੱਥੇ ਬਿਲਾਸਪੁਰ ਦਾ ਜਿਹੜਾ ਰਾਜਾ ਸੀ, ਭੀਮ ਚੰਦ ਉਹ ਖਾਹਮਖਾਹ ਗੁਰੂ ਘਰ ਦੇ ਨਾਲ ਲਗਦਾ ਸੀ। ਰਾਜਾ ਨਾਹਨ ਵਾਲਾ ਮੇਦਨੀ ਪ੍ਰਕਾਸ਼ ਆ ਗਿਆ, ਉਹਨੇ ਬੇਨਤੀ ਕਰੀ, ਮਹਰਾਜ ਜੀ ਸਮਾਂ ਵਿਚਾਰ ਕੇ ਪਾਉਂਟੇ ਸਾਹਿਬ ਚਲੇ ਗਏ। ਜੰਗਲਾਂ ਦੇ ਵਿਚੀਂ ਲੰਘਣਾ ਪੈਂਦਾ ਸੀ, ਦੂਰ-ਦਰਾਜ਼ ਸੀ, ਉਥੇ ਫਤਹਿਚੰਦ ਰਾਜਾ ਸ੍ਰੀ ਨਗਰ ਦਾ ਰਾਜਾ ਸੀ, ਗੜਵਾਲ ਦਾ, ਦੂਜੇ ਪਾਸੇ ਸਨੌਰ ਦਾ ਰਾਜਾ ਮੇਦਨੀ ਪ੍ਰਕਾਸ਼ ਸੀ, ਦੋਹਾਂ ਦੀ ਆਪਸ ਵਿੱਚ ਵੈਰ ਭਾਵ ਦੀ ਟੱਕਰ ਰਹਿੰਦੀ ਸੀ। ਕਦੇ ਉਹ ਉਹਦੇ ਪਿੰਡ ਦੱਬ ਲੈਂਦਾ ਸੀ ਕਦੇ ਉਹ। ਮਹਾਰਾਜ ਜੀ ਨੇ ਵਿੱਚ ਪੈ ਕੇ ਸਮਝੌਤਾ ਕਰਾ ਦਿੱਤਾ ਦੋਹਾਂ ਦਾ। ਉਹਦੀ ਲੜਕੀ ਦੀ ਸ਼ਾਦੀ ਆਈ ਤਾਂ ਗੁਰੂ ਮਹਾਰਾਜ ਨੇ ਐਨੇ ਤੋਹਫੇ ਭੇਜੇ ਕਿ ੨੦੦ ਸਿੰਘ ਲੈ ਕੇ ਗਿਆ, ਇਤਿਹਾਸ ਦੇ ਅੰਦਰ ਲਿਖਦੇ ਨੇ ਕਿ ਦੋ ਲੱਖ ਉਹਦਾ ਮੁੱਲ ਉਸ ਵੇਲੇ ਦਾ ਸੀ, ਹੁਣ ਤਾਂ ਕਰੋੜਾਂ 'ਚ ਚਲਿਆ ਗਿਆ। ਪਰ ਉਨ੍ਹਾਂ ਨੇ ਇਸ offer ਨੂੰ ਕਮਜ਼ੋਰੀ ਜਾਣਿਆ ਕਿ ਗੁਰੂ ਡਰਦੇ ਭੇਜਦੇ ਨੇ। ਉਨ੍ਹਾਂ ਨੇ ਕੋਈ ਆਦਰ ਨਾ ਦਿੱਤਾ ਸਿੰਘਾਂ ਨੂੰ। ਨੰਦ ਚੰਦ ਸੀਗੇ ਜਥੇਦਾਰ ਤੇ ਪਤਾ ਲਗ ਗਿਆ ਕਿ ਉਹ ਖੋਹਣਾ ਚਾਹੁੰਦੇ ਨੇ ਜ਼ਬਰਦਸਤੀ; ਇਹ ਲੈ ਕੇ ਵਾਪਸ ਆ ਗਏ। ਵਿਆਹ ਹੋ ਗਿਆ ਉਹਦੀ ਲੜਕੀ ਦਾ ਉਸ ਤੋਂ ਬਾਅਦ ਸਾਰੇ ਹੀ ਰਾਜਿਆਂ ਨੇ ਨਾ ਕੁਛ ਲੈਣਾ, ਨਾ ਕੁਛ ਦੇਣਾ।

ਜਦੋਂ ਗੁਰੂ ਛੇਵੇਂ ਪਾਤਸ਼ਾਹ ਗਵਾਲੀਅਰ ਦੇ ਕਿੱਲ੍ਹੇ ਅੰਦਰ ਭੇਜੇ ਗਏ, ਕਾਫੀ ਸਮਾਂ ਆਪ ਉਥੇ ਰਹੇ, ਜਿਸ ਵਕਤ ਜਹਾਂਗੀਰ ਨੇ ਮਜ਼ਬੂਰ ਹੋ ਕੇ ਕਿਹਾ ਕਿ ਗੁਰੂ ਸਾਹਿਬ ਨੂੰ ਬਾਹਰ ਲੈ ਆਓ। ਮਹਾਰਾਜ ਕਹਿੰਦੇ ਕਿ ਅਸੀਂ ਨਹੀਂ ਆਉਂਦੇ। ਜਿੰਨੀ ਦੇਰ ਤਕ ਤੂੰ ਇਨ੍ਹਾਂ ਰਾਜਪੂਤ ਰਾਜਿਆਂ ਨੂੰ, ਪਹਾੜੀ ਰਾਜਿਆਂ ਨੂੰ ਨਹੀਂ ਬਾਹਰ ਕੱਢਦਾ, ਮੈਂ ਵੀ ਨਹੀਂ ਆਉਂਦਾ। ਅਖੀਰ ਮਜ਼ਬੂਰ

ਹੋ ਕੇ ਉਹਨੇ ਕਿਹਾ ਕਿ ਗੁਰੂ ਜੀ! ਜੋ ਰਾਜਾ ਤੁਹਾਡਾ ਪੱਲਾ ਫੜ ਕੇ ਲੰਘ ਆਵੇ, ਉਹ ਠੀਕ ਹੈ ਆਜ਼ਾਦ ਹੋਇਆ। ਰਾਤੋ ਰਾਤ ਹਰੀਦਾਸ ਦਰੋਗੇ ਨੇ ੫੨ ਕਲੀਆਂ ਵਾਲਾ ਚੋਲਾ ਸਿਲਾ ਕੇ ਦਿੱਤਾ ਮਹਾਰਾਜ ਨੂੰ, ੫੦ ਕਲੀਆਂ ਸੀ, ਦੋ ਤਣੀਆਂ ਸੀ। ਜਦੋਂ ਮਹਾਰਾਜ ਤੁਰੇ ਤਾਂ ਪੰਜਾਹ ਨੇ ਤਾਂ ਕਲੀਆਂ ਫੜ ਲਈਆ, ਦੋ ਰਹਿ ਗਏ। ਮਹਾਰਾਜ ਨੇ ਜਿਹੜੀ ਗੰਢ ਦਿੱਤੀ ਹੋਈ ਸੀ, ਕੱਸਣ ਵਾਸਤੇ, ਉਹ ਵੀ ਖੋਲ੍ਹ ਦਿੱਤੀ, ਕਿ ਇੱਕ-ਇੱਕ ਤਣੀ ਆਹ ਵੀ ਫੜ ਲਓ, ੫੨ ਜਣੇ ਕੱਢੇ। ਕੱਢੇ ਹੀ ਨਹੀਂ ਉਨ੍ਹਾਂ ਦੇ ਰਾਜ ਵੀ ਦਿਵਾਏ ਮੁੜ ਕੇ, ਜਿਨ੍ਹਾਂ 'ਚ ਪਹਾੜੀ ਰਾਜੇ ਵੀ ਸੀ, ਰਾਜਪੂਤ ਰਾਜੇ ਵੀ ਸੀ ਰਾਜਸਥਾਨ ਦੇ। ਗੁਰੂ ਛੇਵੇਂ ਪਾਤਸ਼ਾਹ ਤੋਂ ਬਾਅਦ ਸੱਤਵੇਂ ਆਏ, ਥੋੜ੍ਹਾ ਚਿਰ ਰਹੇ, ਅੱਠਵੇਂ ਬਿਲਕੁਲ ਹੀ ਥੋੜ੍ਹੀ ਦੇਰ ਰਹੇ। ਗੁਰੂ ਨੌਵੇਂ ਪਾਤਸ਼ਾਹ ਤੋਂ ਆਪ ਆਏ, ਸਭ ਤੋਂ ਪਹਿਲਾਂ ਵਿਗੜਨ ਵਾਲੇ ਉਹ ਰਾਜੇ ਸੀ, ਬਗੈਰ ਕਿਸੇ ਕਾਰਨ ਤੋਂ। ਮਹਾਰਾਜ ਕਹਿੰਦੇ-

***ਫਤੇ ਸਾਹ ਕੋਪਾ ਤਬਿ ਰਾਜਾ।***
***ਲੋਹ ਪਰਾ ਹਮ ਸੋ ਬਿਨੁ ਕਾਜਾ। ਬਚਿਤ੍ਰ ਨਾਟਕ***

ਉਸ ਵੇਲੇ ਗੁਰੂ ਸਾਹਿਬ ਦੀ ਕਦਰ ਕਰਨ ਵਾਲੇ ਵੀ ਸੀਗੇ। ਜਦੋਂ ਗੁਰੂ ਸਾਹਿਬ 'ਤੇ ਹਮਲਾ ਹੋ ਜਾਂਦਾ ਹੈ। ਉਸ ਵੇਲੇ ਸਢੌਰੇ ਦਾ ਪੀਰ ਜਿਹੜਾ ਓਥੋਂ ਤੀਹ-ਚਾਲੀ ਮੀਲ ਦੇ ਉੱਤੇ ਰਹਿੰਦਾ ਸੀ, ਸੱਤ ਸੌ ਮੁਰੀਦ ਇਕੱਠਾ ਕਰਕੇ ਯੁੱਧ ਵਿੱਚ ਸ਼ਾਮਲ ਹੋ ਜਾਂਦਾ ਹੈ। ਸਭ ਤੋਂ ਜ਼ਿਆਦਾ ਸ਼ਹੀਦੀਆਂ ਪੀਰ ਬੁੱਧੂ ਸ਼ਾਹ ਦੇ ਜੱਥੇ ਨੂੰ ਹੋਈਆਂ। ਨਾ ਕੁਛ ਲੈਣਾ ਨਾ ਦੇਣਾ, ਉਹ ਇਸਲਾਮ ਦਾ, ਗੁਰੂ ਮਹਾਰਾਜ ਹੋਰ ਪ੍ਰਚਾਰ ਕਰਨ। ਪੀਰ ਨੇ ਆਪਣੇ ਦੋ ਪੁੱਤਰ ਸ਼ਹੀਦ ਕਰਾ ਲਏ, ਦੋ ਸਾਲੇ ਕਰਾ ਲਏ, ੩੦੦ ਮੁਰੀਦ ਸ਼ਹੀਦ ਹੋਇਆ। ਕਾਰਨ ਤਾਂ ਕੋਈ ਵੀ ਨਹੀਂ ਸੀ। ਮਨੁੱਖੀ ਅਧਿਕਾਰਾਂ ਦਾ ਝਗੜਾ ਸੀ। ਕਿਉਂਕਿ ਇੱਥੇ ਭਾਰਤ ਵਿੱਚ ਦੀਨੀ ਰਾਜ ਚਲਦਾ ਸੀਗਾ। ਉਹਨੂੰ ਚਲਦੇ ਨੂੰ ਗੁਰੂ ਸਾਹਿਬ ਵੇਲੇ ਤੱਕ ਸੱਤ ਸੌ ਸਾਲ ਹੋ ਗਏ ਸੀ। ਉਹ ਦੀਨੀ ਰਾਜ ਦੇ ਐਸੇ ਕਾਨੂੰਨ ਬਣੇ ਹੋਏ ਸੀ ਕਿ ਜਿਹੜਾ ਤਾਂ ਦੀਨ-ਏ-ਇਸਲਾਮ 'ਚ ਆ ਜਾਵੇ, ਉਹਨੂੰ ਤਾਂ ਰਿਆਇਤਾਂ ਮਿਲਦੀਆਂ, ਦੂਸਰਿਆਂ ਦੇ ਉੱਤੇ ਬੇਅੰਤ ਟੈਕਸ, ਬੇਅੰਤ ਪਾਬੰਦੀਆਂ ਉਨ੍ਹਾਂ ਨੂੰ ਲਾਈਆਂ ਹੋਈਆਂ ਸੀ। ਇਸ ਤੋਂ ਵੀ ਜ਼ਿਆਦਾ ਉਨ੍ਹਾਂ ਨੂੰ ਮਾਰ ਵੀ ਦਿੰਦੇ ਸੀ, ਕੋਈ ਆਫੀਸਰ ਉਨ੍ਹਾਂ ਨੂੰ ਮਾਰ ਦਿੰਦਾ ਸੀ, ਉਹਨੂੰ ਪੁੰਨ ਸਮਝਿਆ ਜਾਂਦਾ ਸੀ। ਇਹ ਹਾਲਾਤ ਤੁਸੀਂ ਦੇਖੋ ਕਿੰਨੇ ਭੈੜੇ ਸੀ। ਓਸ ਵੇਲੇ ਜਿਹੜੇ ਅਣਖ ਵਾਲੇ ਬੰਦੇ ਸੀ, ਐਉਂ ਨਹੀਂ ਸੀ ਕਿ ਭੇਡਾਂ ਬੱਕਰੀਆਂ ਵਾਂਗਣ ਮਰਦੇ ਸੀ। ਸ਼ਹੀਦੀਆਂ ਦਿੰਦੇ ਸੀ ਬਾਕਾਇਦਾ। ਜੇ ਅਸੀਂ ਉਨ੍ਹਾਂ ਦਾ ਇਤਿਹਾਸ ignore ਕਰ ਦੇਈਏ ਤਾਂ ਉਨ੍ਹਾਂ 'ਤੇ ਜ਼ਿਆਦਤੀ ਹੈ।

ਸ੍ਰੀ ਨਗਰ ਜੇਹਲਮ ਦੇ ਕੰਢੇ ਇੱਕ ਆਫੀਸਰ ਸੀ ਉਹ ਸਭ ਤੋਂ ਜ਼ਿਆਦਾ active ਸੀਗਾ ਉਹਦਾ ਨਾਲ ਸੀ ਜ਼ਾਲਮ ਖਾਨ, ਉਹ ਸੱਚਮੁੱਚ ਜ਼ੁਲਮ ਦੀ ਮੂਰਤੀ ਸੀ। ਉਹ ਸ਼ਾਮ ਨੂੰ ਚਾਰ ਵਜੇ ਦਿਨ ਭਰ ਜੰਞੂ ਲੁਹਾਈ ਜਾਂਦਾ ਸੀ। ਜਿਹੜੇ ਬੰਦੇ ਨਹੀਂ ਲਾਹੁੰਦੇ ਸੀ ਉਨ੍ਹਾਂ ਨੂੰ ਇਕੱਠੇ ਕਰੀ ਜਾਂਦਾ, ਰਾਤ ਤੱਕ ਸੌ ਦੀ ਗਿਣਤੀ ਕਰ ਲੈਂਦਾ ਸੀ। ਵੱਡਾ ਇੱਕ ਸੰਗਲ ਸੀ ਉਹਦੇ ਕੋਲ, ਸੌ ਨੂੰ ਖੜ੍ਹੇ ਕਰਕੇ ਜਿਵੇਂ ਆਪਾਂ ਲੱਕੜੀਆਂ ਦਾ ਭਾਰ ਬੰਨ੍ਹਦੇ ਹਾਂ, ਐਉਂ ਬੰਨ੍ਹ ਦੇਣਾ ਕੱਸ ਕੇ, ਉਨ੍ਹਾਂ ਨੂੰ ਰੋੜ੍ਹ ਕੇ ਦਰਿਆ ਵਿੱਚ ਸੁੱਟ ਦੇਣਾ, ਕੁਰਸੀਆਂ ਲਾ ਕੇ ਆਪ ਬੈਠ ਜਾਣਾ। ਉਥੇ ਪਾਣੀ ਗਲ-ਗਲ ਸੀ। ਪਾਣੀ ਨੇ ਰੋੜ੍ਹਨਾ ਉਨ੍ਹਾਂ ਵਿਚਾਰਿਆਂ ਨੇ ਯਤਨ ਕਰਨੇ। ਹੁਣ ਆਪੇ ਹੀ ਦੇਖ ਲਓ ਕਿੰਨਾ ਔਖੇ ਤਸੀਹੇ ਨੇ। ਛੋਟੇ ਕੱਦ ਵਾਲਿਆਂ ਦੇ ਮੂੰਹ ਵਿੱਚ ਪਾਣੀ ਪੈ ਜਾਣਾ। ਉਨ੍ਹਾਂ ਦੇ ਪ੍ਰਾਣ ਨਿਕਲ ਜਾਣੇ, ਜਿਹੜੇ ਵੱਡੇ ਕੱਦ ਵਾਲੇ ਸੀ ਉਹ ਜੱਦੋ-ਜਹਿਦ ਕਰਨ ਲਗ ਜਾਂਦੇ ਸੀ, ਅਖੀਰ ਉਹ ਵੀ ਰੁੜ੍ਹ ਜਾਂਦੇ ਸੀ। ਪੰਜ ਸੱਤ ਮੀਲ ਥੱਲੇ ਜਾ ਕੇ ਸੰਗਲ ਖੋਲ੍ਹ ਲਿਆਉਂਦੇ ਸੀ, ਦੂਜੇ ਦਿਨ ਫੇਰ ਸੌ ਨਾਲ ਇਸੇ ਤਰ੍ਹਾਂ ਕੀਤਾ ਜਾਂਦਾ ਸੀ। ਇਹ ਨੁਕਸ ਕਿਉਂ ਸੀ? ਕਿਉਂਕਿ ਦੀਨੀ ਰਾਜ ਸੀ, ਮਜ਼੍ਹਬੀ ਰਾਜ ਸੀ, ਮਜ਼੍ਹਬ ਦਾ ਹੀ ਕਾਨੂੰਨ ਸੀ, ਧਰਮੀ ਰਾਜ ਨਹੀਂ ਸੀ। ਧਰਮੀ ਰਾਜ ਹੋਰ ਹੁੰਦਾ ਹੈ, ਤੰਗ ਆ ਕੇ ਉਨ੍ਹਾਂ ਨੇ ਆਰਾਧਨਾ ਕੀਤੀ। ਸ਼ਿਵ ਜੀ ਮਹਾਰਾਜ ਦੀ ਅਰਾਧਨਾ ਕੀਤੀ ਕਿ ਹੁਣ ਕੀ ਕਰਿਆ ਜਾਵੇ, ਤੁਸੀਂ ਤੀਸਰਾ ਨੇਤਰ ਵੀ ਨਹੀਂ ਖੋਲ੍ਹਦੇ, ਕਿੰਨੇ ਜ਼ੁਲਮ ਹੋ ਰਹੇ ਨੇ, ਮੰਦਰ ਭੰਨੇ ਜਾ ਰਹੇ ਨੇ, ਔਰਤਾਂ ਦੀ ਬੇਪਤੀ ਹੋ ਰਹੀ ਹੈ। ਕਿੰਨੀ ਕੁ ਦੇਰ ਤੱਕ ਅਸੀਂ ਇਸ ਤਰ੍ਹਾਂ ਜਾਨਾਂ ਗੁਆਉਂਦੇ ਰਹਾਂਗੇ, ਕ੍ਰਿਪਾ ਕਰੋ। ਆਵਾਜ਼ ਆਈ ਕਿ ਐਸ ਵੇਲੇ ਗੁਰੂ ਤੇਗ ਬਹਾਦਰ ਸਾਹਿਬ ਕ੍ਰਿਪਾ ਕਰਨ ਦੇ ਸਮਰੱਥ ਨੇ। ਉਥੇ ਜਾਓ ਆਨੰਦਪੁਰ ਸਾਹਿਬ। ਇਕੱਠੇ ਹੋ ਕੇ ਉਥੇ ਆ ਗਏ। ਗੁਰੂ ਮਹਾਰਾਜ ਛੋਟੀ ਉਮਰ 'ਚ ਨੇ। ਜਦ ਆਏ ਖੇਲ੍ਹਦੇ-ਖੇਲ੍ਹਦੇ ਕੀ ਦੇਖਦੇ ਨੇ ਗੁਰੂ ਤੇਗ ਬਹਾਦਰ ਸਾਹਿਬ ਚੁੱਪ ਕਰੇ ਬੈਠੇ ਨੇ। ਬੜੇ ਗੰਭੀਰ ਸੋਚ ਨੂੰ ਸੋਚ ਰਹੇ ਨੇ ਤੇ ਬਾਕੀ ਜਿਹੜੇ ਨੇ ਉਨ੍ਹਾਂ ਦੀਆਂ ਅੱਖਾਂ ਦੇ ਉੱਤੇ ਰੁਮਾਲ ਨੇ, ਹੰਝੂ ਜਾਂਦੇ ਨੇ ਬੋਲ ਹੁੰਦਾ ਨਹੀਂ ਕਿਸੇ ਤੋਂ। ਜਦੋਂ ਗੱਲ ਦਸਦੇ ਨੇ ਉਦੋਂ ਹੀ ਗਲਾ ਰੁਕ ਜਾਂਦਾ ਹੈ, ਹੰਝੂ ਆਉਣੇ ਸ਼ੁਰੂ ਹੋ ਜਾਂਦੇ ਨੇ। ਮਹਾਰਾਜ ਨੇ ਦੇਖਿਆ ਆ ਕੇ, ਗੁਰੂ ਨੌਵੇਂ ਪਾਤਸ਼ਾਹ ਦੇ ਪਿਛਲੇ ਪਾਸੇ ਦੀ ਹੋ ਕੇ ਗਰਦਨ 'ਚ ਦੋਵੇਂ ਬਾਹਵਾਂ ਪਾਈਆਂ, ਇੱਕ ਦਮ ਗੋਦੀ 'ਚ ਬੈਠ ਗਏ। ਮਹਾਰਾਜ ਜੀ ਨੇ ਨੇਤਰ ਖੋਲ੍ਹੇ।

ਕਹਿਣ ਲੱਗੇ, ਪਿਤਾ ਜੀ! ਇਹ ਕੀ ਮਸਲਾ ਹੈ ਇਹ ਰੋਂਦੇ ਕਿਉਂ ਨੇ? ਕੌਣ ਨੇ?

ਕਹਿੰਦੇ, ਲਾਲ ਜੀ! ਇਨ੍ਹਾਂ ਤੋਂ ਜੀਉਣ ਦਾ ਹੱਕ ਖੋਹ ਲਿਆ ਗਿਆ ਹੈ। ਮਨੁੱਖੀ ਅਧਿਕਾਰ ਇਨ੍ਹਾਂ ਨੂੰ ਹੈ ਨਹੀਂ ਤੇ ਇਹ ਦੋ ਨੰਬਰ ਦੇ ਵੀ ਸ਼ਹਿਰੀ ਨਹੀ। ਸ਼ਹਿਰੀ ਵੀ ਨਹੀ ਗਿਣੇ ਗਏ ਇਹ। ਪ੍ਰਦੇਸੀਆਂ ਵਾਂਗਣ ਇਹ ਰਹਿੰਦੇ ਨੇ, ਇਨ੍ਹਾਂ ਕੋਲ ਅਧਿਕਾਰ ਕੋਈ ਨਹੀਂ ਹੈ। ਜ਼ਬਰਦਸਤੀ ਇਨ੍ਹਾਂ ਦੇ ਜੰਞੂ ਤੋੜੇ ਜਾਂਦੇ ਨੇ, ਜ਼ਬਰਦਸਤੀ ਟਿੱਕੇ ਉਤਾਰੇ ਜਾਂਦੇ ਨੇ।

ਮਹਾਰਾਜ ਕਹਿਣ ਲੱਗੇ, ਪਿਤਾ ਜੀ! ਫੇਰ ਆਪ ਨੇ ਕੀ ਹੱਲ ਸੋਚਿਆ?

ਆਪ ਨੇ ਕਿਹਾ ਕਿ ਕਿਸੇ ਮਹਾਂਪੁਰਸ਼ ਨੂੰ ਆਪਣੀ ਬਲੀ ਦੇਣੀ ਪੈਣੀ ਹੈ। ਫੇਰ ਇਹ ਜ਼ੁਲਮ ਥੰਮ ਹੋ ਸਕਦਾ ਹੈ।

ਝੱਟ ਕਹਿ ਦਿਤਾ ਕਿ ਆਪ ਤੋਂ ਵੱਡਾ ਤਾਂ ਮਹਾਂਪੁਰਸ਼ ਹੈ ਹੀ ਕੋਈ ਨਹੀਂ।

ਕਹਿੰਦੇ, ਆਹੀ ਅਸੀਂ ਸੁਣਨਾ ਸੀ ਲਾਲ ਜੀ! ਤੁਹਾਡੇ ਤੋਂ।

ਤੇ ਅਖੀਰ ਗੁਰੂ ਤੇਗ ਬਹਾਦਰ ਸਾਹਿਬ ਨੇ ਸ਼ਹੀਦੀ ਦਿੱਤੀ। ਮਹਾਰਾਜ ਲਿਖਦੇ ਨੇ -

***ਤਿਲਕ ਜੰਞੂ ਰਾਖਾ ਪ੍ਰਭ ਤਾਕਾ।***
***ਕੀਨੋ ਬਡੋ ਕਲੂ ਮਹਿ ਸਾਕਾ।***

ਇਸ ਤਰ੍ਹਾਂ ਮਹਾਰਾਜ ਕਹਿੰਦੇ ਕਿ ਸਾਡਾ ਕਿਸੇ ਨਾਲ ਕੋਈ ਵੈਰ ਨਹੀਂ। ਅਸੀਂ ਸਾਰੀ ਜਨਤਾ ਦਾ ਭਲਾ ਚਾਹੁੰਦੇ ਸੀ। ਰਾਜਿਆ ਦਾ ਵੀ ਭਲਾ ਚਾਹੁੰਦੇ ਸੀ। ਉਨ੍ਹਾਂ ਨੂੰ ਇੱਕੋ ਗੱਲ ਕਹਿੰਦੇ ਸੀ ਕਿ ਇਨਸਾਫ ਨਾਲ ਰਾਜ ਕਰੋ। ਅਸੀਂ ਰਾਜ ਨਹੀਂ ਪਲਟਣਾ ਕਿਸੇ ਦਾ, ਪਰ ਇਨਸਾਫ ਨਾਲ ਕਰੋ। ਉਹ ਕਰਦੇ ਨਹੀਂ ਸੀ। ਸਭ ਤੋਂ ਪਹਿਲਾਂ ਜਿਹੜੇ ਪਹਾੜੀ ਰਾਜੇ ਉਨ੍ਹਾਂ ਨੇ ਗੁਰੂ ਮਹਾਰਾਜ ਨਾਲ ਅਕਾਰਨ ਯੁੱਧ ਕੀਤਾ। ਮਹਾਰਾਜ ਨੇ ਔਰੰਗਜ਼ੇਬ ਨੂੰ ਲਿਖਿਆ ਕਿ ਐ ਔਰੰਗਜ਼ੇਬ! ਮੈਂ ਯੁੱਧ ਕਰਨ ਵਾਸਤੇ ਨਹੀਂ ਸੀ ਆਇਆ। ਮੇਰਾ ਕੰਮ ਸੀ ਦੁਸ਼ਟਤਾਈ ਖਤਮ ਕਰਨੀ ਮਨਾਂ ਵਿਚੋਂ, ਸਤਿ ਦਾ ਉਪਦੇਸ਼ ਦੇ ਕੇ।

***ਚੁ ਕਾਰ ਅੱਜ ਹਮਹ ਹੀਲਤੇ ਦਰ ਗੁਜ਼ਸਤ***
***ਹਲਾਲ ਅਸਤ ਬਰਦਨ ਬ ਸ਼ਮਸ਼ੇਰ ਦਸਤ।***
***(ਜ਼ਫਰਨਾਮਾ ੨੨ ਨੰ:)***

ਤੂੰ ਕਹਿੰਦਾ ਹੈ ਕਿ ਲੜਾਈ ਕਰੀ, ਆਪ ਹੀ ਦੱਸ ਕਿ ਜਦੋਂ ਜੀਉਣ ਦਾ ਵੀ ਹੱਕ ਨਾ ਰਹੇ, ਸਾਰੇ ਹੀਲੇ-ਬਹਾਨੇ ਮੁੱਕ ਜਾਣ ਫੇਰ ਆਪਣੀ ਰਾਖੀ ਕਰਨੀ ਤਾਂ ਇਨਸਾਫ ਹੋਇਆ ਕਰਦਾ ਹੈ। ਸੋ ਇਸ ਤਰ੍ਹਾਂ ਗੁਰੂ ਮਹਾਰਾਜ ਦੇ ਜੀਵਨ ਦੇ ਅੰਦਰ ਯੁੱਧ ਹੀ ਯੁੱਧ ਸ਼ੁਰੂ ਹੋ ਗਏ। ਆਪ ਨੇ ਜਿੰਨਾਂ ਲਿਟਰੇਚਰ ਪੈਦਾ ਕੀਤਾ, ੫੦ ਲਿਖਾਰੀ, ੫੨ ਕਵੀ ਰੱਖੇ ਹੋਏ ਸੀ ਆਪ ਨੇ, ਪੁਰਾਣੇ ਗ੍ਰੰਥਾਂ ਦਾ ਅਨੁਵਾਦ ਕਰਾਉਂਦੇ ਸੀ, ਬੜਾ ਧੰਨ ਖਰਚਦੇ ਸੀ ਆਪ। ਮਹਾਂਭਾਰਤ ਦਾ ਜਿਸਨੇ ਅਨੁਵਾਦ ਕਰਿਆ ਉਸ ਨੂੰ ਦੋ ਲੱਖ ਮੋਹਰ ਦਿੱਤੀ ਸੀ ਮਹਾਰਾਜ ਜੀ ਨੇ, ਮੰਗਲ ਕਵੀ ਨੂੰ। ਉਹਨੂੰ ਛੱਡਣ ਵਾਸਤੇ ਦੋ ਸੌ ਸਿੰਘ ਭੇਜਿਆ। ਜਦੋਂ ਰਾਇਪੁਰ ਦੀ ਰਾਣੀ ਦੇ ਰਾਜ ਵਿਚੀਂ ਲੰਘਣ ਲੱਗੇ ਉਹਨੇ ਸਮਝਿਆ ਕਿ ਹਮਲਾਵਰ ਆ ਗਏ। ਕਿਲ੍ਹੇ ਤੋਂ ਫਾਇਰ ਕਰ ਦਿੱਤਾ ਉਹਨੇ, ਮੰਗਲ ਨੇ ਚਿੱਟਾ ਝੰਡਾ ਕੱਢ ਦਿੱਤਾ ਤੇ ਨਾਲ ਸੰਦੇਸਾ ਭੇਜ ਦਿੱਤਾ ਕਿ ਮਹਾਰਾਣੀ ਸਾਹਿਬਾ ਮੈਂ ਤਾਂ ਗੁਰੂ ਗੋਬਿੰਦ ਸਿੰਘ ਦਾ ਇੱਕ ਕਵੀ ਜਾ ਰਿਹਾ ਹਾਂ ਤੇ ਕਦਰਦਾਨੀ ਐਨੀ ਹੋਈ ਹੈ ਕਿ ਮਹਾਂਭਾਰਤ ਦੇ ੧੮ ਪੁਰਬ ਲਿਖਣ ਨਾਲ ਮੈਨੂੰ ਐਨਾ ਧਨ ਦੇ ਦਿੱਤਾ ਕਿ ਮੇਰੀਆਂ ਪੁਸ਼ਤਾਂ ਤੋਂ ਨਹੀਂ ਮੁੱਕਣਾ। ਐਨੇ ਦਿਆਲੂ ਸੀਗੇ। ਇਸ ਤਰ੍ਹਾਂ ਕਰਦੇ-ਕਰਦੇ ਸਭ ਤੋਂ ਵੱਡਾ ਜਿਹੜਾ ਯੁੱਧ ਸੀਗਾ, ਉਹ ਅਨੰਦਪੁਰ ਸਾਹਿਬ ਦਾ ਘੇਰਾ ਪੈ ਗਿਆ। ਗੁਰੂ ਮਹਾਰਾਜ ਜੀ ਨੇ ਇਸ ਸਮੇਂ ਦੇ ਅੰਦਰ ਬੇਅੰਤ ਲਿਟਰੇਚਰ ਪੈਦਾ ਕਰਿਆ ਜੋ ਸਰਸੇ ਦੇ ਕੰਢੇ ਦੀ ਲੜਾਈ ਵਿੱਚ ਰੁੜ ਗਿਆ ਸਾਰਾ ਹੀ। ਗੁਰੂ ਮਹਾਰਾਜ ਨੇ ਸਮਾਨਤਾ ਦਿੱਤੀ। ਅੰਮ੍ਰਿਤ ਆਦਮੀ ਦੇ ਅੰਦਰ ਹੈ ਇਹ ਗੱਲ ਸਮਝੋ ਤੁਸੀਂ।

***ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ***
***ਮਨਮੁਖਾ ਸਾਦੁ ਨ ਪਾਇਆ ॥***
***ਜਿਉ ਕਸਤੂਰੀ ਮਿਰਗੁ ਨ ਜਾਣੈ***
***ਭ੍ਰਮਦਾ ਭਰਮਿ ਭੁਲਾਇਆ ॥***
***ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ***
***ਕਰਤੈ ਆਪਿ ਖੁਆਇਆ ॥ ਅੰਗ - ੬੪੪***
***ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ***
***ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥***
***ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ***
***ਕੋਇ ਨ ਸੁਣੈ ਪੂਕਾਰਾ ॥ ਅੰਗ - ੬੦੦***

ਅੰਮ੍ਰਿਤ ਹੈ ਕੀ? ਅੰਮ੍ਰਿਤ ਨਾਮ ਨੂੰ ਕਹਿੰਦੇ ਨੇ -

***ਧਾਰਨਾ - ਸੁਣ ਮੇਰੇ ਮਨਾਂ***
***ਅੰਮ੍ਰਿਤ ਹਰਿ ਹਰਿ ਨਾਮ ਹੈ।***

ਇਹ ਮਿਲਦਾ ਕਿੱਥੋਂ ਹੈ? ਗੁਰੂ ਦੀ ਮਤ ਧਾਰਨ ਕਰਨ ਦੇ ਨਾਲ। ਇਹ ਕੰਮ ਕੀ ਕਰਦਾ ਹੈ -

***ਅੰਮ੍ਰਿਤੁ ਹਰਿ ਹਰਿ ਨਾਮੁ ਹੈ***
***ਮੇਰੀ ਜਿੰਦੁੜੀਏ ਅੰਮ੍ਰਿਤੁ ਗੁਰਮਤਿ ਪਾਏ ਰਾਮ ॥***
***ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ***
***ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥***
***ਅੰਗ - ੫੩੮***

ਜੇ ਅੰਮ੍ਰਿਤ ਮਿਲ ਜਾਵੇ ਤਾਂ ਹਉਮੈ ਤੇ ਮਾਇਆ ਦੀ ਜਹਿਰ ਲਹਿ ਜਾਇਆ ਕਰਦੀ ਹੈ। ਇਹਦਾ ਤਰੀਕਾ ਗੁਰੂ ਮਹਾਰਾਜ ਨੇ ਪੰਜਾਂ ਪਿਆਰਿਆਂ ਦੇ ਰਾਹੀ ਬਾਣੀ ਪੜ੍ਹ ਕੇ ਪਾਹੁਲ ਤਿਆਰ ਕੀਤੀ ਜਿਸਨੂੰ ਅਸੀਂ ਅੱਜਕਲ੍ਹ ਅੰਮ੍ਰਿਤ ਆਖਦੇ ਹਾਂ, ਉਹ ਸ਼ਕਤੀ ਵਾਲਾ ਜਲ ਬਾਹਰੋਂ ਪ੍ਰਵੇਸ਼ ਕੀਤਾ ਤੇ ਅੰਦਰਲੇ ਅੰਮ੍ਰਿਤ ਨਾਲ ਮਿਲਾ ਦਿੱਤਾ ਜਿਵੇਂ ਟਿਊਬਵੈਲ ਲਾਉਂਦੇ ਹਾਂ, ਪਾਣੀ ਧਰਤੀ 'ਚ ਹੁੰਦਾ ਹੈ ਬਾਹਰੋਂ ਪਾਣੀ ਪਾ ਕੇ reflax wall ਤੱਕ ਜਦੋਂ ਉਹਦਾ ਪਾਣੀ ਪਹੁੰਚ ਜਾਂਦਾ ਹੈ ਪਾਣੀ, ਫੇਰ ਚਲਦਾ ਹੈ। ਇਹ ਇੱਕ ਕ੍ਰਿਆ ਸੀ, ਈਸਾਈਆਂ ਦੇ ਅੰਦਰ ਵੀ ਇਹ ਕਿਰਿਆ ਹੈ, ਪਹਿਲਾਂ ਵੀ ਮਹਾਂਪੁਰਸ਼ ਅੰਗੂਠਾ ਛੁਹਾ ਕੇ ਜਲ ਪਿਲਾਇਆ ਕਰਦੇ ਸੀ ਉਹਨੂੰ ਚਰਨਾਮ੍ਰਿਤ ਕਹਿੰਦੇ ਸੀ ਤੇ ਗੁਰੂ ਮਹਾਰਾਜ ਜੀ ਨੇ ਇਹ ਕ੍ਰਿਆ ਸੰਸਾਰ ਦੇ ਅੰਦਰ ਲਿਆਂਦੀ। ਆਪ ਨੇ ਆਪ ਵੀ ਅੰਮ੍ਰਿਤ ਛਕਿਆ ਤੇ ਪੰਜ ਪਿਆਰਿਆਂ ਨੂੰ ਵੀ ਛਕਾਇਆ, ਹੋਰਾਂ ਨੂੰ ਵੀ ਛਕਾਇਆ। ਇਹ ਗੁਰੂ ਧਾਰਨ ਦੀ ਰੀਤੀ ਉਸ ਵੇਲੇ ਤੋਂ ਚਲ ਪਈ।

ਚਮਕੌਰ ਸਹਿਬ ਦੇ ਯੁੱਧ ਤੋਂ ਬਾਅਦ ਗੁਰੂ ਮਹਾਰਾਜ ਕਹਿਣ ਲੱਗੇ ਕਿ ਮੈਂ ਤਾਂ ਆਵਾਜ਼ ਦੇ ਕੇ ਇੱਥੋਂ ਜਾਵਾਂਗਾ ਕਿ

ਬਾਹਰ ਨਿਕਲੇ, ਉੱਚੇ ਥਾਉਂ ਖੜ੍ਹੇ ਹੋ ਕੇ ਅਵਾਜ਼ ਦਿੱਤੀ। 'ਪੀਰ ਏ ਹਿੰਦ ਮੇਂ ਰਵੀ'। ਹਿੰਦ ਦਾ ਪੀਰ ਜਾ ਰਿਹਾ ਹੈ, ਜੇ ਕਿਸੇ ਨੇ ਫੜਨਾ ਹੈ ਫੜ ਲਓ। ਤਿੰਨ ਵਾਰੀ ਆਵਾਜ਼ ਦਿੱਤੀ, ਨਾਲ ਤਾੜੀ ਮਾਰੀ। ਉਥੋਂ ਨਿਕਲ ਕੇ ਮਹਾਰਾਜ ਜੀ ਦਾ ਜੋੜਾ ਵੀ ਰਹਿ ਗਿਆ। ਨੰਗੇ ਪੈਰੀਂ ਬੇਅੰਤ ਭੱਖੜੇ ਦਾ ਥਾਉਂ ਹੈ, ਜਾ ਕੇ ਦੇਖ ਲਓ, ਹੁਣ ਤਾਂ ਵਾਹ ਵਗੈਰਾ ਲਏ। ਜਿਨ੍ਹਾਂ ਨੇ ਪਹਿਲਾਂ ਦੇਖਿਆ ਹੈ ਹੈਰਾਨ ਹੋ ਜਾਈਦਾ ਹੈ ਕਿ ਇੱਥੋਂ ਨੰਗੇ ਪੈਰੀਂ? ਤੁਰਨਾ ਬੜਾ ਔਖਾ ਹੈ। ਉਸ ਵੇਲੇ ਉਥੇ ਦਲਦਲ ਸੀ, ਦਲਦਲ ਦੇ ਵਿਚੀਂ ਆਪ ਲੰਘ ਰਹੇ, ਜੰਡ ਸਾਹਿਬ ਪਹੁੰਚੇ, ਉਥੋਂ ਮਾਛੀਵਾੜੇ ਪਹੁੰਚ ਜਾਂਦੇ ਨੇ। ਮਾਛੀਵਾੜੇ ਆਪ ਬਾਹਰ ਪਏ ਨੇ, ਸਿੰਘ ਵਿਛੜ ਚੁੱਕੇ ਨੇ। ਆਪ ਨੇ ਖੂਹ ਕੋਲ ਹੈ ਉਥੋਂ ਟਿੰਡ ਖੋਲ੍ਹੀ, ਕੁਰਲਾ ਕਰਿਆ, ਛਿੱਟੇ ਮਾਰੇ ਚਿਹਰੇ ਦੇ ਉੱਤੇ। ੯੬ ਘੰਟੇ ਹੋ ਚੁੱਕੇ ਸੀ ਆਪ ਨੂੰ ਲਗਾਤਾਰ ਯੁੱਧ ਕਰਦਿਆਂ ਨੂੰ। ਧਰਤੀ ਗਿੱਲੀ ਪਈ ਸੀ, ਮੀਂਹ ਪੈ ਕੇ ਹਟਿਆ ਸੀ। ਉਥੇ ਹੀ ਮਹਾਰਾਜ ਬਿਰਾਜ ਗਏ ਤੇ ਉਪਰ ਲੈਣ ਨੂੰ ਕੁਛ ਵੀ ਨਹੀਂ ਸੀ। ਉਪਰ ਠੰਡੀ ਹਵਾ ਚਲ ਰਹੀ ਸੀ।

ਜੇ ਸਾਡਾ ਨਿਸ਼ਚਾ ਹੈ ਕਿ ਗੁਰੂ ਸਾਹਿਬ ਤਾਂ ਆਪ ਹੀ ਪ੍ਰਮੇਸ਼ਰ ਸੀਗੇ, ਸਵਾਲ ਹੀ ਪੈਦਾ ਨਹੀਂ ਹੁੰਦਾ ਡੋਲਣ ਦਾ। ਜਿਹੜੇ ਨਿਸ਼ਚੇ ਵਾਲੇ ਨਹੀਂ ਹੁੰਦੇ ਉਹ ਇਹੋ ਜਿਹੀਆਂ ਗੱਲਾਂ ਕਰ ਦਿੰਦੇ ਨੇ। ਕਿਉਂਕਿ ਪਹਿਲੇ ਜਿੰਨੇ ਮਹਾਂਪੁਰਸ਼ ਹੋਏ ਨੇ ਜਦ ਕੋਈ ਐਸੀ ਹਾਲਤ ਆਈ ਹੈ ਉਨ੍ਹਾਂ ਦੇ ਨੇਤਰਾਂ 'ਚੋਂ ਹੰਝੂ ਗਿਰੇ ਨੇ, ਲੇਕਿਨ ਗੁਰੂ ਮਹਾਰਾਜ ਉਸ ਵੇਲੇ ਇਸ ਤਰ੍ਹਾਂ ਦਾ ਸੰਦੇਸ਼ ਦੇ ਰਹੇ ਨੇ।

***ਧਾਰਨਾ – ਹਾਲੁ ਮੁਰੀਦਾਂ ਦਾ ਕਹਿਣਾ,***
***ਮਿਤ੍ਰ ਪਿਆਰੇ ਨੂੰ ਕਹਿਣਾ।***
***ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ॥***
***ਤੁਧੁ ਬਿਨੁ ਰੋਗ ਰਜਾਈਆ ਦਾ ਓਢਣ,***
***ਨਾਗ ਨਿਵਾਸਾਂ ਦੇ ਰਹਣਾ॥***
***ਸੂਲ ਸੁਰਾਹੀ ਖੰਜਰ ਪਿਆਲਾ,***
***ਬਿੰਗ ਕਸਾਈਆਂ ਦਾ ਸਹਣਾ॥***
***ਯਾਰੜੇ ਦਾ ਸਾਨੂੰ ਸਥਰ ਚੰਗਾ,***
***ਭਠ ਖੇੜਿਆਂ ਦਾ ਰਹਣਾ॥ ਖਿਆਲ ਪਾਤਸ਼ਾਹੀ ੧੦***

ਕੋਈ ਬੰਦਾ ਕੋਲ ਨਹੀਂ ਹੈ, ਧਰਤੀ ਗਿੱਲੀ ਹੈ, ਉਤੇ ਕੱਪੜਾ ਕੋਈ ਨਹੀਂ ਹੈ ਲੈਣ ਨੂੰ, ੯੬ ਘੰਟੇ ਯੁੱਧ ਕਰਦਿਆਂ ਨੂੰ ਹੋ ਗਏ। ਨਾ ਕੁਛ ਛਕਿਆ ਹੈ ਨਾ ਕੁਛ ਛਕਾਇਆ ਹੈ। ਅਕਾਲ ਪੁਰਖ ਨੂੰ ਸੰਦੇਸ਼ਾ ਦੇ ਰਹੇ ਨੇ ਕਿ ਹੇ ਪ੍ਰਭੂ! ਆਹ ਜਿਹੜਾ ਮੈਂ ਧਰਤੀ 'ਤੇ ਪਿਆ ਹਾਂ ਨਾ, ਇਹ ਮੈਨੂੰ ਬੜਾ ਹੀ ਚੰਗਾ ਲਗਦਾ ਹੈ ਉਨ੍ਹਾਂ ਮਹਿਲਾਂ ਨਾਲੋਂ, ਜਿਥੋਂ ਮੈਂ ਤੇਰੇ ਤੋਂ ਬੇਮੁੱਖ ਹੋ ਕੇ ਤੇਰੀ ਰਜ਼ਾ ਦੇ ਵਿਚੋਂ ਟੁੱਟ ਕੇ ਪੈਦਾ। ਮੈਨੂੰ ਚੰਗਾ ਲਗਦਾ ਹੈ। ਇਕੱਲੇ ਪਏ ਨੇ, ਸਿੰਘ ਤਿੰਨ ਜਿਹੜੇ ਨਾਲ ਸੀਗੇ ਉਹ ਵਿਛੜੇ ਹੋਏ ਨੇ, ਤਾਰੇ ਦੀ ਸੇਧ ਦਿੱਤੀ ਹੋਈ ਹੈ, ਹੌਲੀ-ਹੌਲੀ ਉਨ੍ਹਾਂ ਨੇ ਦੂਰੋਂ ਦੇਖਿਆ ਕਿ ਕੋਈ ਚੀਜ਼ ਚਮਕ ਰਹੀ ਹੈ। ਦੇਖਿਆ ਤਾਂ ਗੁਰੂ ਮਹਾਰਾਜ ਦੀ ਤੀਰ ਚਲਾਉਣ ਵਾਲੀ ਜੋ ਅੰਗੂਠੀ ਸੀ ਉਹਦੇ ਵਿਚੋਂ ਹੀਰਾ ਚਮਕ ਰਿਹਾ ਸੀ। ਉਥੇ ਪਹੁੰਚ ਜਾਂਦੇ ਨੇ। ਹਾਲ ਦੇਖਿਆ, ਕਿਵੇਂ ਛਾਲੇ ਪਏ ਹੋਏ ਨੇ ਚਰਨਾਂ 'ਤੇ। ਕਿਸ ਤਰ੍ਹਾਂ ਸਤਿਗੁਰੂ ਧਰਤੀ 'ਤੇ ਪਏ ਹੋਏ ਨੇ। ਹੱਥ ਦੇ ਵਿੱਚ ਸ੍ਰੀ ਸਾਹਿਬ ਦਾ ਮੁੱਠਾ ਹੈ ਤੇ ਸਾਰਾ ਹਾਲ ਦੇਖ ਕੇ ਕਿਵੇਂ ਉਨ੍ਹਾਂ ਨੇ ਸਹਿਨ ਕਰਿਆ, ਵਾਹਿਗੁਰੂ ਜਾਣਦਾ ਹੈ। ਅਖੀਰ ਮਹਾਰਾਜ ਜੀ ਦੇ ਚਰਨਾਂ 'ਤੇ ਸਿੰਘਾਂ ਨੇ ਹੌਲੀ-ਹੌਲੀ ਮਸਤਕ ਨਿਵਾਇਆ। ਕਹਿਣ ਲੱਗੇ, ਮਹਾਰਾਜ! ਦਿਨ ਚੜ੍ਹ ਚੁੱਕਿਆ ਹੈ, ਫੌਜ ਪਿੱਛੇ ਲੱਗੀ ਹੋਈ ਹੈ। ਕਿਤੇ ਆਪਾਂ ਨੂੰ ਇਹੋ ਜਿਹਾ ਦਿਨ ਭਾਲਣਾ ਚਾਹੀਦਾ ਹੈ, ਜਿੱਥੇ ਦਿਨ ਲੰਘ ਜਾਵੇ, ਨੇੜੇ ਬਾਗ ਸੀ ਆਪ ਬਾਗ ਵਿੱਚ ਬੈਠ ਗਏ। ਹੌਲੀ-ਹੌਲੀ ਖਬਰ ਹੋ ਗਈ ਤਾਂ ਉਥੇ ਗੁਲਾਬਾ ਮਸੰਦ ਸੀ, ਉਸਦੇ ਘਰ ਆਪ ਚਲੇ ਜਾਂਦੇ ਨੇ, ਉਥੇ ਆਪ ਇੱਕ ਦਿਨ ਰਹੇ, ਦੂਜੇ ਦਿਨ ਫੌਜ ਨੇ ਘੇਰਾ ਪਾ ਲਿਆ। ਤਲਾਸ਼ੀ ਅਗਲੇ ਦਿਨ ਲੈਣੀ ਸੀ। ਰਾਤ ਨੂੰ ਖਬਰ ਆ ਗਈ ਕਿ ਤਲਾਸ਼ੀ ਸਵੇਰੇ ਹੋਣੀ ਹੈ। ਗੁਲਾਬਾ ਡਰ ਗਿਆ ਉਹਨੇ ਸਿਰੋਪਾ ਰੱਖ ਦਿੱਤਾ। ਮਹਾਰਾਜ ਜੀ ਕਹਿੰਦੇ, ਕਿਉਂ ਡਰਦਾ ਹੈਂ? ਡਰੀਦਾ ਨਹੀਂ ਹੁੰਦਾ। ਜਾਹ, ਮਾਤਾ ਨੂੰ ਲਿਆ, ਉਹਦੇ ਕੋਲ ਸਾਡੀ ਅਮਾਨਤ ਪਈ ਹੈ।

ਗੁਰੂ ਮਹਾਰਾਜ ਜੀ ਇੱਕ ਵਾਰੀ ਮਾਛੀਵਾੜੇ 'ਚੋਂ ਲੰਘ ਰਹੇ ਸੀ, ਮਾਤਾ ਸੀ ਇੱਕ ਬਿਰਧ। ਉਹਨੇ ਮਹਾਰਾਜ ਜੀ ਨੂੰ ਇੱਕ ਚੋਲਾ ਭੇਟਾ ਕਰਿਆ। ਮਹਾਰਾਜ ਜੀ ਕਹਿੰਦੇ ਮਾਤਾ ਤੂੰ ਇਹ ਰੱਖ ਛੱਡ, ਅਸੀਂ ਆਵਾਂਗੇ ਓਸ ਵੇਲੇ ਤੇਰੇ ਤੋਂ ਲਵਾਂਗੇ। ਚੋਲਾ ਨੀਲਾ ਰੰਗਾ ਲਿਆ ਤੇ ਆਪ ਗਨੀ ਖਾਂ ਤੇ ਨਬੀ ਖਾਂ ਦੋ ਭਰਾ ਪਠਾਣ, ਉਹ ਕਹਿਣ ਲੱਗੇ, ਪਾਤਸ਼ਾਹ! ਇਸ ਥਾਂ ਦੇ ਉੱਤੇ ਫੌਜ ਨੂੰ ਸ਼ੱਕ ਰਹਿਣਾ ਹੈ, ਹਿੰਦੂਆਂ ਦੇ ਸਾਰੇ ਘਰਾਂ ਵਿੱਚ ਤਲਾਸ਼ੀ ਹੋਣੀ ਹੈ ਤੇ ਸਾਡੇ ਘਰ ਤੁਸੀਂ ਚਲੇ ਚਲੋ। ਉਥੇ ਅਸੀਂ ਤੁਹਾਡੀ ਸੇਵਾ ਕਰਾਂਗੇ। ਆਪ ਸਮਰੱਥ ਹੋਂ, ਕਰਨ ਕਾਰਨ ਸਭ ਕੁਛ ਕਰ ਸਕਦੇ ਓਂ। ਪਰ ਸਾਡੀ ਸੇਵਾ ਕਬੂਲ ਕਰੋ। ਮਹਾਰਾਜ ਜੀ ਨੂੰ ਆਪਣੇ ਘਰ ਲੈ ਗਏ। ਉਹ ਚੋਲਾ ਪਹਿਨਾਅ ਦਿੱਤਾ ਗਿਆ। ਅਖੀਰ ਸਕੀਮ ਹੋਈ ਕਿ ਸੂਰਜ ਛਿਪਣ ਤੋਂ ਥੋੜ੍ਹੀ ਦੇਰ ਪਹਿਲਾਂ ਚਾਰਪਾਈ 'ਤੇ ਬਿਰਾਜਮਾਨ ਕਰਾ ਕੇ ਫੇਰ ਇੱਥੋਂ ਨਿਕਲਾਂਗੇ ਫੌਜਾਂ 'ਚੋਂ। ਓਧਰ ਫੌਜਾਂ ਨੂੰ ਹਦਾਇਤ ਸੀ ਕਿ ਕੋਈ ਪੀਰ-ਪੈਗੰਬਰ, ਕੋਈ ਸਾਧੂ ਮਹਾਤਮਾ ਕਿਸੇ ਤਰ੍ਹਾਂ ਨਿਕਲ ਨਾ ਜਾਵੇ ਤੇ ਖਬਰ ਵੀ ਇਹ ਸੀ ਕਿ ਉਹ ਮਾਛੀਵਾੜੇ ਵਿੱਚ ਨੇ। ਆਪ ਜਦ ਨਿਕਲਦੇ ਨੇ ਤਾਂ ਗਨੀ ਖਾਂ, ਨਬੀ ਖਾਂ ਨੇ ਮੂਹਰਲੇ ਪਾਵੇ ਚੁੱਕ ਲਏ, ਭਾਈ ਦਇਆ ਸਿੰਘ ਜੀ ਚੌਰ ਕਰ ਰਹੇ ਨੇ ਤੇ ਦੋ ਸਿੰਘ ਮਾਨ ਸਿੰਘ ਜੀ ਤੇ ਧਰਮ ਸਿੰਘ ਜੀ ਨੇ ਪਿਛਲੀਆਂ ਬਾਂਹੀਆਂ ਫੜੀਆਂ ਹੋਈਆਂ ਨੇ। ਜਾਂਦੇ ਹੋਏ ਸਲਾਹ ਇਹ ਹੋਈ ਕਿ ਫੌਜ ਵਿਚੋਂ ਨਹੀਂ ਨਿਕਲਣਾ, ਆਫੀਸਰ ਦੇ ਸਾਮ੍ਹਣੇ ਤੋਂ ਨਿਕਲਣਾ ਹੈ। ਉਸ ਵੇਲੇ ਉਹਨੇ ਦੇਖਿਆ ਕਿ ਇਹ ਕੌਣ ਆ ਰਿਹਾ ਹੈ ਚਾਰਪਾਈ 'ਤੇ। ਅੰਦਾਜ਼ਾ ਲਾਇਆ ਕਿ ਕੋਈ ਪੀਰ ਲਗਦੇ ਨੇ, ਅਖੀਰ ਉਹ ਆ ਗਏ, ਉਨ੍ਹਾਂ ਨੇ ਪੁੱਛਿਆ ਕਿ ਕੌਣ ਨੇ ਇਹ? ਗਨੀ ਖਾਂ, ਨਬੀ ਖਾਂ ਨੇ ਕਿਹਾ ਕਿ ਖਾਨ ਸਾਹਿਬ ਇਹ ਸਾਡੇ ਪੀਰ ਨੇ, ਉੱਚ ਦੇ ਪੀਰਾਂ ਦੇ ਪੀਰ ਨੇ। ਆਪਣੀ ਮੌਜ ਦੇ ਨਾਲ ਮੱਕੇ ਤੋਂ ਆਏ ਨੇ ਤੇ ਆਪਣੀ ਸਿੱਖੀ ਸੇਵਕੀ 'ਚ ਤੁਰੇ ਫਿਰਦੇ

ਨੇ, ਪੀਰੀ ਮੁਰੀਦੀ 'ਚ, ਕਹਿਣ ਲੱਗਿਆ ਫੇਰ ਤਾਂ ਸਾਨੂੰ ਬੜੀ ਖੁਸ਼ੀ ਹੈ ਤੇ ਅਸੀਂ ਵੀ ਰਾਤ ਨੂੰ ਇਨ੍ਹਾਂ ਦੀ ਸੋਹਬਤ ਦਾ ਲਾਹਾ ਲਵਾਂਗੇ। ਖਾਣਾ ਖਲਾਵਾਂਗੇ, ਉਹਨੂੰ ਸੀ ਕਿ ਮੈਂ ਰਾਤ ਨੂੰ ਚੈਕ ਕਰਾਂਗੇ ਕਿ ਕੋਈ ਐਸੀ ਹਰਕਤ ਹੈ? ਉਂਝ ਡਰਦਾ ਸੀ ਕਿ ਪੀਰ ਜੀ ਨੂੰ ਜੇ ਸਿੱਧਾ ਛੇੜਿਆ, ਤਾਂ ਹੋ ਸਕਦਾ ਹੈ ਕਿ ਇਹ ਬਦ-ਦੁਆ ਦੇ ਦੇਵੇ।

ਗੁਰੂ ਮਹਾਰਾਜ ਜੀ ਨੂੰ ਇੱਕ ਟੈਂਟ ਦੇ ਵਿੱਚ ਉਤਾਰਿਆ ਗਿਆ, ਬਾਕੀ ਚਾਰੇ ਜਣੇ ਪਰ੍ਹੇ ਕਰਕੇ ਉਤਾਰੇ ਗਏ। ਮਹਾਰਾਜ ਕਹਿੰਦੇ ਸੰਕੋਚ ਨਾ ਕਰਿਓ। ਕਹਿੰਦੇ, ਮਹਾਰਾਜ! ਇਨ੍ਹਾਂ ਨਾਲ ਖਾਣਾ ਅਸੀਂ ਕਿਵੇਂ ਖਾਵਾਂਗੇ? ਮਹਾਰਾਜ ਕਹਿੰਦੇ, ਕੁਛ ਦੇਈ ਜਾਣ, ਖਾਣਾ ਤੁਹਾਡਾ ਹੀ ਰਹੇਗਾ, ਜਿਹੜਾ ਕੁਛ ਚਿਤਵੋਂਗੇ ਓਹੀ ਹੋਏਗਾ ਹੋਰ ਨਹੀਂ ਹੁੰਦਾ। ਇਧਰ ਇਨ੍ਹਾਂ ਨੂੰ ਕਿਹਾ ਕਿ ਪੀਰ ਜੀ ਤਾਂ ਰੋਜ਼ੇ 'ਤੇ ਨੇ। ਇਹ ਤਾਂ ਕੁਛ ਛਕਦੇ ਨਹੀਂ ਹਨ, ਹਾਂ ਬਾਕੀ ਅਸੀਂ ਛਕ ਲਵਾਂਗੇ। ਉਸ ਵੇਲੇ ਜਦੋਂ ਉਨ੍ਹਾਂ ਨੇ ਪੰਜਾਂ ਨੂੰ ਖਾਣਾ ਦਿੱਤਾ, ਬੜਾ ਹੋਰ ਤਰ੍ਹਾਂ ਦਾ ਖਾਣਾ ਦਿੱਤਾ। ਭਾਈ ਮਾਨ ਸਿੰਘ ਜੀ ਨੂੰ ਮਹਾਰਾਜ ਜੀ ਨੂੰ ਕਿਹਾ ਕਿ ਤੁਸੀਂ ਕਰਦ ਭੇਟ ਕਰ ਲਓ। ਮੂਲਮੰਤਰ ਦਾ ਪਾਠ ਕਰਕੇ, ਕਰਦ ਭੇਟ ਕਰਕੇ, 'ਤ੍ਵਪ੍ਰਸਾਦਿ ਭਰਮ ਕਾ ਨਾਸ' ਕਹਿ ਕੇ ਨਿਸੰਗ ਹੋ ਕੇ ਖਾ ਲੈਣਾ ਤੁਸੀਂ। ਤੁਹਾਨੂੰ ਤੁਹਾਡਾ ਖਾਣ ਮਿਲੇਗਾ, ਹੋਰ ਕੋਈ ਚੀਜ਼ ਨਹੀਂ ਮਿਲੇਗੀ, ਖੀਰ ਮਿਲੇਗੀ।

ਇੱਥੇ ਬੜੇ ਪ੍ਰੇਮੀ ਹੈਰਾਨ ਹੋ ਜਾਂਦੇ ਨੇ ਪੜ੍ਹੇ ਲਿਖੇ ਬੰਦੇ, ਖਾਸ ਕਰ ਪ੍ਰੋਫੈਸਰ ਲੋਕ ਕਿ ਇਹ ਗੱਲ ਐਵੇਂ ਬਣਾਈ ਹੋਈ ਹੈ ਇਨ੍ਹਾਂ ਨੇ। ਪਰ ਸਾਧਸੰਗਤ ਜੀ! ਤੁਹਾਨੂੰ ਮੈਂ ਗੱਲ ਦਸਦਾ ਹਾਂ ਉਹਦੇ ਵਲ ਧਿਆਨ ਦਿਓ। ਜਿਹੜੇ ਹੁਣੇ-ਹੁਣੇ ਹੋਏ ਨੇ ਤੁਹਾਡੇ ਹੁੰਦਿਆਂ ਡਾਕਟਰ ਸਵਾਮੀ ਰਾਮ ਜੀ ਪੈਨਸਨਵਾਲੀਆ ਵਾਲੇ ਉਥੇ ਉਨ੍ਹਾਂ ਦਾ ਆਸ਼ਰਮ ਹੈ, ਉਨ੍ਹਾਂ ਨੇ ਇੱਕ ਕਿਤਾਬ ਲਿਖੀ ਹੈ 'ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ' ਉਹਦੇ ਵਿੱਚ ਉਹ ਲਿਖਦੇ ਨੇ ਕਿ ਇੱਕ ਸਾਧੂ ਦਾ ਮੈਨੂੰ ਪਤਾ ਲੱਗਿਆ। ਮੈਂ ਉਹਦੇ ਦਰਸ਼ਨ ਕਰਨ ਵਾਸਤੇ ਸ੍ਰੀ ਨਗਰ ਜਿਹੜਾ ਟੀ ਡੀ ਗੜਵਾਲ 'ਚ ਹੈ, ਉਥੇ ਪਤਾ ਕਰਿਆ ਉਹ ਕਹਿੰਦੇ ਜੀ ਉਹ ਤਾਂ ਪਹਾੜ ਦੀ ਗੁਫਾ 'ਚ ਰਹਿੰਦੇ ਨੇ। ਕੱਪੜਾ ਕੋਈ ਪਹਿਨਦੇ ਨਹੀਂ, ਇੱਕ ਬੋਰੀ ਦਾ ਟਾਟ ਆਲੇ ਦੁਆਲੇ ਲਪੇਟਦੇ ਨੇ, ਹੱਥ ਵਿੱਚ ਬੜੀ ਮਜ਼ਬੂਤ ਡਾਂਗ ਰਖਦੇ ਨੇ, ਛੇ ਫੁੱਟ ਤੋਂ ਉੱਚੇ ਨੇ ਤੇ ਜੇ ਕੋਈ ਨੇੜੇ ਜਾਵੇ ਸੋਟਾ ਮਾਰਦੇ ਨੇ ਤੇ ਉਹਦਾ ਸੋਟਾ ਸਹਿਣਾ ਔਖਾ ਹੈ। ਅਸੀਂ ਤੁਹਾਨੂੰ ਸਲਾਹ ਦਿੰਦੇ ਹਾਂ ਕਿ ਉਥੇ ਨਾ ਜਾਓ, ਸਵਾਮੀ ਜੀ ਕਹਿੰਦੇ ਮੈਂ ਇੱਕ ਪੰਡਤ ਨੂੰ ਕਿਹਾ ਕਿ ਤੂੰ ਮੈਨੂੰ ਉਥੇ ਰਸਤਾ ਤਾਂ ਦਿਖਾ ਦੇ। ਕਹਿੰਦਾ, ਸਵਾਮੀ ਜੀ! ਰਾਹ ਤਾਂ ਮੈਂ ਦਿਖਾ ਦੇਵਾਂਗਾ, ਪਰ ਉਹਦੀ ਮਾਰ ਨਹੀਂ ਮੈਂ ਸਹਿ ਸਕਣਾ। ਉਹ ਮੇਰੇ ਨਾਲ ਹੋ ਗਿਆ, ਰਸਤੇ 'ਚ ਉਹਦੀਆਂ ਬਦਗੋਈਆ ਕਰੀ ਗਿਆ, ਬੜਾ ਮਾੜਾ ਹੈ ਇਹ ਮਾਸ ਖਾ ਲੈਂਦਾ ਹੈ, ਇਹ ਸ਼ਰਾਬ ਪੀ ਲੈਂਦਾ ਹੈ। ਬੜਾ ਗਲਤ ਸੰਤ ਹੈ। ਕਹਿੰਦੇ, ਅਸੀਂ ਗੱਲਾਂ ਕਰਦੇ-ਕਰਦੇ ਉਥੇ ਪਹੁੰਚ ਗਏ। ਉਥੇ ਜਾ ਕੇ ਉਸ ਬ੍ਰਾਹਮਣ ਨੇ ਮੱਥਾ ਟੇਕਿਆ, ਉਹ ਕਹਿੰਦੇ ਸੁਣ ਓਏ, ਰਾਹ ਵਿੱਚ ਮੇਰੀਆਂ ਬਦਗੋਈਆਂ ਕਰਦਾ ਆਇਆਂ ਹੈ, ਹੁਣ ਮੱਥੇ ਟੇਕਦਾ ਹੈਂ। ਬਹੁਤ ਦਬਕਾ ਮਾਰਿਆ, ਉਹ ਡਰ ਕੇ ਕੰਬਣ ਲਗ ਗਿਆ। ਕਹਿੰਦਾ ਜਾਹ ਗੰਗਾ ਦੇ ਵਿਚੋਂ ਜਲ ਲੈ ਕੇ ਆ। ਜਲ ਲੈ ਆਇਆ, ਕੋਈ ਬਰਤਨ ਭਰ ਕੇ। ਕਹਿੰਦਾ, ਹੁਣ ਤੁਸੀਂ ਭੁੱਖੇ ਓਂ, ਤੁਹਾਨੂੰ ਖਲਾਉਣਾ ਵੀ ਹੈ ਕੁਛ। ਉਹ ਬ੍ਰਾਹਮਣ ਨੂੰ ਕਹਿਣ ਲੱਗਿਆ, ਦੋ ਤਿੰਨ ਮੀਲ ਉਤੇ ਇੱਕ ਮੁਰਦਾ ਰੁੜ੍ਹਿਆ ਆ ਰਿਹਾ ਹੈ। ਉਹਦੇ ਪਿਛਲੇ ਪਾਸੇ ਦੋ ਕਿਲੋ ਮਾਸ ਕੱਟ ਲਿਆ। ਉਹ ਕਹਿੰਦਾ, ਹਜ਼ੂਰ! ਮੈਂ ਤਾਂ ਅੱਜ ਤੱਕ ਚਿੜੀ ਵੀ ਨਹੀਂ ਮਾਰੀ, ਮੈਂ ਉਹਦਾ ਮਾਸ ਕਿਵੇਂ ਕੱਟ ਲਿਆਵਾਂ? ਕਹਿੰਦੇ, ਫੇਰ ਆਪਾਂ ਤੇਰਾ ਕੱਟ ਲੈਂਦੇ ਹਾਂ। ਛੁਰਾ ਦੇ ਦਿੱਤਾ। ਉਹ ਡਰਦਾ ਮਾਰਿਆ ਹੇਠਾਂ ਚਲਿਆ ਗਿਆ, ਐਨੇ ਨੂੰ ਮੁਰਦਾ ਆ ਗਿਆ ਰੁੜ੍ਹਦਾ-ਰੁੜ੍ਹਦਾ। ਉਹ ਕੰਢੇ ਲੱਗਿਆ ਤਾਂ ਇਹਨੇ ਮਾਸ ਕੱਟ ਲਿਆ, ਆਪਣੀਆਂ ਦੋ ਉਂਗਲਾਂ ਕੱਟ ਦਿੱਤੀਆਂ, ਮਾੜੀਆਂ-ਮਾੜੀਆਂ ਲਟਕਦੀਆ ਨੇ ਖੂਨ ਚੱਲਣ ਲੱਗ ਗਿਆ। ਡਰਦਾ-ਡਰਦਾ ਲੈ ਕੇ ਆ ਗਿਆ। ਉਹ ਕਹਿੰਦਾ ਕਿ ਤੇਰੇ ਖੂਨ ਨਿਕਲ ਰਿਹਾ ਹੈ? ਕਹਿੰਦਾ, ਹਜ਼ੂਰ! ਉਂਗਲੀਆਂ ਕਟ ਗਈਆਂ ਮੇਰੀਆਂ, ਕਦੇ ਕੱਟਿਆ ਨਹੀਂ ਸੀ। ਕਹਿੰਦੇ ਉਰ੍ਹੇ ਆ। ਹੱਥ ਫੜਿਆ ਉਹਦਾ, ਉਂਗਲਾਂ ਸਾਬਤ ਹੋ ਗਈਆਂ। ਕਹਿੰਦਾ, ਟੁਕੜੇ ਕਰ ਇਹਦੇ, ਉਹ ਪਿਆ ਹੈ ਬਰਤਨ ਉਹਦੇ 'ਚ ਉਬਾਲ ਲੈ। ਕਹਿੰਦਾ, ਹਜ਼ੂਰ! ਅਸੀਂ ਤਾਂ ਸ਼ਾਕਾਹਾਰੀ ਹਾਂ? ਕਹਿੰਦਾ, ਮੈਨੂੰ ਪਤਾ ਹੈ ਤੂੰ ਸ਼ਾਕਾਹਾਰੀ ਹੈਂ।

ਕਟਾ ਕੇ ਉਸ ਤੋਂ ਬਰਤਨ 'ਚ ਪਾ ਦਿਤਾ, ਲੂਣ ਮਿਰਚ ਕਹਿੰਦਾ ਪਾ ਦੇ। ਉਹ ਰਿੱਝਣ ਲਗ ਗਿਆ ਤੇ ਕਾਫੀ ਸਮੇਂ ਤੋਂ ਬਾਅਦ ਉਹ ਕਹਿਣ ਲੱਗਿਆ, ਕਿ ਜਾਓ ਜਾ ਕੇ ਪੱਤੇ ਲਿਆਓ ਤੋੜ ਕੇ। ਪੱਤੇ ਤੋੜ ਕੇ ਸਵਾਮੀ ਜੀ ਕਹਿਣ ਲੱਗੇ, sir, I am vegitarian. ਕਹਿੰਦਾ, ਸਵਾਮੀ ਮੈਂ ਤੈਨੂੰ ਕਦ ਕਿਹਾ ਹੈ ਕਿ ਮੈਂ vegitarian ਨਹੀਂ। ਤੂੰ ਛੇ ਮੀਲ, ਸ੍ਰੀ ਨਗਰ ਤੋਂ ਪਿਛੋਂ ਇੱਕ ਫੁਰਨਾ ਕਰਿਆ ਸੀ, ਇੱਕ ਵਾਰੀ ਤੂੰ ਰਸਗੁੱਲੇ ਖਾਧੇ ਸੀ ਕਿ ਉਹ ਮੁੜ ਕੇ ਨਹੀਂ ਖਾਂਦੇ, ਉਹ ਦੇਣੇ ਨੇ ਤੈਨੂੰ। ਅਸੀਂ ਹੈਰਾਨ ਹੋ ਗਏ, ਜਿਸ ਵਕਤ ਉਹ ਪੱਤਿਆਂ 'ਤੇ ਪਾਉਣ ਲੱਗਿਆ, ਕਹਿੰਦਾ ਮੈਂ ਹੈਰਾਨ ਹੋ ਗਿਆ, ਨਾ ਕਿਤੇ ਮਾਸ, ਰਸਗੁੱਲੇ ਪਾ ਦਿੱਤੇ ਉਹਨੇ। ਪੰਡਤ ਮੇਰੇ ਵਲ ਦੇਖੇ ਤੇ ਮੈਂ ਉਹਦੇ ਵਲ ਦੇਖਾਂ। ਮੈਂ ਹੌਲੀ ਜਿਹੇ ਉਹਨੂੰ ਕਿਹਾ ਕਿ ਸ਼ਾਇਦ ਇਹਨੇ ਹਿਪਨੋਟਾਈਜ਼ ਕਰਿਆ ਹੈ ਸਾਨੂੰ। ਉਹ ਕਹਿੰਦਾ, ਨਾ ਇਹ ਨਾ ਸੋਚੋ, ਇਹ ਸੱਚਮੁੱਚ ਰਸਗੁੱਲੇ ਨੇ।

ਕਹਿੰਦੇ, ਜਦ ਅਸੀਂ ਖਾਧੇ ਬੜੇ ਹੀ ਸਵਾਦ। ਬ੍ਰਾਹਮਣ! ਕਹਿਣ ਲੱਗਿਆ ਕਿ ਮੈਂ ਘਰ ਜਾਣਾ ਹੈ ਉਹਨੂੰ ਬਹੁਤ ਸਾਰੇ ਨਾਲ ਦੇ ਦਿੱਤੇ, ਕਹਿੰਦਾ ਪਿੰਡ ਵਿੱਚ ਵੰਡ ਦੇਈਂ। ਮੈਂ ਰਾਤ ਨੂੰ ਕਿਹਾ ਕਿ ਸਵਾਮੀ ਜੀ! ਆਹ ਤਾਂ ਅਸਚਰਜ ਗੱਲ ਕਰ ਦਿੱਤੀ, ਜਿਹੜੀ ਕਦੇ ਸੁਣਦੇ ਹੁੰਦੇ, ਦੇਖੀ ਨਹੀਂ ਸੀ। ਇਹ ਕਿਵੇਂ ਕਰ ਦਿੱਤੀ। ਪੁਛਿਆ ਕਿ ਤੁਸੀਂ ਕੌਣ ਓਂ? ਕਹਿੰਦਾ, ਮੈਂ ਡਾਕਟਰ ਹਾਂ, ਪੀ.ਐਚ.ਡੀ ਕਰੀ ਸੀ ਸੰਸਕ੍ਰਿਤ ਦੀ ਤੇ ਮੈਂ ਅਥਰਵਣ ਵੇਦ

ਪੜ੍ਹਿਆ ਸੀ। ਅਥਰਵਣ ਵੇਦ ਦੇ ਵਿੱਚ ਜਿਹੜੇ basic elements ਨੇ ਹਰ ਚੀਜ਼ ਦੇ, ਉਨ੍ਹਾਂ ਨੂੰ ਬਦਲ ਦੇਣ ਦੀ ਗੱਲ ਲਿਖੀ ਹੋਈ ਹੈ। ਇਹ ਤੁਸੀਂ ਕੁਛ ਵੀ ਬਣਾ ਸਕਦੇ ਓਂ ਕਿਸੇ ਚੀਜ਼ ਤੋਂ। ਮਿੱਟੀ ਤੋਂ ਸੋਨਾ ਬਣਾ ਸਕਦੇ। ਕਹਿੰਦਾ, ਮੈਂ ਕੋਈ ਵੀਹ ਸਾਲ ਖੋਜ ਕਰੀ ਇਥੇ ਰਹਿ ਕੇ, ਜੰਗਲੀ ਬਣ ਕੇ ਰਿਹਾ ਹਾਂ ਮੈਂ, ਡੰਡਾ ਹੱਥ ਵਿੱਚ ਸੀ ਕਿ ਲੋਕ ਇਕੱਠੇ ਨਾ ਹੋ ਜਾਣ, ਕਿਉਂਕਿ ਲੋਕ ਸੰਤਾਂ ਕੋਲ ਆਉਂਦੇ ਨੇ। ਕੁਛ ਕਰਨਾ ਨਹੀਂ, ਸੇਵਾ ਨਹੀਂ ਕਰਨੀ, ਕੋਈ ਪਰੀਚਾ ਨਹੀਂ ਕਹਿੰਦੇ ਨੇ ਜੀ ਲੜਕਾ ਦੇ ਦਿਓ। ਕਾਰੋਬਾਰ ਨਹੀਂ ਚਲਦਾ ਜੀ, ਬਚਨ ਦੇ ਦਿਓ।

ਬਚਨ ਕਿਤੇ ਸੁਖਾਲੇ ਹੀ ਹੋ ਜਾਂਦੇ ਨੇ ਸਾਧਸੰਗਤ ਜੀ! ਕਿੰਨਾ ਔਖਾ ਹੁੰਦਾ ਹੈ। ਉਹ ਸਾਧੂ ਕਹਿਣ ਲੱਗੇ, ਮੈਂ ਕਿਹਾ ਇੱਥੇ ਮੱਖੀਆਂ ਇਕੱਠੀਆਂ ਹੋ ਜਾਣਗੀਆਂ, ਡੰਡਾ ਰੱਖਿਆ ਇਸ ਲਈ ਮੈਂ ਹੱਥ ਵਿੱਚ, ਜਿਹੜਾ ਕੋਈ ਨੇੜੇ ਆਵੇ ਜਾਂ ਮੈਂ ਇੱਟ ਮਾਰਾਂ, ਜਾਂ ਡੰਡਾ ਮਾਰਾਂ। ਮੇਰੇ ਨੇੜੇ ਨਹੀਂ ਸੀ ਕੋਈ ਆਉਂਦਾ। ਕਹਿੰਦਾ, ਇਹ ਵਿਦਿਆ ਹੈ, ਇਹ ਅੱਜ ਦੀ ਗੱਲ ਨਹੀਂ ਹੈ, ਪਹਿਲਾਂ ਆਦਿ-ਜੁਗਾਦਿ ਤੋਂ ਚਲੀ ਆ ਰਹੀ ਹੈ ਇਹ ਵਿਦਿਆ। ਕਹਿੰਦਾ, ਤੂੰ ਸਿੱਖ ਲੈ। ਕਹਿੰਦਾ, ਅਸੀਂ ਹਿੰਦੋਸਤਾਨ 'ਚ ਸਿਰਫ ਤਿੰਨ ਬੰਦੇ ਹਾਂ ਜਿਨ੍ਹਾਂ ਕੋਲ ਇਹ ਵਿਦਿਆ ਹੈ। ਇਕ ਆਸਾਮ ਵਿੱਚ, ਇੱਕ ਤਿੱਬਤ ਵਿੱਚ ਹੈ ਤੇ ਇੱਕ ਮੈਂ ਹਾਂ। ਮੇਰੇ ਜਾਣ ਤੋਂ ਬਾਅਦ ਇਹ ਵਿਦਿਆ ਇਸ ਇਲਾਕੇ 'ਚ ਹੀ ਗੁੰਮ ਹੋ ਜਾਏਗੀ। ਹੁਣ ਇਹ ਤਾਂ ਗੱਲ ਅੱਜਕੱਲ੍ਹ ਦੀ ਹੈ ਜਿਹੜੀ ਹੁਣੇ ਬੀਤੀ ਹੈ। ਹੁਣ ਇਸ ਤੋਂ ਸਾਡੇ ਬਹੁਤ ਸਾਰੇ ਸਵਾਲ ਹੱਲ ਹੋ ਗਏ?

ਗੁਰੂ ਨਾਨਕ ਸਾਹਿਬ ਨੇ ਜਿਸ ਵਕਤ ਨਾਨੂੰ ਪੰਡਤ ਨੂੰ -

***ਮਾਸੁ ਮਾਸੁ ਕਰਿ ਮੂਰਖੁ ਝਗੜੇ***
***ਗਿਆਨੁ ਧਿਆਨੁ ਨਹੀ ਜਾਣੈ॥ ਅੰਗ - ੧੨੮੯***

ਦੇ ਸ਼ਬਦ ਦੀ ਸੋਝੀ ਕਰਾਈ। ਉਸ ਵੇਲੇ ਆਪ ਦੇ ਕੋਲ ਇਕ ਰਾਜਕੁਮਾਰ ਹਰਨ ਮਾਰ ਕੇ ਲੈ ਆਇਆ। ਮਹਾਰਾਜ ਕਹਿੰਦੇ, ਇਹਨੂੰ ਧਰ ਦੇ ਪਤੀਲੇ 'ਚ। ਓਧਰ ਗ੍ਰਹਿਣ ਲਗਦਾ ਹੈ, ਓਧਰਲੇ ਪਾਸੇ ਅੱਗ ਜਲਦੀ ਹੈ। ਬੜੀ ਮਾੜੀ ਗੱਲ ਹੋਈ, ਸਾਰੇ ਰੌਲਾ ਪੈ ਗਿਆ ਕਿ ਇਹ ਕੋਈ ਮਾੜਾ ਬੰਦਾ ਨਾਸਤਕ ਆ ਗਿਆ ਜਿਹੜਾ ਮਰਿਆਦਾ ਉਲਟਾ ਰਿਹਾ ਹੈ। ਇਕੱਠੇ ਹੋ ਕੇ ਲੜਨ ਆ ਗਏ ਗੁਰੂ ਸਾਹਿਬ ਨਾਲ। ਮਹਾਰਾਜ ਜੀ ਨੇ ਉਥੇ ਇਹ ਸ਼ਬਦ ਉਚਾਰ ਕੇ ਦੱਸਿਆ ਕਿ ਪਿਆਰਿਓ! ਤੁਹਾਨੂੰ ਕਰਮ ਧਰਮ ਦੀ ਗੱਲ ਆਉਂਦੀ ਨਹੀਂ, ਮਾਸ-ਮਾਸ ਕਰੀ ਜਾਂਦੇ ਓਂ, ਆਪ ਦੇ ਵਿੱਚ ਐਨੀਆ ਕਮਜ਼ੋਰੀਆਂ ਕਿ ਰਾਤ ਨੂੰ ਵੀ ਆਪ ਇਸਤਰੀ ਰੂਪ ਦੇ ਵਿੱਚ ਮਾਸ ਵਰਤਦੇ ਓਂ। ਓਸ ਵੇਲੇ ਉਹ ਕਾਇਲ ਹੋ ਗਿਆ, ਕਹਿਣ ਲੱਗਿਆ, ਸਚਮੁੱਚ ਇਹ ਗੁਰੂ ਨਾਨਕ ਨੇ ਜਿਨ੍ਹਾਂ ਨੇ ਕਲਜੁਗ ਦਾ ਉਧਾਰ ਕਰਨਾ ਹੈ। ਉਸ ਵੇਲੇ ਉਹਨੇ ਹਾਰ ਮੰਨ ਲਈ, ਸਾਰੇ ਸਾਧੂਆਂ ਨੇ, ਸਾਰੇ ਪੰਡਤਾਂ ਨੇ ਨਮਸ਼ਕਾਰ ਕਰ ਦਿੱਤੀ। ਮਹਾਰਾਜ ਕਹਿੰਦੇ, ਭਾਈ! ਹੁਣ ਗੁਰੂ ਕਾ ਲੰਗਰ ਛਕ ਕੇ ਜਾਇਓ। ਬਹੁਤ ਸਾਰਿਆਂ ਦੇ ਮਨ ਵਿੱਚ ਸ਼ੰਕਾ ਪੈਦਾ ਹੋ ਗਿਆ ਕਿ ਮਹਾਰਾਜ! ਕਹਿੰਦੇ ਨਿਸੰਗ ਹੋ ਕੇ ਬਰਤਨ ਦੇ ਮੂੰਹ ਉਤੇ ਕਪੜਾ ਪਾ ਦਿਓ, ਵਰਤਾਈ ਜਾਓ। ਓਸ ਵੇਲੇ ਕੀ ਵਰਤ ਰਿਹਾ ਹੈ? ਪ੍ਰਸ਼ਾਦ ਵਰਤ ਤਿਓਲੇ (?) ਦਾ ਤੇ ਨਾਲ ਖੀਰ ਵਰਤ ਰਹੀ ਹੈ? ਹੈਰਾਨ ਹੋ ਜਾਂਦੇ ਨੇ, ਇਤਿਹਾਸਕਾਰਾਂ ਨੂੰ ਸਮਝ ਨਹੀਂ ਪੈਂਦੀ ਕਿ ਇਹਨੂੰ ਕੀ ਕਹੀਏ? ਪ੍ਰੋਫੈਸਰਾਂ ਨੂੰ ਖਾਸ ਕਰਕੇ ਨਹੀਂ ਸਮਝ ਪੈਂਦੀ। ਕਿਉਂਕਿ ਉਨ੍ਹਾਂ ਦੀ ਸ਼ਰਧਾ ਹੁੰਦੀ ਨਹੀਂ। ਅਸੀਂ ਲੋਕ ਤਾਂ ਸ਼ਰਧਾ ਫੇਰ ਵੀ ਜਾਣਦੇ ਹਾਂ ਕਿ ਇੱਕ ਨਿਗ੍ਹਾ ਕਰ ਦਿਓ ਕੁਛ ਤੇ ਕੁਛ ਬਣਾ ਦਓ। ਉਨ੍ਹਾਂ 'ਚ ਤਾਂ ਸ਼ਕਤੀਆਂ ਸੀ ਹੀ, ਸਿੰਘਾਂ ਵਿੱਚ ਵੀ ਇਹ ਸ਼ਕਤੀਆਂ ਸੀ। ਆਪ ਸਾਧਾਰਣ ਬੰਦਗੀ ਕਰਨ ਵਾਲੇ ਸੀ। ਜਦ ਗੁਰੂ ਸਾਹਿਬ ਨੇ ਗੁਰੂ ਅੰਗਦ ਸਾਹਿਬ ਨੂੰ ਕਿਹਾ ਕਿ ਮੁਰਦਾ ਖਾਓ, ਉਹ ਮੁਰਦੇ ਦੇ ਕੋਲ ਜਾਂਦੇ ਨੇ, ਜਦੋਂ ਕੱਪੜਾ ਚੁੱਕਦੇ ਨੇ ਉਥੇ ਮੁਰਦਾ ਹੈ ਹੀ ਨਹੀਂ, ਪ੍ਰਸ਼ਾਦ ਪਿਆ ਹੈ। ਇਹ ਕੋਈ ਅਣਹੋਣੀਆਂ ਗੱਲਾਂ ਨਹੀਂ।

ਉਸ ਵੇਲੇ ਸਿੰਘਾਂ ਨੂੰ ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਨੇ ਕਿਹਾ ਕਿ ਤੁਹਾਡਾ ਸ਼ੰਕਾ ਨਾ ਰਹਿ ਜਾਏ, ਕੁਛ ਪੱਲੇ 'ਚ ਲੈ ਆਉਣਾ। ਉਨ੍ਹਾਂ ਨੂੰ ਤਸੱਲੀ ਹੋ ਗਈ। ਸਵੇਰੇ ਬੜੀ ਇੱਜ਼ਤ ਦੇ ਨਾਲ ਗੁਰੂ ਸਾਹਿਬ ਨੂੰ ਉਨ੍ਹਾਂ ਨੇ ਵਿਦਾ ਕਰਿਆ। ਗੁਰੂ ਮਹਾਰਾਜ ਕਹਿੰਦੇ ਕਿ ਸਾਡੇ ਛਕਣ ਵਾਸਤੇ ਵੀ ਕੁਛ ਲਿਆਏ ਓਂ? ਕਹਿੰਦੇ, ਖੋਲ੍ਹੋ ਰੁਮਾਲ। ਰੁਮਾਲ ਖੋਲਿਆ ਤਾਂ ਦੇਖਿਆਂ ਸਾਰਿਆਂ ਦੇ ਕੋਲ ਪ੍ਰਸ਼ਾਦ। ਉਸ ਤੋਂ ਬਾਅਦ ਗੁਰੂ ਮਹਾਰਾਜ ਜੀ ਕਈ ਥਾਵਾਂ ਤੋਂ ਹੁੰਦੇ ਹੋਏ ਉੱਚ ਦੇ ਪੀਰ ਹੋ ਕੇ ਓਸ ਥਾਂ ਦੇ ਉੱਤੇ ਉਨ੍ਹਾਂ ਨੇ ਕਿਹਾ ਕਿ ਗਵਾਹ ਲਿਆਓ। ਗਵਾਹ ਪਹਿਲਾਂ ਹੀ ਹਾਜ਼ਰ ਸੀ, ਅਨਾਇਤ ਅਲੀ ਪੀਰ ਸੀਗਾ, ਉਥੇ ਹੀ ਫੌਜ ਵਿੱਚ ਸੀ। ਘੋੜ ਸਵਾਰ ਭੇਜਿਆ ਉਹਦੇ ਕੋਲ, ਉਹ ਕਹਿੰਦਾ ਦੇਖੋ ਮੈਂ ਤਾਂ ਨਮਾਜ਼ ਪੜ੍ਹਨੀ ਹੈ, ਰਾਤ ਦੀ। ਸਵੇਰੇ ਮੈਂ ਦਸ ਵਜੇ ਆਵਾਂਗਾ ਤੇ ਸਨਾਖਤ ਵਾਸਤੇ ਦੋ ਇਸਲਾਮ ਦੇ ਬੰਦੇ ਪੀਰ ਮੁਹੰਮਦ ਸਲੋਹ ਵਾਲਾ, ਹਸਨ ਅਲੀ ਮੋਠੂ ਮਾਜਰੇ ਦਾ, ਪੀਰ ਅਨਾਇਤ ਅਲੀ; ਇਹ ਤਿੰਨ ਆ ਗਏ। ਇਨ੍ਹਾਂ ਨੇ ਆ ਕੇ ਕਿਹਾ ਕਿ ਜਰਨੈਲ ਸਾਹਿਬ! ਇਹ ਤਾਂ ਉੱਚ ਦੇ ਪੀਰਾਂ ਦੇ ਵੀ ਪੀਰ ਨੇ, ਅਵੱਗਿਆ ਨਾ ਕਰ ਬੈਠਿਓ। ਸੋ ਇੱਜ਼ਤ ਦੇ ਨਾਲ ਆਪ ਨੂੰ ਸ਼ਰਧਾ ਦੇ ਨਾਲ ਭੇਟਾ ਦੇ ਕੇ ਤੋਰਿਆ ਗਿਆ ਤੇ ਆਪ ਬਹੁਤ ਸਾਰੇ ਪਿੰਡਾਂ 'ਚੋਂ ਚਲਦੇ ਹੋਏ ਅੱਜ ਆਪ ਹੇਰਾ ਪਿੰਡ ਤੇ ਲੰਬੇ ਗਰਾਂਵ, ਉਥੇ ਇੱਕ ਬੀਬੀ ਆਈ ਆ ਕੇ ਗੁਰੂ ਮਹਾਰਾਜ ਦੇ ਚਰਨਾਂ 'ਚ ਆ ਕੇ ਨਮਸ਼ਕਾਰ ਕਰੀ ਕਹਿਣ ਲੱਗੀ ਕਿ ਪਾਤਸ਼ਾਹ! ਮੈਂ ਬੇਫਲ ਜਾ ਰਹੀ ਹਾਂ, ਕੋਈ ਫਲ ਲਗਣਾ ਚਾਹੀਦਾ ਹੈ। ਗੁਰੂ ਮਹਾਰਾਜ ਨੇ ਕਿਹਾ ਜਾਹ ਸੱਤ ਪੁੱਤਰ ਹੋਣਗੇ ਤੇਰੇ। ਤੂੰ ਇੱਕ ਮੰਗਦੀ ਹੈਂ, ਤੈਨੂੰ ਸੱਤ ਦਿੰਦੇ ਹਾਂ। ਓਸ ਵੇਲੇ ਮਹਾਰਾਜ ਜੀ ਨੇ ਗਨੀ ਖਾਂ, ਨਬੀ ਖਾਂ ਨੂੰ ਵਿਦਾ ਕਰਨ ਵੇਲੇ ਕਿਹਾ, ਪਟਾ ਦੇ ਦਿੱਤਾ ਤੇ ਮਹਾਰਾਜ ਨੇ ਇਹ ਗੱਲ ਲਿਖ ਦਿੱਤੀ ਕਿ ਮੇਰੇ ਸਿੱਖ ਜਦੋਂ ਇਨ੍ਹਾਂ ਦੇਖਣ ਉਸ ਵੇਲੇ ਭੇਟਾ ਦੇਣ, ਕਿਉਂਕਿ ਇਨ੍ਹਾਂ ਨੇ ਮੇਰੀ ਬਹੁਤ ਸੇਵਾ ਕਰੀ ਹੈ। ਉਸ ਵੇਲੇ ਮਹਾਰਾਜ ਜੀ ਦੇ ਅਹੇਰੀ ਰਾਇ ਕੋਟ ਦਾ ਜੋ ਰਾਜਾ ਸੀ ਰਾਇ ਕੱਲਾ, ਉਹ ਇਸਲਾਮ 'ਚ ਆਇਆ। ਮਹਾਰਾਜ ਕੋਲ ਆ ਕੇ ਕਹਿਣ ਲੱਗਿਆ, ਸੱਚੇ ਪਾਤਸ਼ਾਹ! ਬਹੁਤ ਜ਼ਿਆਦਾ ਤਕਲੀਫਾਂ ਆਪ ਨੂੰ ਸਹਿਣੀਆਂ ਪਈਆਂ। ਸਾਹਿਬਜ਼ਾਦੇ ਸ਼ਹੀਦ ਹੋ, ਪਰਿਵਾਰ ਸਾਰਾ ਖੇਰੂੰ-ਖੇਰੂੰ ਹੋ ਗਿਆ, ਸਾਡਾ ਤਾਂ ਹਿਰਦਾ ਜਿਹੜਾ ਹੈ ਉਹ ਪਾਟਦਾ ਜਾਂਦਾ

ਹੈ, ਸਹਿ ਨਹੀਂ ਹੁੰਦਾ। ਮਹਾਰਾਜ ਕਹਿੰਦੇ, ਐਉਂ ਕਰੋ ਛੋਟੇ ਸਾਹਿਬਜ਼ਾਦਿਆਂ ਦੀ ਖਬਰ ਨਹੀਂ ਆਈ, ਕਿਸੇ ਸਮਝਦਾਰ ਬੰਦੇ ਨੂੰ ਭੇਜੋ। ਉਹ ਕਹਿਣ ਲੱਗੇ, ਮਹਾਰਾਜ! ਸਾਡਾ ਜਿਹੜਾ ਮਾਹੀ ਹੈ ਉਹ ਸਮਝਦਾਰ ਵੀ ਹੈ ਤੇ ਪੈਰਾਂ ਦਾ ਚਲਾਕ ਹੈ। ਪੰਜਾਹ ਕੋਹ ਜਾਣਾ ਸੀ, ਕੋਹ ਹੁੰਦਾ ਡੇਢ ਮੀਲ ਜਿੰਨਾ। ਬਈ ਇਹ ਜਾ ਕੇ ਖਬਰ ਲੈ ਆਏਗਾ। ਮਹਾਰਾਜ ਕਹਿੰਦੇ, ਜਾਹ ਨਿਸੰਗ ਪਰ ਅੱਜ ਹੀ ਵਾਪਸ ਆ ਜਾਈਂ। ਸਾਰੇ ਹੈਰਾਨ ਹੋ ਗਏ ਕਿ ਪੰਜਾਹ ਕੋਹ, ਡੇਢਾ ਲਾ ਲਓ ੭੫ ਮੀਲ ਹੋ ਗਿਆ, ਕਿਲੋਮੀਟਰ ਤਾਂ ਚਲੇ ਗਏ ਸੈਂਕੜਿਆ 'ਚ। ਇਹ ਬੰਦਾ ਸਵੇਰੇ ਜਾ ਕੇ ਸ਼ਾਮ ਨੂੰ ਕਿਵੇਂ ਆ ਜਾਏਗਾ। ਕੋਈ ਨਾ ਬੋਲਿਆ। ਉਸ ਵੇਲੇ ਇਸ ਨੂੰ ਭੇਜ ਦਿੱਤਾ ਕਿ ਜਾਹ, ਤੈਨੂੰ ਦੇਖ ਲਿਆ, ਜਿੱਥੇ ਤੇਰਾ ਜੀਅ ਕਰਦਾ ਹੈ ਚਲਿਆ ਜਾਈਂ, ਕਚਹਿਰੀਆਂ 'ਚ ਫਿਰ ਆਈਂ, ਜਿੱਥੇ-ਜਿੱਥੇ ਰਹੇ ਨੇ ਸਾਹਿਬਜ਼ਾਦੇ ਓਥੇ ਓਥੇ ਜਾਈਂ। ਇਹ ਜਾਂਦਾ ਹੈ ਇਸਨੇ ਸਾਰਾ ਹਾਲ ਇਹਨੇ ਜਾ ਕੇ ਉਥੇ ਪੁੱਛਿਆ। ਮਹਾਰਾਜ ਕਹਿੰਦੇ, ਦੇਖੋ ਤਾਂ ਆਹ ਰਿਹਾ ਹੈ? ਕਹਿੰਦੇ, ਸੱਚੇ ਪਾਤਸ਼ਾਹ! ਉਹ ਤਾਂ ੭੫ ਮੀਲ 'ਤੇ ਹੈ, ਥੋੜ੍ਹੀ ਦੇਰ ਮਹਾਰਾਜ ਕਹਿਣ ਲੱਗੇ, ਆਹ ਦਰਖੱਤ 'ਤੇ ਚੜ੍ਹ ਕੇ ਦੇਖੋ। ਉੱਚਾ ਦਰਖਤ ਸੀ ਉਸ 'ਤੇ ਚੜ੍ਹਿਆ। ਉਹ ਕਹਿੰਦਾ, ਸੱਚੇ ਪਾਤਸ਼ਾਹ! ਔਹ ਸਾਹਮ੍ਹਣੇ ਆ ਰਿਹਾ ਹੈ। ਸਾਰੇ ਹੈਰਾਨ ਹੋ ਗਏ ਕਿ ਗਿਆ ਪਤਾ ਲਿਆ ਤੇ ਆ ਵੀ ਗਿਆ। ਦੇਖਦੇ-ਦੇਖਦੇ ਉਹ ਮਾਹੀ ਆ ਗਿਆ ਆ ਕੇ ਮਹਾਰਾਜ ਦੇ ਚਰਨਾਂ 'ਤੇ ਨਮਸ਼ਕਾਰ ਕੀਤੀ, ਰੋਈ ਜਾਂਦਾ ਹੈ, ਰੋਈ ਜਾਂਦਾ ਹੈ। ਮਹਾਰਾਜ ਕਹਿੰਦੇ, ਮਾਹੀ ਤੂੰ ਰੋ ਨਾ, ਤੂੰ ਉਹ ਗੱਲ ਦੱਸ? ਕਹਿੰਦਾ ਸੱਚੇ ਪਾਤਸ਼ਾਹ, ਮੈਂ ਕਿਵੇਂ ਦੱਸਾਂ, ਮੇਰੇ ਤੋਂ ਗੱਲ ਕਰ ਹੀ ਨਹੀਂ ਹੁੰਦੀ, ਮੈਂ ਤਾਂ ਸਾਰੇ ਰਸਤੇ ਰੋਂਦਾ ਹੀ ਆਇਆ ਹਾਂ। ਐਉਂ ਪੜ੍ਹ ਲਓ -

***ਧਾਰਨਾ - ਧੀਰਜ ਧਰੇ ਨਾ ਕਿਵੇਂ ਮਨ ਮੇਰਾ,***
***ਦੱਸਾਂ ਕਿਵੇਂ ਹਾਲ ਮਾਲਕਾ।***

ਹੇ ਪ੍ਰਭੂ! ਮੈਨੂੰ ਦੱਸਣਾ ਬਹੁਤ ਔਖਾ ਹੈ। ਸੁਣਨ ਵਾਲੇ ਬਹੁਤ ਸਾਰੇ ਬੈਠੇ ਨੇ। ਐਨੀ ਗੱਲ ਸੁਣ ਕੇ ਸਾਰਿਆਂ ਦੇ ਨੇਤਰਾਂ 'ਚੋਂ ਜਲ ਜਾਣ ਲਗ ਗਿਆ। ਗੁਰੂ ਮਹਾਰਾਜ ਕਹਿਣ ਲੱਗੇ, ਕੋਈ ਨਾ ਮਾਹੀ ਤੂੰ ਜੇਰਾ ਕਰ। ਜਿਵੇਂ ਉਥੇ ਹੋਇਆ ਸਾਰਾ ਹਾਲ ਤੂੰ ਸਾਨੂੰ ਦੱਸ। ਕਹਿਣ ਲੱਗਿਆ, ਪਾਤਸ਼ਾਹ! ਜੋ ਤੁਹਾਡਾ ਗੰਗੂ ਰਸੋਈਆ ਸੀ ਉਹ ਬੇਈਮਾਨ ਹੋ ਗਿਆ, ਮਾਇਆ ਨਾਗਨੀ ਨੇ ਡੰਗ ਮਾਰਿਆ ਉਹਦੇ। ਉਹਨੇ ਫੜਾ ਦਿੱਤਾ ਉਨ੍ਹਾਂ ਨੂੰ ਤੇ ਨਵਾਬ ਦੇ ਪਾਸ ਆ ਗਏ। ਫੈਸਲਾ ਇਹ ਹੋਇਆ ਕਿ ਇਨ੍ਹਾਂ ਨੂੰ ਨਾ ਰੋਟੀ ਖਾਣ ਨੂੰ ਦਿਓ, ਨਾ ਕੱਪੜਾ ਦਿਓ, ਠੰਢੀ ਹਵਾ ਦੇ ਵਿੱਚ ਬੁਰਜ ਦੇ ਉਤੇ ਚਾੜ੍ਹ ਦਿਓ। ਪਾਤਸ਼ਾਹ! ਕਿਵੇਂ ਮਾਤਾ ਗੁਜਰੀ ਜੀ ਨੇ ਦੋਵਾਂ ਮਾਸੂਮ ਬੱਚਿਆਂ ਨੂੰ, ਆਪਣੀ ਗੋਦ ਦਾ ਨਿੱਘ ਦਿੱਤਾ, ਆਪ ਪਾਲਾ ਸਾਰਾ ਸਹਿਆ। ਆਪਣੀ ਪਿੱਠ ਕਰਕੇ ਉਨ੍ਹਾਂ ਨੂੰ ਸਾਮ੍ਹਣੇ ਪਾਇਆ, ਸਵੇਰੇ ਉਨ੍ਹਾਂ ਦੇ ਵਸਤਰ ਸਜਾਏ ਤੇ ਐਨੇ ਨੂੰ ਚਲਿਆ ਗਿਆ ਕਚਹਿਰੀ ਦੇ ਵਿਚੋਂ ਪਿਆਦਾ, ਕਹਿਣ ਲੱਗਿਆ ਮਾਤਾ! ਇਨ੍ਹਾਂ ਬੱਚਿਆਂ ਨੂੰ ਕਚਹਿਰੀ 'ਚ ਬੁਲਾਇਆ ਹੈ। ਮਾਤਾ ਜੀ! ਕਹਿਣ ਲੱਗੇ, ਬੱਚਿਓ! ਐਸਾ ਨਾ ਹੋਵੇ ਤੁਹਾਡੇ ਪਿਤਾ ਦੀ ਚਾਦਰ ਨੂੰ ਦਾਗ ਲਗ ਜਾਏ। ਸਿਦਕ ਨਹੀਂ ਤੁਸੀਂ ਛੱਡਣਾ, ਮਨ ਦੇ ਅੰਦਰ ਧਾਰ ਕੇ ਰੱਖਣਾ ਹੈ ਇਹ -

***ਧਾਰਨਾ - ਸਿਰ ਜਾਵੇ ਤਾਂ ਜਾਵੇ,***
***ਮੇਰਾ ਸਿੱਖੀ ਸਿਦਕ ਨਾ ਜਾਵੇ।***

ਕਹਿਣ ਲੱਗੀ, ਬੱਚਿਓ! ਲਾਲ ਜੀ! ਐਸਾ ਨਾ ਹੋਵੇ ਆਪਣੇ ਪਿਤਾ ਦੀ ਚਾਦਰ ਨੂੰ ਦਾਗ ਲਾ ਦਓਂ। ਤੁਹਾਡੇ ਪੜਦਾਦਾ ਜੀ ਦਾ ਯਾਦ ਹੈ ਤੁਹਾਨੂੰ ਕਿਸ ਤਰ੍ਹਾਂ ਦੇ ਨਾਲ ਜਾ ਕੇ ਦਿੱਲੀ ਦੇ ਵਿੱਚ ਸ਼ਹੀਦੀ ਦਿੱਤੀ ਤੇ ਤਨ ਨੂੰ ਪਿਆਰਾ ਨਹੀਂ ਕਰਿਆ। ਸਿਰ ਨੂੰ ਪਿਆਰਾ ਨਹੀਂ ਕਰਿਆ। ਕਹਿਣ ਲੱਗੇ, ਮਾਤਾ ਜੀ! ਤੁਸੀਂ ਕੋਈ ਫਿਕਰ ਨਾ ਕਰੋ, ਗੁਰੂ ਮਹਾਰਾਜ ਸਾਡੇ ਨਾਲ ਨੇ, ਅੰਗ ਸੰਗ ਨੇ। ਮਾਹੀ ਕਹਿਣ ਲੱਗਿਆ ਕਿ ਸੱਚੇ ਪਾਤਸ਼ਾਹ! ਜਿਹੜਾ ਲੈ ਕੇ ਗਿਆ ਸੀਗਾ ਪਿਆਦਾ, ਉਹਨੇ ਮੈਨੂੰ ਇਹ ਗੱਲਾਂ ਦੱਸੀਆਂ, ਜੋ ਗੱਲਬਾਤ ਹੋਈ ਆਪਸ ਵਿੱਚ। ਉਸ ਤੋਂ ਬਾਅਦ ਅੱਗੇ ਕਚਹਿਰੀ ਵਿੱਚ ਪੇਸ਼ੀ ਹੁੰਦੀ ਹੈ, ਬੱਚਿਆਂ ਨੇ ਜਾ ਕੇ ਫਤਹਿ ਬੁਲਾਈ। ਉਨ੍ਹਾਂ ਨੇ ਕਿਹਾ ਕਿ ਐਉਂ ਝੁਕ ਕੇ ਸਲਾਮਾਂ ਕਰੋ। ਕਹਿੰਦੇ, ਬੱਚਿਓ! ਤੁਹਾਡੇ ਮਾਤਾ ਪਿਤਾ, ਤੁਹਾਡੇ ਭਰਾ, ਸਾਰੇ ਸਿੱਖ, ਸਭ ਮਾਰੇ ਜਾ ਚੁੱਕੇ ਨੇ। ਹੁਣ ਤੁਸੀਂ ਇਕੱਲੇ ਰਹਿ ਗਏ, ਨਵਾਬ ਸਾਹਿਬ ਤੁਹਾਡੇ ਉੱਤੇ ਤਰਸ ਖਾ ਰਹੇ ਨੇ ਤੇ ਤੁਸੀਂ ਆਪਣਾ ਅੱਗਾ ਬਚਾ ਲਓ, ਉਸ ਵੇਲੇ ਸਾਹਿਬਜ਼ਾਦਿਆਂ ਨੇ ਕਿਹਾ, ਸੁਣੋ ਧਿਆਨ ਨਾਲ, ਸੰਸਾਰ 'ਤੇ ਐਸਾ ਕੋਈ ਪੈਦਾ ਨਹੀਂ ਹੋਇਆ, ਜੋ ਸਾਡੇ ਸਤਿਗੁਰੂ ਨੂੰ ਮਾਰ ਸਕੇ। ਕੀਹਦੀ ਤਾਕਤ ਹੈ ਐਨੀ? ਅਕਾਸ਼ ਨੂੰ ਕੌਣ ਬੰਦਾ ਹੈ ਜਿਹੜਾ ਕੱਟ ਦੇਵੇ। ਹਨ੍ਹੇਰੀ ਨੂੰ ਕੌਣ ਰੋਕ ਦੇਵੇ, ਪਹਾੜ ਨੂੰ ਕਿਹੜਾ ਹੈ ਜਿਹੜਾ ਚਲਾ ਦੇਵੇ। ਕੀਹਦੇ 'ਚ ਤਾਕਤ ਹੈ ਕਿ ਸੂਰਜ ਤੇ ਚੰਦਰਮਾ ਨੂੰ ਫੜ ਕੇ ਖੜ੍ਹਾ ਕਰ ਦੇਵੇ। ਸਾਰੇ ਹੈਰਾਨ ਹੋ ਗਏ ਕਿ ਛੋਟੇ ਬੱਚੇ, ਕਿੱਡੀ ਵੱਡੀ ਗੱਲ ਕਹੀ ਹੈ ਇਨ੍ਹਾਂ ਨੇ, ਕਿੱਡਾ ਵੱਡਾ ਨਿਸ਼ਚਾ ਹੈ ਇਨ੍ਹਾਂ ਦਾ ਆਪਣੇ ਸਤਿਗੁਰੂ ਤੇ ਪਿਤਾ 'ਤੇ। ਉਸ ਵੇਲੇ ਕਾਜ਼ੀ ਕਹਿਣ ਲੱਗਿਆ ਕਿ ਬੱਚਿਓ! ਸਭਾ ਦਾ ਜੋ ਦਸਤੂਰ ਹੈ, ਕੋਰਟ ਦਾ ਦਸਤੂਰ ਹੈ ਕਿ ਇੱਥੇ ਸੱਤ ਸਲਾਮ੍ਹਾਂ ਕਰਕੇ ਨਿਵਣਾ ਪੈਂਦਾ ਹੈ। ਕਹਿਣ ਲੱਗੇ ਕਿ ਨਿਵਣ ਦੀ ਜੋ ਬਾਤ ਹੈ ਅਸੀਂ ਨਿਵਦੇ ਹਾਂ ਉਨ੍ਹਾਂ ਦੇ ਅੱਗੇ ਜਿਨ੍ਹਾਂ ਨੂੰ ਸਾਸ-ਗਿਰਾਸ ਪ੍ਰਮੇਸ਼ਰ ਦਾ ਨਾਮ ਨਹੀਂ ਭੁੱਲਦਾ। ਅਸੀਂ ਨਿਵਦੇ ਹਾਂ ਪੂਰਨ ਗੁਰਸਿੱਖਾਂ ਦੇ ਅੱਗੇ। ਅਸੀਂ ਉਨ੍ਹਾਂ ਦੇ ਪੁਰਸ਼ਾਂ ਦੇ ਅੱਗੇ ਨਿਵਦੇ ਹਾਂ ਜਿਹੜੇ ਬੰਦਗੀ ਕਰਦੇ ਨੇ, ਉਨ੍ਹਾਂ ਨੂੰ ਸਤਿਕਾਰ ਦਿੰਦੇ ਹਾਂ, ਪਰ ਪਾਮਰਾਂ ਨੂੰ, ਝੂਠੇ ਬੰਦਿਆਂ ਨੂੰ, ਇਨ੍ਹਾਂ ਦੇ ਅੱਗੇ ਸਾਡੇ ਸੀਸ ਨਹੀਂ ਨਿਵ ਸਕਦੇ ਕਿਉਂਕਿ ਅਸੀਂ ਆਪਣੇ ਸੀਸ ਜਿਹੜੇ ਨੇ ਇਹ ਅਕਾਲ ਪੁਰਖ ਨੂੰ ਅਰਪੇ ਹੋਏ ਨੇ, ਪਵਿੱਤਰ ਮਹਾਂਪੁਰਸ਼ਾਂ ਦੇ ਅੱਗੇ ਤਾਂ ਨਿਵ ਸਕਦੇ ਨੇ, ਇਨ੍ਹਾਂ ਦੇ ਅੱਗੇ ਨਹੀਂ ਨਿਵ ਸਕਦੇ। ਜਿਨ੍ਹਾਂ ਨੇ ਇਨ੍ਹਾਂ ਪਾਮਰਾਂ ਤੋਂ ਕੁਛ ਲੈਣਾ ਹੈ ਉਹ ਨਿਵਣ। ਸਾਡੇ ਨਿਵਣ ਦਾ ਸਵਾਲ ਨਹੀਂ ਪੈਦਾ ਹੁੰਦਾ। ਸਾਰੀ ਸਭਾ 'ਚ ਕਹਿੰਦਾ ਸਨਾਟਾ ਛਾ ਗਿਆ। ਇੱਕ ਦੂਜੇ ਨਾਲ ਗੱਲੀਂ ਪੈ ਗਏ ਕਿ ਦੇਖੋ ਬੱਚੇ ਕਿਸ ਮਿੱਟੀ ਦੇ ਬਣੇ ਹੋਏ ਨੇ ਡਰ ਨਹੀਂ ਮੰਨ ਰਹੇ ਭੋਰਾ ਜਿੰਨਾ ਵੀ। ਸਾਰੇ ਅਸੀਂ ਬੈਠੇ ਹਾਂ, ਦੋ ਬੱਚੇ ਖੜ੍ਹੇ ਨੇ। ਨਾ ਇਹ ਡਰਦੇ ਨੇ, ਉਸ ਵੇਲੇ ਇੱਕ ਖੱਤਰੀ ਉਠਿਆ ਜਿਸ ਦਾ ਨਾਂ ਸੁੱਚਾ ਨੰਦ ਸੀ, ਸਾਡੇ ਇਤਿਹਾਸ ਵਿੱਚ ਝੂਠਾ ਨੰਦ ਕਿਹਾ ਜਾਂਦਾ ਹੈ, ਉਹ ਉੱਠ ਕੇ ਕਹਿਣ ਲੱਗਿਆ ਕਮਾਲ ਹੈ ਛੋਟੇ-ਛੋਟੇ ਬੱਚੇ ਨਵਾਬ ਨੂੰ ਸਲਾਮ ਨਹੀਂ ਕਰ ਰਹੇ ਤੇ ਡਰਦੇ ਨਹੀਂ ਹਨ। ਕਹਿਣ

ਲੱਗਿਆ ਇਨ੍ਹਾਂ ਦੇ ਅੰਦਰ ਹੰਕਾਰ ਬਹੁਤ ਹੈ। ਇਹ ਡਰਦੇ ਨਹੀਂ। ਕਹਿਣ ਲੱਗੇ ਕਿ ਏ ਬੱਚਿਓ! ਤੁਸੀਂ ਡਰਦੇ ਨਹੀਂ ਓਂ। ਕਹਿੰਦਾ ਡਰਦਾ ਤਾਂ ਉਹ ਹੁੰਦਾ ਹੈ ਜਿਨ੍ਹਾਂ ਨੇ ਗਲਤ ਗੱਲਾਂ ਕਰੀਆ ਹੁੰਦੀਆਂ ਨੇ -

***ਧਾਰਨਾ - ਡਰਦੇ ਤਾਂ ਓਹੀਓ ਨੇ***
***ਪਾਪ ਕਮਾਉਂਦੇ ਜਿਹੜੇ।***

ਕਹਿਣ ਲੱਗੇ, ਡਰ ਦੀ ਬਾਤ ਕਰਦੇ ਓਂ, ਚਿਹਰਿਆਂ 'ਤੇ ਲਾਲੀ ਹੈ, ਅੱਖਾਂ ਦੇ ਵਿੱਚ ਬੀਰ ਰਸ ਹੈ। ਕਹਿੰਦੇ, ਡਰਦਾ ਉਹ ਹੁੰਦਾ ਹੈ ਜਿਹਨੇ ਗਲਤ ਗੱਲਾਂ ਕੀਤੀਆਂ ਹੁੰਦੀਆ ਨੇ।

***ਮਾਸੁ ਮਾਸੁ ਕਰਿ ਮੂਰਖੁ ਝਗੜੇ***
***ਗਿਆਨੁ ਧਿਆਨੁ ਨਹੀ ਜਾਣੈ ॥ ਅੰਗ - ੧੨੮੯***
***ਹਰਿ ਵੇਖੈ ਸੁਣੈ ਨਿਤ ਸਭੁ ਕਿਛੁ ਮੇਰੀ ਜਿੰਦੁੜੀਏ***
***ਸੋ ਡਰੈ ਜਿਨਿ ਪਾਪ ਕਮਤੇ ਰਾਮ ॥***
***ਜਿਸੁ ਅੰਤਰੁ ਹਿਰਦਾ ਸੁਧੁ ਹੈ ਮੇਰੀ ਜਿੰਦੁੜੀਏ***
***ਤਿਨਿ ਜਨਿ ਸਭਿ ਡਰ ਸੁਟਿ ਘਤੇ ਰਾਮ ॥***
***ਅੰਗ - ੫੪੦***

ਜਿਹੜੇ ਕਾਨੂੰਨ ਤੋਂ ਉਲਟ ਗੱਲਾਂ ਕਰਦੇ ਨੇ ਉਹ ਡਰਦੇ ਨੇ, ਜਿਹਨੇ ਕੋਈ ਸਮਾਜਿਕ ਜ਼ੁਲਮ ਕਰਿਆ ਹੈ ਉਹ ਡਰਦੇ ਨੇ, ਅਸੀਂ ਕਿਉਂ ਡਰੀਏ, ਕਿਹੜੀ ਗੱਲ ਸਾਡੇ ਤੋਂ ਹੋ ਗਈ, ਜਿਹਦੇ ਕਰਕੇ ਅਸੀਂ ਡਰੀਏ। ਕੋਈ ਹੈ ਸਾਡਾ ਕਸੂਰ। ਉਸ ਵੇਲੇ ਪੇਸ਼ੀ ਚਲਦੀ ਰਹੀ, ਮਾਤਾ ਜੀ ਤੋਂ ਅਲਾਹਿਦਾ ਕਰ ਦਿੱਤਾ ਬੱਚਿਆਂ ਨੂੰ। ਦੂਸਰੇ ਦਿਨ ਫੇਰ ਬੁਲਾ ਲਏ, ਫੇਰ ਉਹ ਬਹੁਤ ਸਾਰੀਆਂ ਗੱਲਾਂ ਕਹਿਣ ਲੱਗੇ। ਕਹਿਣ ਲੱਗੇ, ਦੇਖੋ ਤੁਸੀਂ ਦੋ ਜਣੇ ਬਚੇ ਓਂ, ਤੁਹਾਨੂੰ ਮਾਰ ਦਿੱਤਾ ਜਾਏਗਾ, ਚੰਗਾ ਹੈ ਤੁਸੀਂ ਆਪਣੀ ਜਿੰਦ ਬਚਾ ਲਓ। ਮਰਨ ਤੋਂ ਤੁਹਾਨੂੰ ਡਰ ਨਹੀਂ ਲਗਦਾ? ਕਹਿੰਦੇ ਅਸੀਂ ਕਿਉਂ ਡਰੀਏ। ਡਰੇ ਉਹ ਜਿਹਨੇ ਜਾ ਕੇ ਲੇਖੇ ਦੇਣੇ ਨੇ, ਨਰਕਾਂ 'ਚ ਜਾਣਾ ਹੈ, ਕੋਹਲੂ ਵਿੱਚ ਜਿਨ੍ਹਾਂ ਨੂੰ ਪੀੜ ਦੇਣਾ ਹੈ, ਉਹ ਡਰਨ। ਗੁਰਮੁਖ ਪਿਆਰੇ ਤਾਂ ਮਾਣ ਨਾਲ ਜਾਂਦੇ ਨੇ -

***ਧੰਨਿ ਧੰਨਿ ਕਹੈ ਸਭੁ ਕੋਇ ॥***
***ਮੁਖ ਊਜਲ ਹਰਿ ਦਰਗਹ ਸੋਇ ॥ ਅੰਗ - ੨੮੩***

ਸਾਨੂੰ ਕਿਸ ਗੱਲ ਦਾ ਡਰ? ਸਾਨੂੰ ਤਾਂ ਇਸ ਗੱਲ ਦਾ ਚਾਉ ਹੈ ਕਿ ਅਸੀਂ ਕਿਸੇ ਅਸੂਲ ਦੇ ਉੱਤੇ ਆਪਣਾ ਬਲੀਦਾਨ ਦੇ ਰਹੇ ਹਾਂ -

***ਧਾਰਨਾ - ਜਿਹੜੀ ਮੌਤ ਤੋਂ ਡਰੈ ਜਗ ਸਾਰਾ,***
***ਮੇਰੇ ਮਨ ਆਨੰਦ ਹੈ ਪਿਆਰਿਓ।***
***ਕਬੀਰ ਜਿਸੁ ਮਰਨੇ ਤੇ ਜਗੁ ਡਰੈ***
***ਮੇਰੈ ਮਨਿ ਆਨੰਦੁ ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥***
***ਅੰਗ - ੧੩੬੫***

ਜੇ ਕੋਈ ਐਵੇਂ ਹੀ ਮਾਰਦਾ ਹੈ ਕਿ ਮੈਂ ਨਹੀਂ ਡਰਦਾ, ਉਹਨੂੰ ਇਹ ਸੋਚ ਲੈਣਾ ਚਾਹੀਦਾ ਹੈ ਕਿ ਕੀਤੇ ਹੋਏ ਕਰਮਾਂ ਦੇ ਮੁਤਾਬਿਕ ਨਰਕ ਸੁਰਗ ਵਿੱਚ ਜਾਣਾ ਪੈਣਾ ਹੈ। ਕੇਵਲ ਗੁਰਮੁਖ ਨੇ ਜਿਨ੍ਹਾਂ ਦੇ ਅੰਦਰ ਗਿਆਨ ਹੁੰਦਾ ਹੈ ਕਿ ਮੈਂ ਆਤਮਾ ਹਾਂ, ਆਤਮਾ ਮਰਦੀ ਨਹੀਂ ਸਰੀਰ ਰਹਿੰਦਾ ਨਹੀਂ ਹੈ।

ਕਹਿਣ ਲੱਗੇ, ਸਾਨੂੰ ਕਾਹਦਾ ਦੁੱਖ, ਸੰਸਾਰ -

***ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ॥***
***ਅੰਗ - ੪੭੪***

ਸਾਡੀ ਵਾਰੀ ਆ ਗਈ ਅਸੀਂ ਚਲੇ ਜਾਣਾ ਹੈ, ਡਰ ਕਿਸ ਗੱਲ ਦਾ। ਦੂਸਰਾ ਕਹਿਣ ਲੱਗੇ ਕਿ ਕਿੰਨੇ ਸਿਆਣੇ ਬੰਦੇ ਬੈਠੇ ਨੇ, ਇਨ੍ਹਾਂ ਦਾ ਸਤਿਕਾਰ ਨਹੀਂ ਤੁਹਾਡੇ ਮਨ ਦੇ ਅੰਦਰ, ਕਹਿੰਦੇ ਇਹ ਤਾਂ ਝੂਠੇ ਨੇ ਸਾਰੇ। ਸੱਚੇ ਬੰਦੇ ਦਾ ਸਤਿਕਾਰ ਖੁਸ਼ਾਮਦੀ ਕਰਦਾ ਹੈ। ਇਨ੍ਹਾਂ ਨੇ ਬਚਨ ਕਰਿਆ, ਕੁਰਾਨ ਸ਼ਰੀਫ ਭੇਜਿਆ। ਉਨ੍ਹਾਂ ਰਾਜਿਆਂ ਨੇ ਆਪਣੇ ਈਸ਼ਟ ਭੇਜੇ, ਬਚਨ ਤੋੜਨ ਵਾਲਾ ਕੌਣ ਹੁੰਦਾ ਹੈ, ਸਾਡੇ ਸਤਿਗੁਰੂ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਬੋਲੇ ਸਭ ਕੱਚਾ ਜੀ,***
***ਬਚਨ ਕਰੇ ਤੇ ਖਿਸਕ ਜਾਏ।***

ਕਹਿੰਦੇ ਇਨ੍ਹਾਂ ਬੰਦਿਆਂ ਨੂੰ? ਇਹ ਸਭਾ ਕੀ ਸੱਚਿਆਂ ਦੀ ਹੈ? ਝੂਠਿਆਂ ਦੀ ਸਭਾ ਹੈ। ਇਹ ਮਾਇਆ ਦੇ ਵਿੱਚ ਰਚੇ ਹੋਏ ਨੇ, ਇਨ੍ਹਾਂ ਨੇ ਜੂਨੀਆਂ 'ਚ ਜਾ ਕੇ ਨੱਚਣਾ ਹੈ। ਅੰਦਰੋਂ ਥੋਥੇ ਤੇ ਕੂੜੇ ਨੇ, ਕੂੜ ਦੇ ਵਿੱਚ ਇਹ ਖਚਤ ਹੋਏ-ਹੋਏ ਨੇ। ਵੈਰ ਇਹ ਨਿਰਵੈਰ ਨਾਲ ਕਰਦੇ ਨੇ। ਝੂਠੇ ਲਾਲਚਾਂ 'ਚ ਆ ਕੇ ਆਪਣਾ ਜੀਵਨ ਬਰਬਾਦ ਕਰਦੇ ਨੇ। ਇਹ ਤਾਂ ਜਮਦੂਤਾਂ ਦੇ ਵਸ ਪੈਣਗੇ, ਜਦੋਂ ਧਰਮ ਦਾ ਨਿਆਂ ਹੋਣਾ ਹੈ ਉਥੇ ਇਨ੍ਹਾਂ ਨੂੰ ਪਛਤਾਉਣਾ ਪੈਣਾ ਹੈ, ਬਚਨ ਤੋੜਨ ਦਾ -

***ਨਿਰਭਉ ਨਾਮੁ ਵਿਸਾਰਿਆ ਨਾਲਿ ਮਾਇਆ ਰਚਾ॥***
***ਆਵੈ ਜਾਇ ਭਵਾਈਐ ਬਹੁ ਜੋਨੀ ਨਚਾ ॥***
***ਬਚਨੁ ਕਰੇ ਤੈ ਖਿਸਕਿ ਜਾਇ ਬੋਲੇ ਸਭੁ ਕਚਾ ॥***
***ਅੰਦਰਹੁ ਥੋਥਾ ਕੂੜਿਆਰੁ ਕੂੜੀ ਸਭ ਖਚਾ ॥***
***ਵੈਰੁ ਕਰੇ ਨਿਰਵੈਰ ਨਾਲਿ ਝੂਠੇ ਲਾਲਚਾ ॥ ਮਾਰਿਆ***
***ਸਚੈ ਪਾਤਿਸਾਹਿ ਵੇਖਿ ਧੁਰਿ ਕਰਮਚਾ ॥ ਜਮਦੂਤੀ***
***ਹੈ ਹੇਰਿਆ ਦੁਖ ਹੀ ਮਹਿ ਪਚਾ ॥***
***ਹੋਆ ਤਪਾਵਸੁ ਧਰਮ ਕਾ ਨਾਨਕ ਦਰਿ ਸਚਾ ॥***
***ਅੰਗ - ੧੦੯੯***

ਸਾਹਿਬਜ਼ਾਦਿਆਂ ਦੇ ਪੂਰਾ ਗੁਰੂ ਗ੍ਰੰਥ ਸਾਹਿਬ ਜੁਬਾਨੀ ਯਾਦ ਸੀ, ਗੁਰੂ ਅੱਠਵੇਂ ਪਾਤਸ਼ਾਹ ਦੇ ਪੂਰਾ ਗੁਰੂ ਗ੍ਰੰਥ ਸਾਹਿਬ ਜ਼ੁਬਾਨੀ ਯਾਦ ਸੀ। ਬਾਬੇ ਫਰੀਦ ਦੇ ਪੂਰਾ ਕੁਰਾਨ ਸ਼ਰੀਫ ਪੰਜ ਸਾਲ ਦੀ ਉਮਰ 'ਚ ਯਾਦ ਸੀ। ਉਸ ਵੇਲੇ ਕਹਿਣ ਲੱਗੇ ਕਿ ਜਿਸ ਧਰਮ ਦੇ ਵਿੱਚ ਤੁਸੀਂ ਕਹਿੰਦੇ ਓਂ ਕਿ ਇਸਲਾਮ ਵਿੱਚ ਆ ਜਾਓ, ਤੁਸੀਂ ਇਸਲਾਮ ਨੂੰ ਮੰਨਣ ਵਾਲੇ ਓਂ ਕਿ ਕਾਫਰ ਓਂ, ਤੁਸੀਂ ਤਾਂ ਆਪਣੀ ਧਰਮ ਪੋਥੀ ਦਾ ਸਤਿਕਾਰ ਨਹੀਂ ਰੱਖਿਆ। ਤੁਹਾਡਾ ਬਾਦਸ਼ਾਹ ਵੀ ਝੂਠਾ, ਤੁਸੀਂ ਵੀ ਝੂਠੇ। ਆਹ ਝੂਠਿਆਂ ਦੇ ਵਿੱਚ ਸਾਨੂੰ ਰਲਾਉਂਦੇ ਓਂ? ਦੱਸੋ ਸਾਨੂੰ ਕੀ ਗੁਣ ਹੈ ਉਹਦੇ ਵਿੱਚ? ਪਿਆਰਿਓ! ਆਪੋ ਆਪਣੇ ਧਰਮ ਸਭ ਨੂੰ ਪਿਆਰੇ ਹਨ, ਸਭ ਨੂੰ ਜੀਉਣ ਦਾ ਹੱਕ ਦਿਓ, ਸਭ ਨੂੰ ਆਪਣੇ ਧਰਮ ਦੇ

ਮੁਤਾਬਿਕ ਪੂਜਾ ਪਾਠ ਕਰਨ ਦਾ ਹੱਕ ਦਿਓ। ਅਸਲ ਗੱਲ ਨੂੰ ਸਮਝਦੇ ਨਹੀਂ ਉਹ। ਸਾਡੇ ਪਿਤਾ ਜੀ ਨੇ ਕਦ ਕਿਸੇ ਦੇ ਉੱਤੇ ਚੜ੍ਹਾਈ ਕਰੀ ਹੈ। ਤੁਸੀਂ ਚੜ੍ਹ-ਚੜ੍ਹ ਆਉਂਦੇ ਓਂ, ਅਸੀਂ ਉਹਦਾ ਜਵਾਬ ਦੇ ਦਿੰਦੇ ਹਾਂ। ਅਸਲ ਗੱਲ ਨੂੰ ਸਮਝੋ। ਤੁਹਾਡੇ ਧਰਮ ਦੇ ਮੁਤਾਬਿਕ ਸ਼ੈਤਾਨ ਨੇ ਮਨੁੱਖ ਨੂੰ ਭੁਲਾ ਦਿੱਤਾ। ਤੁਸੀਂ ਸਾਰੇ ਸ਼ੈਤਾਨ ਦੇ ਬੰਨ੍ਹੇ ਓਂ ਤੇ ਹਉਮੈ ਦੇ ਅਧੀਨ ਹੋਣ ਕਰਕੇ ਤੁਸੀਂ ਜੰਮਦੇ ਓਂ, ਮਰਦੇ ਓਂ। ਜਦੋਂ ਤੀਕਰ ਤੁਹਾਡੇ ਅੰਦਰ ਦਵੈਤ ਹੈ, ਆਪਣੇ ਬੇਗਾਨੇ ਦੀ ਗੱਲ ਚੱਲ ਰਹੀ ਹੈ, ਇਨਸਾਫ ਤੋਂ ਤੁਸੀਂ ਖੁਥੇ ਹੋਏ ਓਂ, ਤੁਸੀਂ ਤਾਂ ਜੰਮਦੇ ਮਰਦੇ ਰਹੋਂਗੇ, ਉਹਦੇ ਵਿੱਚ ਸਾਨੂੰ ਰਲਾਉਂਦੇ ਓਂ? ਕਹਿੰਦੇ ਦੁੱਖ ਤਾਂ ਇਸ ਗੱਲ ਦਾ ਹੈ, ਉਹ ਨਵਿਰਤ ਕਰਨਾ ਹੈ। ਜੰਮਣ ਮਰਨ ਦਾ ਦੁੱਖ ਜੋ ਗਲ ਵਿੱਚ ਪਿਆ ਹੋਇਆ ਹੈ। ਇਹਦੇ ਅੰਦਰ ਕੀ ਹੈ ਜਾਣਦੇ ਓਂ? ਇੱਕੋ ਜੋਤ ਹੈ, ਸਾਡੇ ਸਤਿਗੁਰੂ ਜੀ, ਇਸ ਤਰ੍ਹਾਂ ਦੇ ਨਾਲ ਫੁਰਮਾਉਂਦੇ ਨੇ।

***ਧਾਰਨਾ - ਮਨ ਤੂੰ ਜੋਤਿ ਸਰੂਪ ਹੈਂ,***
***ਆਪਣਾ ਮੂਲ ਪਛਾਣ।***

ਕਹਿਣ ਲੱਗੇ, ਅਸਲੀ ਗੱਲ ਤਾਂ ਤੁਸੀਂ ਬੁੱਝਦੇ ਨਹੀਂ। ਇਸਲਾਮ 'ਚ ਆ ਜਾਓ, ਤੁਹਾਨੂੰ ਬੇਗਮਾਂ ਨਾਲ ਵਿਆਹਵਾਂਗੇ, ਤੁਹਾਨੂੰ ਨਵਾਬ ਬਣਾ ਦੇਵਾਂਗੇ, ਬੜੇ ਅਮੀਰ ਬਣ ਜਾਓਂਗੇ, ਕੀ ਇਹ ਨਾਲ ਜਾਊਗਾ ਸਭ ਕੁਛ? ਆਪਣੇ ਕਰਮਾਂ ਦਾ ਫਲ ਨਵਾਬ ਸਾਹਿਬ ਦੋਜਕਾਂ 'ਚ ਸੜ ਕੇ ਭੋਗਣਾ ਪੈਣਾ ਹੈ। ਹਾਂ, ਕੋਈ ਗੁਣ ਹੁੰਦੇ ਅਸੀਂ ਸੋਚ ਲੈਂਦੇ। ਆਹ ਗੁਣ ਨੇ ਤੁਹਾਡੇ 'ਚ? ਨਾ ਤੁਹਾਨੂੰ ਕੁਰਾਨ ਸ਼ਰੀਫ 'ਤੇ ਵਿਸ਼ਵਾਸ਼, ਨਾ ਆਪਣੇ ਧਰਮ ਦੇ ਅਸੂਲਾਂ 'ਤੇ ਵਿਸ਼ਵਾਸ਼, ਧੋਖੇਬਾਜ਼ ਬੰਦੇ ਇਕੱਠੇ ਹੋਏ ਓਂ ਤੁਸੀਂ। ਸਾਡੇ ਪਿਤਾ ਜੀ 'ਚ ਦੱਸੋ ਕੀ ਖਰਾਬੀ ਹੈ? ਕਿਹੜੀ ਗੱਲ ਲਈ ਤੁਸੀਂ ਉਨ੍ਹਾਂ ਦੇ ਮਗਰ ਪਏ ਓਂ? ਸਾਡੇ ਦਾਦਾ ਜੀ ਨੇ, ਪੜਦਾਦਾ ਜੀ ਨੇ ਕਿਸੇ ਨੇ ਕੋਈ ਐਸੀ ਗੱਲ ਕਰੀ? ਤੁਸੀਂ ਫਤਵੇ ਦਿੰਦੇ ਓਂ ਕਿ ਇਹਨੂੰ ਮਾਰ ਦਓ, ਇਹਨੂੰ ਮਾਰ ਦਓ। ਮਾਰਨ ਤੇ ਕੋਈ ਨਹੀਂ ਮਰਦਾ, ਆਤਮਾ ਕਦੇ ਨਹੀਂ ਮਰਦੀ। ਗੱਲ ਸਮਝੋ, ਮਸਜਿਦ ਵੀ ਓਹੀ ਚੀਜ਼ ਹੈ, ਮੰਦਰ ਵੀ ਓਹੀ ਚੀਜ਼ ਹੈ, ਪੂਜਾ ਵੀ ਓਹੀ ਹੈ, ਨਮਾਜ਼ ਵੀ ਓਹੀ ਹੈ, ਰੱਬ ਨੂੰ ਮਿਲਣ ਦੇ ਵਸੀਲੇ ਨੇ ਸਾਰਿਆਂ ਦੇ। ਸਭ ਦੇ ਤਰੀਕਿਆਂ ਦਾ ਸਤਿਕਾਰ ਕਰੋ। ਬੇਅੰਤ ਦੁਨੀਆਂ ਹੈ -

***ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ***
***ਕੋਈ ਬ੍ਰਹਮਚਾਰੀ ਕੋਊ ਜਤੀਅਨੁ ਮਾਨਬੋ॥***
***ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸ਼ਾਫੀ***
***ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ॥***
***ਕਰਤਾ ਕਰੀਮ ਸੋਈ ਰਾਜਕ ਰਹੀਮ ਓਈ***
***ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥***
***ਏਕ ਹੀ ਕੀ ਸੇਵ, ਸਭ ਹੀ ਕੋ ਗੁਰਦੇਵ ਏਕ,***
***ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥***

***ਅਕਾਲ ਉਸਤਤਿ***

ਸਾਰਿਆਂ ਦੇ ਅੰਦਰ ਇੱਕੋ ਪ੍ਰਭੂ ਦੀ ਜੋਤ ਹੈ ਤੇ ਝਗੜਦੇ ਓਂ, ਮੰਦਰ ਢਾਈ ਜਾਂਦੇ ਓਂ ਤੁਸੀਂ, ਮੰਦਰ ਤੇ ਮਸਜਿਦ ਵਿੱਚ ਕੀ ਫਰਕ ਹੈ। ਦੋਵੇਂ ਪ੍ਰਮੇਸ਼ਰ ਦੀਆਂ ਯਾਦ ਕਰਨ ਦੀਆਂ ਥਾਵਾਂ ਨੇ। ਤੁਸੀਂ ਉਥੇ ਨਮਾਜ਼ ਪੜ੍ਹਦੇ ਓਂ, ਉਹ ਪੂਜਾ ਕਰਦੇ ਨੇ -

***ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ,***
***ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥***
***ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ,***
***ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥***
***ਏਕੈ ਨੈਨ ਏਕੈ ਕਾਨ ਏਕੈ ਦੇ ਏਕੈ ਬਾਨ,***
***ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ॥***
***ਅਲਹ ਅਭੇਖ ਸੋਈ ਪੁਰਾਨ ਐ ਕੁਰਾਨ ਓਈ***
***ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ॥***

***ਅਕਾਲ ਉਸਤਤਿ***

ਐਉਂ ਦੱਸੋ ਤੁਹਾਡੇ ਵਿੱਚ ਕੋਈ ਤੱਤ ਵੱਧ ਘੱਟ ਨੇ ਜਾਂ ਹਿੰਦੂਆਂ 'ਚ ਘੱਟ ਨੇ? ਵਾਦ ਪਏ ਹੋਏ ਤੁਸੀਂ ਮਾਰੀ ਜਾਂਦੇ ਓਂ ਅੰਨ੍ਹਿਆਂ ਵਾਂਗ ਸਾਰਿਆਂ ਨੂੰ। ਇੱਕੋ ਅੱਖਾਂ ਨੇ, ਇੱਕੋ ਕੰਨ ਹੈ, ਇੱਕੋ ਜਿਹੀ ਦੇਹ ਹੈ, ਇੱਕੋ ਜਿਹੇ ਬੋਲ ਨੇ, ਪੰਜਾਂ ਤੱਤਾਂ ਦੇ ਤੁਸੀਂ ਬਣੇ ਓਂ। ਅੱਲਾਹ ਤੇ ਰਾਮ ਵਿੱਚ ਕਿਉਂ ਵਿਤਕਰਾ ਪਾਉਂਦੇ ਓਂ। ਐਨਾ ਅਗਿਆਨ ਤੁਹਾਡੇ ਅੰਦਰ? ਸਾਡੇ ਸਤਿਗੁਰੂ ਦਸਦੇ ਨੇ ਇਸ ਤਰ੍ਹਾਂ-

***ਧਾਰਨਾ - ਆਪੇ ਇੱਕ ਤੋਂ ਅਨੇਕ ਰੂਪ ਧਾਰ ਕੇ,***
***ਆਪੇ ਖੇਲ੍ਹੇ ਖੇਲ੍ਹ ਆਪਣੀ।***

***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥***

***ਜਾਪੁ ਸਾਹਿਬ***

ਸਾਡੇ ਪਿਤਾ ਜੀ ਦਵੈਤ ਵਿੱਚ ਨਹੀਂ ਹਨ ਨਵਾਬ ਸਾਹਿਬ! ਸਾਡੇ ਪਿਤਾ ਜੀ ਕਹਿੰਦੇ ਨੇ -

***ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,***
***ਨਿਆਰੇ ਨਿਆਰੇ ਹੋਇ ਕੈ ਫੇਰਿ ਆਗ ਮੈ ਸਮਾਹਿੰਗੇ॥***
***ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈਂ***
***ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥***
***ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ***
***ਪਾਨ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥***
***ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ***
***ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ॥***
***ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ***
***ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ॥***

***ਅੰਗ - ਅਕਾਲ ਉਸਤਤਿ***

ਸਾਰੇ ਧਰਮਾਂ ਵਾਲਿਆਂ ਦਾ ਸਤਿਕਾਰ ਹੈ, ਅਸੀਂ ਸਭ ਦੇ ਨਾਲ ਇੱਕ ਆਤਮਕ ਰੂਪ ਵਿੱਚ ਵਰਤਦੇ ਹਾਂ। ਨਵਾਬ ਸਾਹਿਬ! ਮਜ਼੍ਹਬ ਵਸੀਲਾ ਹੁੰਦਾ ਹੈ ਮੁਕਤੀ ਦਾ, ਨਜਾਤ ਦਾ, ਮਜ਼੍ਹਬ ਇਹ ਨਹੀਂ ਹੁੰਦਾ ਕਿ ਧੱਕੇ ਨਾਲ ਗਲ ਵੱਢ-ਵੱਢ ਕੇ, ਆਪਣੇ ਵਿੱਚ ਰਲਾਈ ਜਾਓ। ਅਸੀਂ ਆਪਣੇ ਤਨ ਮਨ ਪਹਿਲਾਂ ਗੁਰੂ ਨੂੰ ਅਰਪਦੇ ਹਾਂ। ਫੇਰ ਤੁਸੀਂ ਕਹਿੰਦੇ ਓਂ ਨਮਾਜ਼ ਨਹੀਂ ਪੜ੍ਹਦੇ, ਤੁਸੀਂ ਪੰਜ ਵਾਰੀ ਨਮਾਜ਼ ਪੜ੍ਹਦੇ ਓਂ, ਅਸੀਂ ਸਦਾ ਹੀ ਪੜ੍ਹਦੇ ਹਾਂ। ਸਾਨੂੰ ਕਦੇ ਵੀ ਨਾਮ ਨਹੀਂ ਭੁਲਦਾ।

***ਅਲਪ ਆਹਾਰ ਸੁਲਪ ਸੀ ਨਿੰਦ੍ਰਾ***
***ਦਯਾ ਛਿਮਾ ਤਨ ਪ੍ਰੀਤ॥ ਪਾਤਸ਼ਾਹੀ ੧੦***

ਹਿੰਦੂਆਂ ਨੂੰ ਤੁਸੀਂ ਤੰਗ ਕਰਦੇ ਓਂ, ਮੁਸਲਮਾਨ ਗਰੀਬਾਂ ਨੂੰ ਤੁਸੀਂ ਤੰਗ ਕਰਦੇ ਓਂ। ਤੁਹਾਨੂੰ ਹੰਕਾਰ ਹੈ ਆਪਣੀਆਂ ਨਵਾਬੀਆਂ ਦਾ, ਇਹ ਗੱਲਾਂ ਅਸੀਂ ਸਹਿਨ ਨਹੀਂ ਕਰ ਸਕਦੇ, ਸਾਡਾ ਕੋਈ ਝਗੜਾ ਨਹੀਂ ਕਿਸੇ ਨਾਲ, ਕਿਸੇ ਰਾਜ ਨਾਲ ਝਗੜਾ ਨਹੀਂ ਹੈ। ਝਗੜਾ ਹੈ ਤਾਂ ਬੇਇਨਸਾਫੀ ਨਾਲ ਹੈ, ਜ਼ੁਲਮ ਨਾਲ ਹੈ।

ਸੁੱਚਾ ਨੰਦ ਕਹਿਣ ਲੱਗਿਆ ਕਿ ਸੁਣ ਲਈਆਂ ਇਨ੍ਹਾਂ ਦੀਆਂ ਗੱਲਾਂ? ਇਹ ਕਿਤੇ ਛੱਡਣ ਵਾਲੇ ਨੇ। ਕਹਿੰਦੇ, ਬੱਚਿਓ! ਜੇ ਤੁਹਾਨੂੰ ਛੱਡ ਦੇਈਏ ਫੇਰ ਤੁਸੀਂ ਕੀ ਕਰੋਂਗੇ? ਕਹਿੰਦੇ, ਜਦੋਂ ਤਕ ਬੇਇਨਸਾਫੀ ਚਲਦੀ ਹੈ ਅਸੀਂ ਜੱਦੋ-ਜਹਿਦ ਕਰਾਂਗੇ। ਲਓ ਕਹਿੰਦਾ, ਨਵਾਬ ਸਾਹਿਬ! ਕਾਜ਼ੀ ਸਾਹਿਬ ਨੂੰ ਕਹੋ ਕਿ ਫਤਵਾ ਲਾਵੇ। ਕਾਜ਼ੀ ਨੇ ਫਤਵਾ ਲਾਇਆ ਤੇ ਦੋਹਾਂ ਨੂੰ ਜੀਉਂਦਿਆਂ ਨੂੰ ਨੀਂਹਾਂ ਦੇ ਵਿੱਚ ਚਿਣ ਦਿੱਤਾ ਜਾਵੇ। ਉਸੇ ਵੇਲੇ ਨਵਾਬ ਮਲੇਰਕੋਟਲੇ ਦਾ ਉੱਠ ਕੇ ਖੜ੍ਹਾ ਹੋ ਗਿਆ। ਕਹਿੰਦਾ, ਸੁਣੋ-ਸੁਣੋ ਕੁਫਰ ਕਰ ਰਹੇ ਓਂ ਤੁਸੀਂ। ਆਹ ਸ਼ੀਰਖੋਰ ਬੱਚਿਆਂ ਨੇ ਕੀ ਵਿਗਾੜਿਆ ਹੈ। ਕਿਹੜਾ ਕਾਨੂੰਨ ਹੈ ਜਿਹੜਾ ਪੰਜ ਜਾਂ ਅੱਠ ਸਾਲ ਦੇ ਬੱਚੇ 'ਤੇ ਲਾਗੂ ਹੋ ਜਾਏ। ਮੈਂ ਤੁਹਾਡੇ ਨਾਲ ਸਹਿਮਤ ਨਹੀਂ। ਮੈਂ ਐਸੀ ਸਭਾ ਦਾ ਤਿਆਗ ਕਰਦਾ ਹਾਂ, ਜਿਥੇ ਖੁਦਾ ਨੂੰ ਵੀ ਇੱਕ ਪਾਸੇ ਸੁੱਟ ਦਿੱਤਾ ਜਾਂਦਾ ਹੈ, ਕਿੰਨਾ ਕੁਫਰ ਹੈ। ਉਸ ਤੋਂ ਬਾਅਦ ਕਹਿਣ ਲੱਗੇ ਬੱਚਿਓ! ਹੁਣ ਆਖਰੀ ਫੈਸਲਾ ਹੈ, ਜੇ ਤਾਂ ਜੀਉਣਾ ਹੈ ਤਾਂ, ਤਾਂ ਦੀਨ-ਏ-ਇਸਲਾਮ ਕਬੂਲ ਕਰ ਲਓ। ਨਹੀਂ ਫੇਰ ਮੌਤ ਵਾਸਤੇ ਤਿਆਰ ਹੋ ਜਾਓ। ਕਹਿਣ ਲੱਗੇ, ਨਵਾਬ ਸਾਹਿਬ! ਜੀਉਣ ਤੇ ਮਰਨ ਵਿੱਚ ਫਰਕ ਨਹੀਂ ਹੈ, ਕਿਉਂਕਿ ਆਤਮਾ ਨਾ ਕਦੇ ਮਰਦੀ ਹੈ, ਨਾ ਕਦੇ ਜੰਮਦੀ ਹੈ; ਤੁਸੀਂ ਪਾਮਰ ਲੋਕ ਜੰਮਦੇ ਓਂ, ਮਰਦੇ ਓਂ, ਦੋਜਕਾਂ 'ਚ ਜਾਂਦੇ ਓਂ, ਗੁਰਸਿੱਖ ਨਹੀਂ ਜਾਂਦੇ। ਗੁਰਸਿੱਖ ਨੂੰ ਸਦਾ ਦਾ ਜੀਵਨ ਮਿਲਦਾ ਹੈ -

***ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥***
***ਅੰਗ - ੨੭੩***

***ਸੰਤ ਤੁਮਾਰੇ ਤੁਮਰੇ ਪ੍ਰੀਤਮ***
***ਤਿਨ ਕਉ ਕਾਲ ਨ ਖਾਤੇ ॥ ਅੰਗ - ੫੨੯***

ਅਸੀਂ ਅਕਾਲ ਦੇ ਲੜ ਲੱਗੇ ਹੋਏ ਹਾਂ, ਕਾਲ ਤੋਂ ਉੱਪਰ ਲੰਘੇ ਹੋਏ ਹਾਂ। ਸਾਨੂੰ ਮਰਨ ਜੰਮਣ ਦੀ ਗੱਲ ਨਾ ਕੋਈ ਕਹੋ।ਬਾਕੀ ਹੈ ਜਿਹੜਾ ਤੁਸੀਂ ਕਹਿੰਦੇ ਓਂ, ਇਹ ਸਾਡੇ ਖਾਨਦਾਨ ਦੀ ਰੀਤ ਚਲੀ ਆ ਰਹੀ ਹੈ, ਸ਼ੁਰੂ ਤੋਂ। ਸਾਡੇ ਦਾਦਾ ਜੀ ਦੇ ਦਾਦਾ ਜੀ ਉਨ੍ਹਾਂ ਨੇ ਲਾਹੌਰ ਦੇ ਅੰਦਰ ਕਿਵੇਂ ਤੱਤੀਆਂ ਤਵੀਆਂ 'ਤੇ ਬੈਠ ਕੇ ਆਪਣਾ ਬਲੀਦਾਨ ਦਿੱਤਾ। ਸਾਡੇ ਦਾਦਾ ਜੀ ਨੇ ਕਿਸ ਤਰ੍ਹਾਂ ਬਲੀਦਾਨ ਦਿੱਤਾ -

***ਹਮਰੇ ਬੰਸ ਰੀਤਿ ਇਮ ਆਈ॥***
***ਸੀਸ ਦੇਤਿ ਪਰ ਧਰਮ ਨ ਜਾਈ॥***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - ੫੯੫੨***

ਓਸ ਵੇਲੇ ਕਹਿਣ ਲੱਗੇ ਤਿਆਰ ਹੋ ਜਾਓ। ਉਸ ਵੇਲੇ ਅਰਦਾਸ ਕੀਤੀ ਸਾਹਿਬਜ਼ਾਦਿਆਂ ਨੇ ਕਿ ਹੇ ਸਤਿਗੁਰੂ ਜੀ! ਤੇਰੇ ਚਰਨਾਂ ਦੇ ਨਾਲ ਸਾਡੀ ਅੰਤ ਸਮੇਂ ਨਿਭ ਜਾਵੇ।

***ਧਾਰਨਾ - ਨਿਭ ਜਾਏ ਗੁਰੂ ਜੀ, ਨਿਭ ਜਾਏ,***
***ਤੇਰੇ ਚਰਨਾਂ ਨਾਲ ਪ੍ਰੀਤ।***

***ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ।***
***ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ।***
***ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ।***
***ਮੋਰ ਬਬੀਹੇ ਬੋਲਦੇ, ਵੇਖਿ ਬਦਲ ਕਾਲੇ।***
***ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮਾਲੇ।***
***ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ॥***
***ਭਾਈ ਗੁਰਦਾਸ ਜੀ ਵਾਰ, ੨੭/੪***

ਕਹਿਣ ਲੱਗੇ, ਪਾਤਸ਼ਾਹ! ਤੇਰੇ ਚਰਨਾਂ 'ਚ ਅਰਦਾਸ ਹੈ, ਓਸ ਵੇਲੇ ਮਾਹੀ ਕਹਿਣ ਲੱਗਿਆ ਕਿ ਮੈਂ ਮਹਾਰਾਜ ਦੱਸ ਨਹੀਂ ਸਕਦਾ। ਮਹਾਰਾਜ ਕਹਿੰਦੇ, ਕੋਈ ਗੱਲ ਨਹੀਂ ਮਾਹੀ ਧੀਰਜ ਕਰ, ਸਾਰੀ ਗੱਲ ਦੱਸ? ਕਹਿੰਦਾ, ਸੱਚੇ ਪਾਤਸ਼ਾਹ! ਨੀਂਹਾਂ ਵਿੱਚ ਚਿਣਨ ਲੱਗ ਗਏ ਸਾਹਿਬਜ਼ਾਦਿਆਂ ਨੂੰ। ਬਹੁਤ ਸਖਤੀ ਨਾਲ। ਛੋਟੇ ਸਾਹਿਬਜ਼ਾਦਿਆਂ ਦਾ ਜਿਸ ਵਕਤ ਦਮ ਘੁਟਣ ਲਗ ਗਿਆ ਓਸ ਵੇਲੇ ਵੱਡਿਆਂ ਦੇ ਅੱਖਾਂ 'ਚ ਪਾਣੀ ਆ ਗਿਆ। ਛੋਟੇ ਕਹਿਣ ਲੱਗੇ ਕੀ ਗੱਲ? ਕਹਿੰਦੇ, ਤੂੰ ਮੇਰੇ ਤੋਂ ਪਿਛੋਂ ਆਇਆ ਸੀ, ਸ਼ਹੀਦੀ ਤੂੰ ਪਹਿਲਾਂ ਦੇ ਦਿੱਤੀ।

ਮਹਾਰਾਜ! ਐਨੇ ਨੂੰ ਕੰਧ ਫਟ ਗਈ, ਕੰਧ ਗਿਰ ਦੋਵੇਂ। ਕੰਬਲ ਪਾ ਦਿੱਤੇ ਗਏ। ਨਵਾਬ ਨੇ ਕਿਹਾ ਕਿ ਕੋਈ ਸੂਰਮਾ ਉਠੋ, ਲੈ ਲਓ ਬਦਲਾ ਆਪਣੇ ਰਿਸ਼ਤੇਦਾਰਾਂ ਤੋਂ, ਜਿਹੜੇ ਇਨ੍ਹਾਂ ਦੇ ਪਿਤਾ ਨੇ, ਸਿੱਖਾਂ ਨੇ ਮਾਰੇ ਸੀ। ਕਹਿੰਦੇ, ਕੋਈ ਨਾ ਉਠਿਆ ਉਸ ਵਕਤ। ਜਲਾਦ ਆਏ ਸੀ ਸਮਾਣੇ ਵਾਲੇ ਉਨ੍ਹਾਂ ਨੂੰ ਕੋਈ ਕੰਮ ਸੀ, ਨਵਾਬ ਨੇ ਕਿਹਾ, ਉਨ੍ਹਾਂ ਨੇ ਛਾਤੀ ਉੱਤੇ ਦੋਹਾਂ ਸਾਹਿਬਜ਼ਾਦਿਆਂ ਦੇ ਗੋਡੇ ਰੱਖੇ, ਜਿਵੇਂ ਬਕਰੇ ਨੂੰ ਜਿਹਬਾ ਕਰਦੇ ਨੇ। ਇਵੇਂ ਹਸਦੇ ਚੜ੍ਹਦੀ ਕਲਾ 'ਚ ਉਨ੍ਹਾਂ ਨੇ ਆਪਣਾ ਬਲੀਦਾਨ ਦੇ ਦਿੱਤਾ। ਉਸ ਤੋਂ ਬਾਅਦ ਮਾਤਾ ਜੀ ਨੂੰ ਜਾ ਕੇ ਖਬਰ ਹੋਈ, ਉਨ੍ਹਾਂ ਨੇ ਉਸ ਵੇਲੇ ਬਹੁਤ ਧੰਨਵਾਦ ਕਰਿਆ ਕਿ ਨਿਭ ਗਈ ਸਾਡੀ ਗੁਰੂ ਨਾਲ। ਉਸ ਵੇਲੇ ਮਾਤਾ ਜੀ ਨੇ ਚੌਂਕੜਾ ਮਾਰਿਆ, ਸਵਾਸ ਦਸਵੇਂ ਦੁਆਰ ਖਿੱਚੇ ਤੇ ਬ੍ਰਹਮ ਰੁੰਦਰ ਤੋੜ ਕੇ ਸਰੀਰ ਦੇ ਵਿਚੋਂ ਅੱਡ ਹੋ ਗਏ। ਬਾਣੀ ਦੇ ਵਿੱਚ ਇਸ ਤਰ੍ਹਾਂ ਆਉਂਦਾ ਹੈ। ਪੜ੍ਹੋ ਪਿਆਰ ਨਾਲ -

***ਧਾਰਨਾ - ਆਵੈ ਜਾਏ ਨਿਸੰਗ***
***ਗੁਰਮੁਖ ਪਿਆਰਾ-ਗੁਰਮੁਖ ਪਿਆਰਾ।***

ਮਰਜ਼ੀ ਨਾਲ ਸਰੀਰ 'ਚ ਰਹਿ ਸਕਦਾ ਹੈ, ਮਰਜ਼ੀ ਦੇ ਨਾਲ ਸਰੀਰ 'ਚੋਂ ਨਿਕਲ ਜਾਂਦਾ ਹੈ। ਸਾਡੇ ਇਤਿਹਾਸ ਨੇ ਇੱਥੇ ਹਨ੍ਹੇਰ ਮਚਾਇਆ ਹੋਇਆ ਹੈ। ਇੱਕ ਇਤਿਹਾਸ ਲਿਖਦਾ ਹੈ ਕਿ ਮਾਤਾ ਜੀ ਨੇ ਕਿਹਾ ਕਿ ਟੋਡਰ ਮੱਲ ਨੂੰ ਕਿ ਟੋਡਰ ਮੱਲ! ਮੈਨੂੰ ਹੁਣੇ ਹੀਰਾ ਲਿਆ ਦੇ ਮੈਂ ਹੁਣੇ ਹੀਰਾ ਚੱਟ ਕੇ ਮਰ ਜਾਵਾਂ। ਮੇਰੇ ਤੋਂ ਸ਼ਹੀਦੀ ਦੁਖ ਸਹਿਆ ਨਹੀਂ ਜਾਂਦਾ। ਕਿੱਡੀ ਕਮਜ਼ੋਰ ਗੱਲ ਹੈ। ਦੂਜਾ ਇਤਿਹਾਸ ਲਿਖਦਾ ਹੈ ਕਿ ਮਾਤਾ ਜੀ ਨੇ ਸੁਣਦੇ ਸਾਰ ਬੁਰਜ 'ਚੋਂ ਛਾਲ ਮਾਰੀ। ਤੀਸਰਾ ਇਤਿਹਾਸ ਕਹਿੰਦਾ ਹੈ, ਪ੍ਰਫੈਸਰਾਂ ਦੀਆਂ ਗੱਲਾਂ ਨੇ ਇਹ ਕਿ ਉਹ ਕਹਿੰਦਾ ਕਿ ਮਾਤਾ ਜੀ ਨੇ ਐਨੇ ਜ਼ੋਰ ਦੇ ਨਾਲ ਟੱਕਰ ਮਾਰੀ ਮਹੱਲ ਦੇ ਨਾਲ ਕਿ ਸਿਰ ਪਾਟ ਗਿਆ, ਖੂਨ ਨਿਕਲ ਗਿਆ ਤੇ ਉਹ ਚੜ੍ਹਾਈ ਕਰ

ਗਏ। ਚੌਥਾ ਹੋਰ ਸਿਆਣਾ ਇਤਿਹਾਸਕਾਰ ਕਹਿੰਦਾ ਹੈ ਕਿ ਮਾਤਾ ਜੀ ਦਾ ਸੁਣ ਕੇ ਦਿਲ ਫੇਲ੍ਹ ਹੋ ਗਿਆ। ਇਹ ਕੱਚੀਆਂ ਗੱਲਾਂ ਨੇ।

ਨਾਮਧਾਰੀ ਸਿੰਘ ੭੨ ਨੇ ਤੇ ਹੁਕਮ ਹੋ ਗਿਆ ਕਿ ਤੋਪਾਂ ਨਾਲ ਉਡਾ ਦਿਓ, ਬਗੈਰ ਮੁਕੱਦਮਾ ਚਲਾਏ ਤੋਂ। ਤੋਪਾਂ ਨਾਲ ਉਡ ਰਹੇ ਨੇ ਤੇ ਉਨ੍ਹਾਂ ਨਾਲ ਇੱਕ ਬਿਸ਼ਨ ਸਿੰਘ ਨਾਮ ਦਾ ਬੱਚਾ ੧੪ ਸਾਲ ਦਾ, ਬਹੁਤਾ ਹੀ ਸੁੰਦਰ। ਜਦ ਓਹਦੀ ਵਾਰੀ ਆਈ ਤਾਂ ਕਾਬਨ ਦੀ ਮੇਮ, ਉਸ ਡਿਪਟੀ ਕਮਿਸ਼ਨਰ ਦੀ, ਕਹਿਣ ਲੱਗੀ, ਮਿਸਟਰ ਕਾਬਨ! ਆਹ ਬੱਚੇ ਨੇ ਤੇਰਾ ਕੀ ਵਿਗਾੜਿਆ ਹੈ ਇਹਨੂੰ ਛੱਡ ਦੇ, ਉਹਨੂੰ ਛੱਡ ਦਿੱਤਾ। ਓਹਦੀ ਮਾਤਾ ਵਿੱਚ ਖੜ੍ਹੀ ਸੀ, ਦੇਖ ਰਹੀ ਸੀ ਦੁਨੀਆਂ ਸਾਰੀ। ਤੋਪਾਂ ਚਾਰ ਚਲਦੀਆਂ ਸੀ, ਅਸਮਾਨਾਂ 'ਚ ਉਡ ਜਾਣਾ, ਫੇਰ ਕਿਸੇ ਦਾ ਬਾਂਹ ਕਿਤੇ, ਲੱਤਾਂ ਕਿਤੇ, ਧੜ ਕਿਤੇ, ਸਿਰ ਕਿਤੇ, ਬੇਅੰਤ ਬੰਦੇ ਬੁਲਾਏ ਹੋਏ ਸੀ ਅੰਗਰੇਜ਼ ਨੇ ਦਹਿਸ਼ਤ ਪਾਉਣ ਵਾਸਤੇ। ਉਹਦੀ ਮਾਂ ਵੀ ਵਿੱਚ ਖੜ੍ਹੀ ਸੀ, ਜਦ ਉਹ ਬੱਚਾ ਛੱਡਿਆ, ਮਾਂ ਕੋਲ ਨੂੰ ਆ ਗਿਆ, ਮਾਂ ਕਹਿੰਦੀ ਤੂੰ ਕਿਉਂ ਆਇਆ ਹੈਂ? ਗੁਰੂ ਤੇਗ ਬਹਾਦਰ ਸਾਹਿਬ ਨੇ ਜਹਾਜ਼ ਲਾਇਆ ਹੋਇਆ ਹੈ ਸ਼ਹੀਦੀ ਦਾ। ਕਹਿੰਦਾ, ਮਾਂ, ਰੋਣ ਲਗ ਗਿਆ। ਕਹਿੰਦੀ ਰੋਂਦਾ ਕਿਉਂ ਹੈ, ਤੈਨੂੰ ਡਰ ਲਗਦਾ ਹੈ? ਕਹਿੰਦਾ ਨਾ ਮੈਨੂੰ ਡਰ ਨਹੀਂ ਲਗਦਾ, ਮੈਨੂੰ ਛੱਡ ਦਿੱਤਾ ਉਨ੍ਹਾਂ ਨੇ। ਮੈਨੂੰ ਕਹਿੰਦੇ ਨੇ ਕਿ ਤੂੰ ਛੋਟਾ ਹੈਂ। ਮਾਂ ਨੇ ਕਿਹਾ ਕਿ ਉਹਦੀ ਦਾੜ੍ਹੀ ਫੜ ਲੈ ਜਾ ਕੇ। ਡੀ.ਸੀ. ਕੋਲ ਚਲਿਆ ਗਿਆ, ਮਿਸਟਰ ਕਾਬਨ ਕੋਲ, ਕਹਿੰਦਾ ਮੈਂ ਤੈਨੂੰ ਇੱਕ ਗੱਲ ਦੱਸਣੀ ਹੈ, ਸਾਢੇ ਛੇ ਫੁੱਟ ਉੱਚਾ ਸੀ ਉਹ। ਦਾੜ੍ਹੀ ਓਹਦੀ ਧੁਨੀ ਤਕ ਸੀ। ਜਦ ਉਹ ਨੀਵਾਂ ਹੋਇਆ ਤਾਂ ਉਸ ਬੱਚੇ ਨੇ ਉਹਦੀ ਦਾੜ੍ਹੀ ਐਸੇ ਜ਼ੋਰ ਨਾਲ ਫੜੀ ਕਿ ਬਥੇਰਾ ਛੁਡਾ ਰਹੇ, ਉਹ ਛਡਦਾ ਨਹੀਂ। ਉਥੇ ਨਾਭੇ ਦੇ ਰਸਾਲੇ ਦਾ ਇੱਕ ਨੈਬ ਸੂਬੇਦਾਰ ਖੜ੍ਹਾ ਸੀ, ਉਹਨੇ ਆਪਣੇ ਕਿਰਚ ਕੱਢੀ ਦੋਵੇਂ ਬਾਹਵਾਂ ਵੱਢ ਦਿੱਤੀਆਂ ਬੱਚੇ ਦੀਆਂ। ਧਰਤੀ ਤੇ ਗਿਰਿਆ ਤੇ ਉਹਦਾ ਸਿਰ ਕੱਟ ਦਿੱਤਾ। ਉਹਦੀ ਮਾਂ ਜੈਕਾਰੇ ਬੁਲਾਉਣ ਲਗ ਗਈ ਸੰਗਤ 'ਚ ਹੀ, 'ਬੋਲੇ ਸੋ ਨਿਹਾਲ-ਬੋਲੇ ਸੋ ਨਿਹਾਲ'। ਛਾਲਾਂ ਮਾਰੇ, ਟਪਦੀ ਫਿਰੇ ਕਿ ਅੱਜ ਮੇਰੀ ਕੁੱਖ ਸੁਲੱਖਣੀ ਹੋ ਗਈ, ਮੇਰਾ ਪੁੱਤ ਸ਼ਹੀਦ ਹੋ ਗਿਆ।

ਐਧਰ ਗੁਰੂ ਦਸਵੇਂ ਪਾਤਸ਼ਾਹ ਦੀ ਮਾਤਾ ਨੂੰ ਕਹਿੰਦੇ ਨੇ ਕਿ ਹੀਰਾ ਲਿਆ ਦੇ ਮੈਂ ਚੱਟ ਲਵਾਂ। ਸਾਧਸੰਗਤ ਜੀ! ਸਾਧੂ, ਮਹਾਂਪੁਰਸ਼ਾਂ 'ਚ ਇਹ ਸ਼ਕਤੀ ਹੁੰਦੀ ਹੈ ਕਿ ਆਪਣੀ ਮੌਜ ਦੇ ਨਾਲ ਬੈਠ ਕੇ ਸਰੀਰ ਛੱਡ ਦਿੰਦੇ ਨੇ। ਮਾਤਾ ਜੀ ੨੮ ਸਾਲ ਗੁਰੂ ਨੌਵੇਂ ਪਾਤਸ਼ਾਹ ਦੇ ਦਰਵਾਜ਼ੇ 'ਤੇ ਬੈਠ ਕੇ ਤਪ ਕਰਦੇ ਰਹੇ। ਉਨ੍ਹਾਂ ਨੂੰ ਸਾਰੀ ਅੰਦਰਲੀ ਖੇਡ ਦਾ ਪਤਾ ਸੀ। ਮਾਤਾ ਜੀਤੋ ਜੀ ਨੂੰ ਸਾਰੀ ਖੇਲ੍ਹ ਦਾ ਪਤਾ ਸੀ, ਉਹ ਸਰੀਰ ਇਸੇ ਤਰ੍ਹਾਂ ਛੱਡ ਕੇ ਗਏ ਸੀ। ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਨੇ ਇਵੇਂ ਹੀ ਸਰੀਰ ਛੱਡਿਆ। ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਨੇ ਇਸੇ ਤਰ੍ਹਾਂ ਸਰੀਰ ਛੱਡਿਆ, ਸੰਤ ਮਹਾਰਾਜ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਨੇ ਇਸੇ ਤਰ੍ਹਾਂ ਸਰੀਰ ਛੱਡਿਆ, ਬੀਮਾਰ ਹੋ ਕੇ ਨਹੀਂ ਛੱਡਿਆ, ਚੌਂਕੜੀ ਮਾਰ ਕੇ ਛੱਡਿਆ ਤੇ ਮਾਤਾ ਜੀ ਨੂੰ ਇਹ ਗੱਲ ਕਹਿੰਦੇ ਨੇ।

ਸੋ ਜਿਸ ਵਕਤ ਮਹਾਰਾਜ ਜੀ ਨੇ ਸਾਰੀ ਗੱਲ ਸੁਣੀ, ਕਿਸੇ ਦੇ ਨੇਤਰ ਸੁੱਕੇ ਨਹੀਂ, ਹਉਕੇ ਲੈ ਰਹੇ ਨੇ ਸਾਰੇ; ਜਿਹੜਾ ਉਥੇ ਦਾ ਰਾਏ ਕੱਲਾ ਰਾਜਾ ਹੈ ਉਹ ਬਹੁਤ ਰੋ ਰਿਹਾ ਹੈ। ਉਸ ਵੇਲੇ ਮਹਾਰਾਜ ਕਹਿਣ ਲੱਗੇ ਪਿਆਰਿਓ! ਤੁਸੀਂ ਕਿਉਂ ਰੋ ਰਹੇ ਓਂ, ਉਹ ਤਾਂ ਸਚਖੰਡ ਦੇ ਵਿੱਚ ਜਾ ਚੁੱਕੇ ਨੇ। ਬਹੁਤ ਉੱਚਾ ਉਨ੍ਹਾਂ ਨੂੰ ਦਰਜਾ ਪ੍ਰਾਪਤ ਹੋਇਆ ਹੈ ਤੇ ਉਨ੍ਹਾਂ ਦੀ ਕਰਨੀ ਦੇ ਨਾਲ ਜਿਹੜੇ ਡਰਪੋਕ ਬੰਦੇ ਨੇ ਉਨ੍ਹਾਂ ਦੇ ਅੰਦਰ ਬਹਾਦਰੀ ਆਏਗੀ, ਸੱਚ ਦੇ ਉੱਤੇ ਕੁਰਬਾਨ ਹੋਣ ਦੀ ਜ਼ੁਰਅੱਤ ਆਏਗੀ। ਉਹ ਤਾਂ ਐਸੀ ਕਰਨੀ ਕਰ ਗਏ ਕਿ ਰਹਿੰਦੀ ਦੁਨੀਆਂ ਤਕ ਉਨ੍ਹਾਂ ਦਾ ਜਸ ਗਾਇਆ ਜਾਇਆ ਕਰਨਾ ਹੈ।

***ਧਾਰਨਾ - ਜਸ ਗਾਉ ਸਾਰੀ ਦੁਨੀਆਂ,***
***ਐਸੀ ਕਰਨੀ ਕਰ ਗਏ ਪਿਆਰੇ।***

ਕਹਿਣ ਲੱਗੇ, ਤੁਸੀਂ ਐਨੇ ਵੈਰਾਗ ਵਿੱਚ ਕਿਉਂ ਆਏ ਓਂ? ਖੁਸ਼ੀ ਮਨਾਓ ਉਨ੍ਹਾਂ ਨੇ ਆਪਣੇ ਧਰਮ ਨੂੰ ਕਾਇਮ ਰੱਖਿਆ। ਉਨ੍ਹਾਂ ਨੇ ਦੂਸਰੇ ਧਰਮਾਂ ਦੀ ਰਾਖੀ ਕਰਦਿਆਂ ਹੋਇਆ ਆਪਣਾ ਬਲੀਦਾਨ ਦਿੱਤਾ। ਉਹ ਅਕਾਲ ਪੁਰਖ ਦੇ -

***ਸਚ ਖੰਡਿ ਵਸੈ ਨਿਰੰਕਾਰੁ ॥***
***ਕਰਿ ਕਰਿ ਵੇਖੈ ਨਦਰਿ ਨਿਹਾਲ ॥ ਅੰਗ - ੮***

ਉਥੇ ਉਨ੍ਹਾਂ ਨੂੰ ਉੱਚੀਆਂ ਸੀਟਾਂ ਮਿਲ ਗਈਆਂ ਨੇ। ਇਹ ਅਫਸੋਸ ਕਰਨਾ ਦਾ ਸਮਾਂ ਨਹੀਂ ਹੈ। ਰਾਏ ਕੱਲੇ ਨੂੰ ਵੀ ਸਮਝਾਇਆ। ਐਨੇ 'ਚ ਆਪ ਬਚਨ ਵੀ ਸੁਣਦੇ ਸੀ, ਇਕ ਕਾਂਹੀ ਦੇ ਬੂਟੇ ਨੂੰ ਕਰਦ ਸੀ ਛੋਟੀ, ਉਹਦੇ ਆਲੇ ਦੁਆਲੇ ਤੋਂ ਪੁੱਟੀ ਵੀ ਜਾਂਦੇ ਸੀ ਸਹਿਜ-ਸੁਭਾਅ। ਉਹ ਹੱਥ ਵਿੱਚ ਪੁੱਟ ਕੇ ਫੜ ਲਿਆ ਕਹਿੰਦੇ ਲਓ ਮੁਗਲ ਰਾਜ ਦੀ ਜੜ੍ਹ ਵੀ ਪੁੱਟੀ ਗਈ। ਕਹਿੰਦੇ ਹਾਅ ਦਾ ਨਾਅਰਾ ਕੀਹਨੇ ਮਾਰਿਆ ਸੀ? ਕਹਿੰਦੇ, ਮਲੇਰ ਕੋਟਲੀਆਂ ਨੇ। ਕਹਿੰਦੇ, ਉਨ੍ਹਾਂ ਦੀ ਜੜ੍ਹ ਹਰੀ ਰਹੇਗੀ। ਪਾਪ ਕਰਨ ਵਾਲੇ ਦੀ ਜੜ੍ਹ ਖਤਮ ਹੋ ਜਾਂਦੀ ਹੈ। ਧਰਮ ਕਰਨ ਵਾਲੇ ਦੀ ਜੜ੍ਹ ਹਰੀ ਰਹਿੰਦੀ ਹੈ। ਖਾਲਸੇ ਦਾ ਰਾਜ ਆਵੇਗਾ, ਮਲੇਰਕੋਟਲੀਆਂ ਨੂੰ ਕੁਛ ਨਹੀਂ ਕਹਿਣਗੇ। ਓਸ ਵੇਲੇ ਰਾਏ ਕੱਲੇ ਨੇ ਕਿਹਾ ਕਿ ਮਹਾਰਾਜ! ਮੈਂ ਵੀ ਤਾਂ ਮੁਸਲਮਾਨ ਹਾਂ। ਮਹਾਰਾਜ ਕਹਿੰਦੇ, ਕੋਈ ਨਾ, ਅਸੀਂ ਤੈਨੂੰ ਸ੍ਰੀ ਸਾਹਿਬ ਦਿੰਦੇ ਹਾਂ ਆਪਣੀ, ਜਦ ਤੱਕ ਤੇਰੇ ਘਰ ਵਿੱਚ ਇਸ ਦਾ ਸਤਿਕਾਰ ਰਹੇਗਾ, ਓਸ ਵੇਲੇ ਤੱਕ ਤੇਰੀ ਬਾਦਸ਼ਾਹੀ ਬਣੀ ਰਹੇਗੀ। ਜਦੋਂ ਉਸ ਦਾ ਨਿਰਾਦਾਰ ਕਰਨਗੇ, ਫੇਰ ਇਹ ਖਤਮ ਹੋ ਜਾਏਗੀ।

ਸੋ ਇਸ ਤਰ੍ਹਾਂ -

***ਸਤਿਗੁਰ ਪੁਰਖੁ ਅਗੰਮ ਹੈ ਨਿਰਵੈਰ ਨਿਰਾਲਾ।***

ਸਾਰੀ ਕਿਰਿਆ ਨਿਰਵੈਰ ਹੈ। ਕਿਸੇ ਨਾਲ ਵੈਰ ਨਹੀਂ ਸੀ, ਨਿਰਾਲੀ ਕਿਰਿਆ ਹੈ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਸਾਰੇ ਪ੍ਰੇਮੀ ਅਨੰਦ ਸਾਹਿਬ ਤੇ ਗੁਰ ਸਤੋਤਰ 'ਚ ਬੋਲੋ।

# ਬਿਜੈ ਸਿੰਘ

*ਭਾਈ ਵੀਰ ਸਿੰਘ ਜੀ*

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ

## ਕਾਂਡ ਚੌਦਵਾਂ

ਸ਼ੀਲ ਕੌਰ ਤੇ ਭੁਜੰਗੀ ਮੁਸ਼ਕਾਂ ਕੱਸੀਆਂ ਹੋਈਆਂ ਵਿਚ ਮਹਿਲੀਂ ਪਹੁੰਚੇ, ਪਾਤਸ਼ਾਹੀ ਸਜਾਵਟਾਂ ਵਾਲੇ ਮਕਾਨ ਵਿਚ ਉਤਾਰਾ ਮਿਲਿਆ। ਮੁਸ਼ਕਾਂ ਖੋਹਲੀਆਂ ਗਈਆਂ, ਗੋਲੀਆਂ ਬਾਂਦੀਆਂ ਹਾਜ਼ਰ ਹੋ ਗਈਆਂ, ਸੁਖ ਭੋਗਣ ਦੇ ਸਾਰੇ ਸਾਮਾਨ ਮੌਜੂਦ ਹੋ ਗਏ। ਰੇਸ਼ਮੀ ਪੁਸ਼ਾਕਾਂ ਹਾਜ਼ਰ ਹੋਈਆਂ, ਗਹਿਣਿਆਂ ਦੇ ਡੱਬੇ ਅੱਗੇ ਧਰੇ ਗਏ। ਕਈ ਸਿਆਣੀਆਂ ਤ੍ਰੀਮਤਾਂ ਸਮਝਾਉਣ ਵਾਸਤੇ ਹਾਜ਼ਰ ਹੋਈਆਂ ਕਿ ਹੁਣ ਹਠ ਛੱਡ ਕੇ ਪੰਜਾਬ ਦੀ ਮਹਾਰਾਣੀ ਬਣੋਂ, ਅਟਕ ਤੋਂ ਲੈ ਕੇ ਸਤਿਲੁਜ ਤੋੜੀ ਤੁਹਾਡਾ ਸਿੱਕਾ ਚੱਲੇ ਅਰ ਤੁਹਾਡੇ ਨਾਉਂ ਤੋਂ ਦੇਸ਼ ਥਰ ਥਰ ਕੰਬੇ। ਸ਼ੀਲ ਕੌਰ ਇਉਂ ਸਿਰ ਨਿਹਾੜਾਏ ਦਿਲ ਵਿਚ ਕੰਡਿਆਂ ਦੀਆਂ ਚੋਭਾਂ ਵਰਗੇ ਸੱਲ ਭੋਗਦੀ ਬੈਠੀ ਹੈ ਜਿੱਕੁਰ ਬੇਰੀਆਂ ਦੇ ਵਿਚਕਾਰ ਚੰਬੇਲੀ ਹੁੰਦੀ ਹੈ। ਜਿਸ ਦੇ ਅੰਦਰ ਬੇਰੀਆਂ ਦੇ ਕੰਡੇ ਡਿੱਗ ਡਿੱਗ ਕੇ ਇਕੱਠੇ ਹੋ ਜਾਂਦੇ ਅਤੇ ਚੀਰ ਪਾ ਦਿੰਦੇ ਨੇ ਤੇ ਉਤੋਂ ਬਾਗ ਦਾ ਮਾਲੀ ਸਾਰੇ ਕੰਡੇ ਤੇ ਕੰਡੈਲੇ ਡਾਲ ਚੁੱਕ ਦਿੰਦਾ ਹੈ, ਪਰ ਅੰਦਰਲੇ ਕੰਡਿਆਂ ਨੂੰ ਨਹੀਂ ਕੱਢ ਸਕਦਾ।

ਬਿਨ ਸੱਦੀਆਂ ਸਹੇਲੀਆਂ ਸਮਝਾਉਂਦੀਆਂ ਹਨ, ਉਹ ਸ਼ਰਮਾਉਂਦੀ ਹੈ। ਅਣਬੁਲਾਈਆਂ ਸਖੀਆਂ ਸਿੱਖਿਆ ਦਿੰਦੀਆਂ ਹਨ, ਉਹ ਤ੍ਰੂਪ-ਤ੍ਰੂਪ ਹੰਝੂ ਕੇਰਦੀ ਹੈ। ਧਿਗਾਣੀਆਂ ਬੁਲਾਵੀਆਂ ਲਾਲਚ ਤੇ ਐਸ੍ਵਰਜ ਦੇ ਨਕਸ਼ੇ ਬੰਨ੍ਹ ਕੇ ਭੁਲਾਉਂਦੀਆਂ ਹਨ, ਸ਼ੀਲਾ ਦਾ ਰੰਜ ਹਟਕੋਰੇ ਬਣ ਬਣ ਉਸ ਦਾ ਗੱਲ ਘੁਟਣ ਨੂੰ ਪੈਂਦਾ ਹੈ ਕਿ ਮਾਰ ਹੀ ਦਿਆਂ। ਬਿਪਤਾ ਨੇ ਸ਼ੀਲਾ ਨੂੰ ਨਹੀਂ ਘਬਰਾਇਆ, ਅਪਦਾ ਨੇ ਨਹੀਂ ਡੋਲਣ ਦਿੱਤਾ, ਤਸੀਹਿਆਂ ਨੇ ਹੌਂਸਲਾ ਨਹੀਂ ਹਾਰਨ ਦਿੱਤਾ, ਕਸ਼ਟਾਂ ਨੇ ਦਿਲ ਨੂੰ ਨਹੀਂ ਛੱਡਣ ਦਿੱਤਾ, ਪਰ ਇਸ ਐਸ੍ਵਰਜ ਧਨ, ਦੌਲਤ ਨੇ ਇਸ ਖੁਸ਼ਾਮਦ ਤੇ ਅਮੀਰੀ ਨੇ, ਹੱਥ ਬੰਨ੍ਹ ਕੇ ਸਾਹਮਣੇ ਖੜੋਣੇ ਨੇ, ਇਸ ਮਹਾਰਾਣੀ ਬਣਨ ਦੀ ਪ੍ਰੇਰਨਾ ਨੇ ਘਬਰਾਇਆ ਹੈ। ਹਾਂ, ਪਰ ਡੋਲਾਇਆ ਨਹੀਂ, ਭੈ ਭੀਤ ਵਧੇਰੇ ਕੀਤਾ ਹੈ, ਪਰ ਇਸ ਭੈ ਨੇ ਇਸ ਨਵੇਂ ਆ ਬਣੇ ਸਮੇਂ ਦਾ ਵਧੀਕ ਬਲਵਾਨ ਹੋ ਕੇ ਟਾਕਰਾ ਕਰਨ ਦਾ ਹਠ ਪੈਦਾ ਕਰ ਦਿੱਤਾ ਹੈ। ਪਹਿਲੇ ਤਾਂ ਪੈਰਾਂ ਹੇਠੋਂ ਮਿੱਟੀ ਨਿਕਲਦੀ ਜਾ ਰਹੀ ਸੀ, ਸਿਰ ਵਿੱਚੋਂ ਮਗਜ਼ ਦੇ ਤਰਨੇ ਵਾਲੀ ਸੂਖਮ ਪਰ ਬਲਵਾਨ ਸਤਿਯਾ ਗੁੰਮ ਹੋ ਰਹੀ ਸੀ। ਨਿਰਾਸਤਾ ਤੇ ਨਾ ਉਮੈਦੀ ਇਸ ਤਰ੍ਹਾਂ ਸਰੀਰ ਨੂੰ ਸੱਖਣਾ ਕਰੀ ਤੁਰੀ ਜਾਂਦੀ ਦਿੱਸਦੀ ਸੀ ਕਿ ਜਿਵੇਂ ਦੇਹ ਨੂੰ ਆਤਮਾ ਛੱਡ ਕੇ ਸੁੰਞਿਆ ਕਰੀ ਤੁਰੀ ਜਾਂਦੀ ਦਿੱਸਦੀ ਸੀ ਕਿ ਜਿਵੇਂ ਦੇਹ ਨੂੰ ਆਤਮਾ ਸੁੰਞਿਆ ਕਰ ਜਾਂਦੀ ਹੈ। ਇਹ ਨਹੀਂ ਕਿ ਸ਼ੀਲਾ ਤੇ ਲਾਲਚ ਅਸਰ ਕਰ ਗਿਆ ਸੀ, ਕਦੇ ਨਹੀਂ; ਸ਼ੀਲਾ ਇਸ ਡੂੰਘੀ ਸੋਚ ਵਿੱਚ ਪੈਂਦੀ ਹੀ ਨਿਰਾਸਤਾ ਵਿਚ ਡੁੱਬ ਗਈ ਸੀ ਕਿ ਹਾਇ! ਵੈਰੀਆਂ ਦੇ ਜ਼ੁਲਮਾਂ ਦਾ ਅਸਰ ਤਾਂ ਸਰੀਰਕ ਮੌਤ ਹੋਇਆ ਕਰਦਾ ਹੈ, ਜੋ ਬੰਦਾ ਸਹਿ ਗੁਜ਼ਰਦਾ ਹੈ, ਪਰ ਵੈਰੀ ਦਾ ਪਿਆਰ ਮਨ ਨੂੰ ਵਿਹੁ ਹੈ। ਹਾਂ ਜੀ, ਸ਼ੀਲਾ ਸ਼ਸਤਰਾਂ ਤੋਂ ਨਹੀਂ ਡਰੀ, ਸ਼ੀਲਾ ਵੈਰੀਆਂ ਦੇ ਤੋਪਖਾਨੇ ਤੋਂ ਨਹੀਂ ਕੰਬੀ, ਸ਼ੀਲਾ ਉਨ੍ਹਾਂ ਦੇ ਪਿਆਰ ਤੋਂ ਬੀ ਡੋਲੀ ਨਹੀਂ, ਪਰ ਕੰਬੀ ਹੈ ਤੇ ਸੋਚਾਂ ਦੇ ਖੂਹ ਵਿਚ ਲਹਿ ਗਈ ਹੈ ਅਰ ਸੋਚ ਕਰ ਰਹੀ ਹੈ ਬਚਾਉ ਦੀ। ਸ਼ੀਲਾ ਉਨ੍ਹਾਂ ਦੀ ਦਯਾ ਦ੍ਰਿਸ਼ਟੀ ਤੋਂ ਬਚਣੇ ਦੇ ਉਪਾਊ ਲੱਭ ਰਹੀ ਹੈ, ਉਨ੍ਹਾਂ ਦੀ ਮਿੱਠਤ ਨੂੰ ਮਿੱਠੀ ਛੁਰੀ - ਆਤਮਾ ਨੂੰ ਘਾਇਲ ਕਰਨੇ ਵਾਲੀ - ਜਾਣ ਕੇ ਉਸ ਅਭਿਆਸੀ ਵਾਂਗੂੰ ਸੋਚ ਵਿੱਚ ਗੁੰਮ ਹੁੰਦੀ ਜਾਂਦੀ ਹੇ ਜੋ 'ਓਅਮ' ਨੂੰ ਲੰਮਾ ਕਰਕੇ ਉਚਾਰਦਾ ਤੇ ਸ੍ਵਾਸ ਨੂੰ ਚਿੱਤ ਬਿਰਤੀ ਵਿਖੇ ਪਰੋ ਕੇ ਚੜ੍ਹਾਉਂਦਾ 'ਮ' ਤੇ ਪਹੁੰਚ ਐਉਂ ਗੁੰਮ ਹੋ ਜਾਂਦਾ ਹੈ ਜਿੱਕੁਰ ਟੋਭਾ ਨਵੇਂ ਖੂਹ ਦੀ ਗਾਰ ਕੱਢਦਾ ਅਹੰਮ ਦੀ ਅਵਾਜ਼ ਦੇ ਕੇ ਚੁੱਭੀ ਲਾ ਜਾਂਦਾ ਹੈ। ਕਦੇ ਤਾਂ ਮਲੂਮ ਹੁੰਦਾ ਸੀ ਕਿ ਮੈਂ ਜੀਉਂਦੀ ਹਾਂ, ਕਦੇ ਨਿਰਾਸਤਾ ਵਿਚ ਬੇਸੁਧ ਹੋ ਜਾਂਦੀ ਸੀ, ਮਾਨੋਂ ਉਸ ਦੇ ਮਨ ਤੋਂ ਸੰਕਲਪਾਂ ਵਿਕਲਪਾਂ ਦੀ ਸਾਰੀ ਲਿਖਤ ਧੋਤੀ ਜਾ ਕੇ ਕੋਰੇ ਕਾਗਜ਼ ਵਾਂਗੂੰ ਸੱਖਣਾਪਣ ਹੀ ਭਾਸਦੀ ਸੀ।

ਅੱਜ ਕਲ੍ਹ ਦੇ ਸਿੰਘਾਂ ਸਿੰਘਣੀਆਂ ਨੂੰ ਸ਼ੀਲਾ ਦੀ ਇਸ ਦਸ਼ਾ ਤੋਂ ਸਿਖਿਆ ਲੈਣੀ ਚਾਹੀਏ। ਤੁਰਕਾਂ ਦੇ ਵੈਰ ਤੋਂ ਸਿੱਖਾਂ ਦਾ ਉਸ ਸਮੇਂ ਕੁਝ ਨਹੀਂ ਵਿਗੜਿਆ, ਪਰ ਹੁਣ ਅੱਜ ਕੱਲ ਹੋਰ ਤਰ੍ਹਾਂ ਦੇ ਧਰਮ ਆਏ ਹਨ, ਜੋ ਮਿੱਠਤ ਨਾਲ, ਲੋਭ ਨਾਲ ਧਰਮ ਹਾਨ ਕਰਨ ਦੀ ਕਰ ਰਹੇ ਹਨ, ਇਨ੍ਹਾਂ ਤੋਂ ਡਰੋ, ਇਹ ਬੁਰਾ ਅਸਰ ਕਰਦੇ ਹਨ। ਉਨ੍ਹਾਂ ਦੇ ਪਿਆਰ ਪੂਰ ਨਾ ਭੁੱਲੇ, ਉਨ੍ਹਾਂ ਦੇ ਤੋਹਫੇ, ਉਨ੍ਹਾਂ ਦੇ ਮਿੱਠੇ ਬਚਨ, ਉਨ੍ਹਾਂ ਦੇ ਆਦਰ ਤੁਹਾਨੂੰ ਖਾ ਜਾਣਗੇ। ਸਤਵੰਤੀ ਸ਼ੀਲਾ ਨੇ ਸੌ ਵਰ੍ਹੇ ਤੋਂ ਬੀ ਪਹਿਲੇ ਜੋ ਸੋਚਿਆ ਅਰ ਸਮਝਿਆ ਸੀ, ਸੋ ਅੱਜ ਸਾਰੇ ਪੰਥ ਲਈ ਗੁਣਕਾਰ ਹੈ। ਉਸ ਸੱਚੀ ਸਿੰਘਣੀ ਦੇ ਪੂਰਨਿਆਂ ਤੇ ਧਰਮ ਦੀ ਮੁਹਾਰਨੀ ਸਿੱਖੋ ਅਰ ਧਰਮ ਵਿੱਚ ਪੱਕੇ ਰਹੋ; ਲਾਲਚ, ਪਿਆਰ, ਧੱਕਾ, ਮਾਰ ਆਪ ਉਤੇ ਕਿਸੇ ਪ੍ਰਕਾਰ ਦਾ ਧਰਮ ਖੀਣ ਕਰਨ ਦਾ ਕੋਈ ਅਸਰ ਨਾ ਕਰੇ।

ਪਿਆਰੀਓ ਸਿੰਘਣੀਓ! ਅਰ ਦੁਖੀ ਵਿਧਵਾ ਸਿੰਘ ਇਸਤ੍ਰੀਓ! ਅਰ ਡਾਢੇ ਪਤੀਆਂ ਦੀਓ ਵਹੁਟੀਓ! ਇਸ ਸੰਸਾਰ ਵਿਚ (ਜੋ ਛਲਾਂ ਅਰ ਦਗਿਆਂ ਨਾਲ ਪੂਰਤ ਹੈ) ਤੁਹਾਨੂੰ ਬੜਾ ਸੰਭਲ ਕੇ ਚੱਲਣਾ ਚਾਹੀਦਾ ਹੈ; ਸੁੰਦਰੀ ਅਰ ਹੋਰ ਪੁਸਤਕ ਪੜ੍ਹ ਕੇ ਤੁਸੀਂ ਕਸ਼ਟਾਂ ਵਿੱਚ ਧਰਮ ਬਚਾਉਣ ਦਾ ਹੌਂਸਲਾ ਕਰਨ ਤਾਂ ਸਿੱਖਸੋ, ਪਰ ਮਿੱਠੀਆਂ ਛੁਰੀਆਂ ਤੋਂ ਬਚਣਾ ਬੀ ਸਿੱਖ ਲੈਣਾ ਚਾਹੀਦਾ ਹੈ। ਇਹ ਮਨੁੱਖਾ ਜਨਮ ਬੜਾ ਦੁਰਲੱਭ ਹੈ, ਇਸ ਵਿੱਚ ਧਰਮ ਦਾ ਬਚਾਉਣਾ ਹੀ ਸਾਡਾ ਭਾਰੀ ਕੰਮ ਹੈ। ਹੇ ਨਰਮ ਦਿਲ ਵਾਲੀਓ ਬੀਬੀਓ! ਠੱਗ ਪੁਰਸ਼ ਸੁਹਣੀਆਂ ਸੂਰਤਾਂ ਬਣਾ ਕੇ ਕਈ ਪ੍ਰਕਾਰ ਦੇ ਦਾਉ ਪੇਚ ਖੇਡਦੇ ਹਨ, ਮਿੱਠੇ ਬਣ ਕੇ, ਸਤਿਕਾਰ ਦੇ ਕੇ, ਬਿਪਤਾ ਵਿੱਚ ਸਹਾਇਤਾ ਕਰ ਕਰ ਕੇ ਧਰਮੋਂ ਡੇਗਣ ਦਾ ਯਤਨ ਕਰਦੇ ਹਨ, ਪਰ ਸ਼ੀਲ ਕੌਰ ਵੱਲ ਦੇਖ ਕੇ ਤੁਸੀਂ ਧਰਮ ਵਿੱਚ ਪੱਕੀਆਂ ਰਹਿਣ ਦਾ ਯਤਨ ਕਰਨਾ। ਇਹ ਨਾ ਸਮਝਣਾ ਕਿ ਨਿਰ ਪਖੰਡੀ ਲੋਕ ਅਰ ਓਪਰੇ ਏ ਜਤਨ ਕਰਦੇ ਹਨ; ਨੇੜੇ ਦੇ ਸਾਕ, ਹੱਥਾਂ ਦੇ ਖਿਡਾਏ, ਘਰ ਦੇ ਲਾਗੀ, ਘਰਾਂ ਦੇ ਕਾਮੇ ਤੇ ਨੇੜੇ ਤੇੜੇ ਦੇ ਸਬੰਧੀ ਇੱਕੁਰ ਦੇ ਰੰਗ ਖੇਡਦੇ ਹਨ। ਪਰ ਖਬਰਦਾਰ! ਇਸ ਕਲ੍ਹ ਕਾਲ ਵਿਚ ਕਿਸੇ ਗੱਲੇ ਧਰਮ ਨਹੀਂ ਹਾਰਨਾ। ਸੰਸਾਰਕ ਸੁਖ ਛਿਨ-ਭੰਗਰ ਹਨ, ਸੰਸਾਰਕ ਸੁੱਖਾਂ ਦਾ

ਅੰਤ ਕੌੜਾ ਹੈ, ਸੰਸਾਰ ਦੇ ਅਨੰਦ ਭੋਗਣ ਨਾਲ ਕਲੇਸ਼ ਹੁੰਦਾ ਹੈ, ਪਰ ਧਰਮ ਲੋਕ ਪਰਲੋਕ ਦੇ ਸੁਖ ਦੇਣ ਵਾਲਾ ਹੈ, ਤਾਂ ਤੇ ਧਰਮ ਨੂੰ ਪਾਲੋ, ਧਰਮ ਦੀਆਂ ਖੁਸ਼ੀਆਂ ਭੋਗੋ, ਧਰਮ ਦਾ ਸੁਖ ਮਾਣੋ। ਅਧਰਮ ਭਾਵੇਂ ਦੁਸ਼ਮਨ ਬਣ ਕੇ ਆਵੇ ਭਾਵੇਂ ਸੱਜਣ ਬਣ ਕੇ ਆਵੇ ਉਸ ਤੋਂ ਐਉਂ ਬਚੋ ਜਿੱਕੁਰ ਜ਼ਹਿਰੀ ਸੱਪ ਤੋਂ, ਚਾਹੇ ਉਹ ਘਰੋਂ ਨਿਕਲੇ ਚਾਹੇ ਉਹ ਬਾਹਰੋਂ ਆਵੇ, ਬਚਣੇ ਦਾ ਜਤਨ ਕਰੀਦਾ ਹੈ। ਇਹ ਨਾ ਸਮਝਣਾ ਕਿ ਸ਼ੀਲ ਕੌਰ ਡਰ ਗਈ, ਜਾਂ ਭਰਮ ਗਈ, ਉਹ ਸ਼ੇਰ ਦਿਲ ਐਸੀ ਨਹੀਂ ਸੀ, ਪਰ ਉਸ ਦੇ ਹਿਰਦੇ ਦੇ ਕੋਮਲ ਤੇ ਬੁੱਧੀਮਾਨ ਹਿੱਸੇ ਨੇ ਝੱਟ ਸਮਝ ਲਿਆ ਸੀ ਕਿ ਮਿੱਠੀ ਛੁਰੀ ਅੱਗੇ ਕਾਇਮ ਰਹਿਣਾ ਨਿਰੇ ਬਲ ਦਾ ਕੰਮ ਨਹੀਂ, ਪਰ ਨਾਲ ਅਕਲ ਦੀ ਬੀ ਬਹੁਤ ਲੋੜ ਰਖਦਾ ਹੈ, ਇਸੇ ਲਈ ਚਾਹੀਦਾ ਹੈ ਕਿ ਸਭ ਦਾ ਮਨ ਸ਼ੀਲ ਕੌਰ ਵਰਗਾ ਬਹਾਦਰ ਤੇ ਦਾਨਾ ਹੋਵੇ ਹੋ ਵੈਰ ਜਾਂ ਪਿਆਰ, ਕਿਸੇ ਹੀ ਉਪਾਊ ਨਾਲ, ਵੈਰੀ ਦੇ ਕਾਬੂ ਨਾ ਚੜ੍ਹੇ।

ਸੋਚ ਕਰਨ ਨਾਲ ਸ਼ੀਲ ਕੌਰ ਨੂੰ ਇਸ ਮਹਿਲ ਵਿਚੋਂ ਨਿਕਲਣਾ ਅਸੰਭਵ ਜਾਪਦਾ ਸੀ, ਵੈਰੀਆਂ ਤੋਂ ਛੁਟਕਾਰਾ ਕਠਨ ਦਿੱਸਦਾ ਸੀ। ਸੋਚਾਂ ਸੋਚਦੀ ਸੀ ਕਿੱਕੁਰ ਬੰਦਖਲਾਸ ਹੋਊ, ਪਰ ਅਕਲ ਕੋਈ ਰਸਤਾ ਨਹੀਂ ਦਿੰਦੀ ਸੀ। ਪਿਆਰਾ ਪੁੱਤਰ, ਮਾਂ ਦਾ ਦੁੱਖਾਂ ਸੁਖਾਂ ਦਾ ਸਹਾਰਾ ਬੈਠਾ ਹੈ, ਭਾਵੇਂ ਬਿਪਤਾ ਨੂੰ ਜਾਣਦਾ ਹੈ, ਇਹ ਭੀ ਸਮਝਦਾ ਹੈ ਕਿ ਵੈਰੀਆਂ ਵਿੱਚ ਬੈਠੇ ਹਾਂ, ਪਰ ਮਾਤਾ ਦੀ ਇਸ ਔਕੜ ਨੂੰ ਨਹੀਂ ਸਮਝ ਸਕਦਾ, ਪਿਆਰ ਦੇ ਸਮਨਾ ਦੇਖ ਦੇਖ ਤੇ ਮਾਂ ਦੀ ਉਦਾਸੀ ਤਾੜ ਕੇ ਹੈਰਾਨ ਹੁੰਦਾ ਹੈ। ਛੇਕੜ ਗੱਲਕੜੀ ਪਾ ਕੇ ਬੜੇ ਪਿਆਰ ਨਾਲ ਕਹਿੰਦਾ ਹੈ, "ਮਾਂ ਜੀ! ਕਿਉਂ ਉਦਾਸ ਹੋ? ਗੁਰੂ ਦਾ ਸ਼ੁਕਰ ਕਰ ਜਿਸ ਨੇ ਬਿਪਤਾ ਵਿਚ ਸੁੱਖ ਦਿਖਲਾਇਆ ਹੈ।" ਇਸ ਧੰਨਵਾਦ ਅਰ ਇਸ ਭੋਲਾਪਨ ਨੇ ਮਾਂ ਦੇ ਹਿਰਦੇ ਵਿਚ ਮੋਹ ਦਾ ਸੋਮਾ ਖੋਲ੍ਹ ਦਿੱਤਾ, ਰੋਂਦੀ-ਰੋਂਦੀ ਨੇ ਪਿਆਰੇ ਨੂੰ ਛਾਤੀ ਨਾਲ ਲਾਇਆ, ਅਰ ਸਿਰ ਉਸ ਦੀ ਛਾਤੀ ਤੇ ਧਰ ਕੇ ਉਸ ਦੇ ਚਿੱਤ ਨੂੰ ਪ੍ਰਸੰਨ ਕਰਨ ਵਾਲੀ ਚੀਜ਼ ਨੂੰ, ਜੋ ਮੋਟੀ ਬੋਲੀ ਵਿੱਚ ਦਿਲਾਸਾ ਕਹਾਉਂਦੀ ਹੈ, ਲੱਭਣ ਲੱਗ ਪਈ, ਐਸੀ ਦਰਦਨਾਕ ਦਸ਼ਾ ਦੇਖ ਕੇ ਸਭ ਬਾਂਦੀਆਂ ਉਠ ਗਈਆਂ ਅਰ ਨਵਾਬ ਪਾਸ ਜਾ ਦੱਸਿਆ। ਉਨ੍ਹਾਂ ਦੇ ਦੂਰ ਹੁੰਦੇ ਹੀ ਸ਼ੀਲ ਕੌਰ ਦੀ ਦੂਰਅੰਦੇਸ਼ੀ ਤੇ ਹੌਂਸਲਾ ਐਸਾ ਉੱਮਲ ਲਿਆ ਜਿਵੇਂ ਪਾਣੀ ਵਿੱਚ ਲੋਹੇ ਨਾਲ ਦੱਬੇ ਕਾਠ ਤੋਂ ਲੋਹਾ ਲਾਹੀਏ ਤਾਂ ਕਾਠ ਉੱਪਰ ਨੂੰ ਚੜ੍ਹ ਜਾਂਦਾ ਹੈ। ਮਾਂ ਪੁੱਤਰ ਨੇ ਬੂਹੇ ਮਾਰ ਲਏ, ਵੇਲਾ ਸੰਝ ਦਾ ਹੋ ਗਿਆ ਸੀ, ਅੰਦਰ ਬੈਠ ਕੇ ਬੜੇ ਪ੍ਰੇਮ ਨਾਲ ਰਹਿਰਾਸ ਦਾ ਪਾਠ ਕੀਤਾ, ਅਰਦਾਸਾ ਸੋਧਿਆ। ਆਹਾ, ਧੰਨ ਅਕਾਲ ਪੁਰਖ ਹੈ, ਜਿਸਦੇ ਅੱਗੇ ਪ੍ਰਾਰਥਨਾ ਕਰਨੇ ਨੇ ਐਸਾ ਅਚਰਜ ਅਸਰ ਕੀਤਾ ਕਿ ਉਹ ਨਿਰਾਸ ਹੋ ਰਹੀ ਸ਼ੀਲਾ ਆਪਣੇ ਖਾਲਸਈ ਜੌਹਰਾਂ ਵਿਚ ਦਮਕ ਉੱਠੀ। ਜਿਸ ਦਿਲ ਵਿਚੋਂ ਭਾਜੜ ਪਏ ਪਿੰਡ ਵਾਂਗ ਸੋਚ ਵਿਵੇਚਨਾ, ਅੱਗੋਂ ਕੀ ਕਰਨਾ ਹੈ, ਗੱਲ ਕੀ ਸਭ ਕੁਝ ਨੱਸ ਗਿਆ ਸੀ, ਹੁਣ ਐਦਾਂ ਦਾ ਹੋ ਗਿਆ, ਜਿੱਦਾਂ ਕਿਸੇ ਟੱਬਰ ਮੋਏ ਪੁਰਖ ਦਾ ਦਿਲ ਕਿਸੇ ਗੁਆਚੇ ਹੋਏ ਭਰਾ ਦੇ ਅਚਾਨਕ ਮਿਲ ਪੈਣ ਤੇ ਉਸਰੰਗੀ ਫੜ ਜਾਂਦਾ ਹੈ। ਹੁਣ ਸ਼ੀਲਾ ਨੂੰ ਚਾਰ-ਚੁਫੇਰੇ ਪਰਮੇਸ਼ਰ ਦਿੱਸਦਾ ਹੈ, ਉਸ ਦੀ ਸੱਤਾ ਆਪਣੀ ਸਹਿਚਾਰ ਸਹੇਲੀ ਜਾਪਦੀ ਹੈ। ਹੁਣ ਸ਼ੀਲਾ ਐਸੀ ਪੱਕੀ ਉਮੈਦ ਵਿੱਚ ਅਨੰਦ ਹੋਈ ਹੈ ਕਿ ਕਰਤਾਰ ਕਦੇ ਮੈਨੂੰ ਨਹੀਂ ਛੱਡੇਗਾ ਅਰ ਕਦੇ ਪਾਪ ਵਿੱਚ ਡੁੱਬਣ ਨਹੀਂ ਦਏਗਾ। ਉਸ ਨੂੰ ਧਰਮ ਪਿਆਰਾ ਹੈ, ਉਹ ਮੇਰੇ ਧਰਮ ਨੂੰ ਜ਼ਰੂਰ ਬਚਾਵੇਗਾ। ਭਾਵੇਂ ਮੈਨੂੰ ਕੋਈ ਬਿਧੀ ਨਹੀਂ ਦਿੱਸਦੀ ਪਰ ਉਹ ਜ਼ਰੂਰ ਕੋਈ ਰਸਤਾ ਕੱਢੇਗਾ। ਸ਼ੁਕਰ ਅਰ ਭਰੋਸਾ ਪੂਰੀ ਨਿਮ੍ਰਤਾ ਨਾਲ ਸ਼ੀਲਾ ਦੇ ਹਿਰਦੇ ਵਿਚ ਕਰਤਾਰ ਦੇ ਘੱਲੇ ਹੋਏ ਸਿਪਾਹੀ ਬਣ ਕੇ ਆ ਖਲੋਤੇ ਹਨ। ਸ਼ੀਲਾ ਨੇ ਸੱਭੇ ਆਸਰੇ ਟੁੱਟੇ ਡਿੱਠੇ, ਸ਼ੀਲਾ ਨਿਰਾਸ ਹੋ ਗਈ, ਸ਼ੀਲਾ ਨੇ ਪ੍ਰਾਰਥਨਾ ਕੀਤੀ, ਸ਼ੀਲਾ ਦਾ ਵਾਲੀ ਕਰਤਾਰ ਹੋ ਗਿਆ -

***ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥***
***ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ ॥***
***ਅੰਗ - ੭੦***

ਪਲ ਪਲ ਮਗਰੋਂ ਸ਼ੁਕਰ ਕਰਦੀ ਹੈ; ਅਰ ਐਸੀ ਮਗਨ ਹੁੰਦੀ ਹੈ ਕਿ ਖੁਸ਼ੀ ਅਰ ਵੈਰਾਗ ਮਿਲ ਕੇ ਹੰਝੂਆਂ ਦਾ ਪਰਵਾਹ ਤੋਰ ਦਿੰਦੇ ਹਨ। ਇਸ ਤਰ੍ਹਾਂ ਪ੍ਰਾਰਥਨਾ ਤੇ ਸ਼ੁਕਰ ਕਰਦਿਆ ਸ਼ੀਲਾ ਦੀ ਸਾਰੀ ਰਾਤ ਬੀਤੀ। ਦੁਨੀਆਂ ਦੇ ਲੋਕ ਬਿਪਤਾ ਦੀ ਰਾਤ ਤਾਰੇ ਗਿਣ ਗਿਣ ਕੱਟਦੇ ਹਨ, ਸ਼ੀਲਾ ਨੇ ਉਨ੍ਹਾਂ ਪੱਥਰਾਂ ਤੇ ਅੱਗਾਂ ਵੱਲ ਤੱਕਣਾ ਛੱਡ ਕੇ ਉਨ੍ਹਾਂ ਨੂੰ ਪ੍ਰਕਾਸ਼ ਦੇਣੇ ਵਾਲੇ ਜਾਣ ਕੇ ਅਕਾਲ ਪੁਰਖ ਵੱਲ ਲਿਵ ਲਾਈ ਉਸ ਨੇ ਈਸ਼ਵਰ ਗੁਣ, ਗਿਣ ਗਿਣ ਕੇ ਰਾਤ ਕੱਟੀ ਤੇ ਉਸ ਦੀ ਬਿਰਦ ਦੀ ਪੈਜ ਰੱਖਣ ਵਾਲੀ ਸੱਤਾ ਦੀ ਅਰਾਧਨਾ ਕੀਤੀ। ਧੰਨ ਕਰਤਾਰ, ਜਿਸ ਨੇ ਉਸ ਦੀ ਟੇਕ ਰੱਖੀ। ਜਦੋਂ ਦਿਲ ਐਉਂ ਸਾਫ ਹੋ ਗਿਆ, ਰੱਬ ਦਾ ਆਸਰਾ ਜੀਉਂਦੀ ਸੱਤਯਾ ਹੋ ਕੇ ਅੰਦਰ ਭਰ ਗਿਆ ਤਾਂ ਬੁੱਧਿ ਬੀ ਸਫਾ ਹੋ ਕੇ ਕੰਮ ਕਰਨ ਲੱਗ ਪਈ ਤੇ ਉਸ ਨੂੰ ਆਪਣੀ ਖਲਾਸੀ ਸੋਝੀਆ ਸੁਝਾਉਣ ਲੱਗ ਪਈ।

## ਕਾਂਡ ਪੰਦਰਵਾਂ

ਮੀਰ ਮੰਨੂੰ ਦੀ ਬੇਗਮ ਮੁਰਾਦ ਬੇਗਮ ਜਿਸਨੂੰ ਕਈ ਇਤਿਹਾਸਕਾਰਾਂ ਨੇ ਮੁਗਲਾਣੀ ਬੇਗਮ ਕਰਕੇ ਬੀ ਲਿਖਿਆ ਹੈ, ਬੜੀ ਚਲਾਕ ਅਰ ਸੁੰਦਰ ਇਸਤ੍ਰੀ ਸੀ। ਇਸ ਨੇ ਪਤੀ ਨੂੰ ਬੀ ਵੱਸ ਕਰ ਰਖਿਆ ਸੀ ਅਰ ਆਪਣੀ ਚਤੁਰਾਈ ਕਰਕੇ ਪਟਰਾਣੀ ਬਣ ਰਹੀ ਸੀ। ਉੱਪਰ ਲਿਖੀ ਰਾਤ ਮੰਨੂੰ ਨੇ ਉਸ ਦੇ ਚੁਬਾਰੇ ਸ਼ਰਾਬ ਬਹੁਤ ਪੀਤੀ ਸੀ ਅਰ ਨਸ਼ੇ ਦੇ ਸਰੂਰ ਵਿਚ ਬੇਗਮ ਨੇ ਉਸ ਨੂੰ ਐਉਂ ਉਗਲਾਂ ਤੇ ਨਚਾਇਆ ਕਿ ਸ਼ੀਲ ਕੌਰ ਨੂੰ ਸਿਖ ਕੈਦਣਾਂ ਵਿਚੋਂ ਕੱਢ ਲਿਆਉਣ ਦਾ ਅਰ ਉਸ ਨੂੰ ਬੇਗਮ ਬਨਾਉਣ ਦਾ ਸਾਰਾ ਕੱਚਾ ਚਿੱਠਾ ਕਹਿ ਬੈਠਾ। ਬੇਗਮ ਇਹ ਸੁਣ ਕੇ ਸੜ ਉੱਠੀ ਤੇ ਕਈ ਵਲਾਂ ਛਲਾਂ ਨਾਲ ਉਸ ਨੂੰ ਪੀਤੀ ਉਤੇ ਹੋਰ ਪਿਲਾਈ ਗਈ, ਜਦ ਪਤੀ ਬੇਸੁੱਧ ਹੋ ਗਿਆ ਤੇ ਰਾਤ ਵੀ ਅੱਧੀ ਬੀਤ ਗਈ ਤਾਂ ਬਾਹਰਲੇ ਛੱਜੇ ਪੁਰ ਆ ਬੈਠੀ ਤੇ ਮਨ ਨਾਲ ਗੋਂਦਾਂ ਗੁੰਦਣ ਲੱਗੀ ਕਿ ਇਸ ਨਵੀਂ ਸਿਰ ਤੇ ਪੈਣ ਵਾਲੀ ਬਲਾ ਤੋਂ ਕੀਕੂੰ ਬਚਾ? ਬਹੁਤ ਵਿਚਾਰ ਕਰਕੇ ਚੁੱਪ ਕੀਤੀ ਦੱਬੇ ਪੈਰ ਕਬੂਤਰ ਫੜਨ ਵਾਲੀ ਬਿੱਲੀ ਵਾਂਗੂੰ ਮਹਲ ਦੇ ਉਸ ਹਿੱਸੇ ਵਿਚ ਗਈ, ਜਿੱਥੇ ਸ਼ੀਲਾ ਸੀ। ਬੂਹੇ ਤਾਂ ਬੰਦ ਸਨ, ਪਰ ਝੀਤਾਂ ਵਿਚੋਂ ਕੀ ਦੇਖਦੀ ਹੈ ਕਿ ਦੀਵਾ ਬਲ ਰਿਹਾ ਹੈ ਅਰ ਸ਼ੀਲਾ ਪ੍ਰਾਰਥਨਾ ਕਰ ਰਹੀ ਹੈ। ਕਿਸੇ ਕਿਸੇ ਵੇਲੇ ਕੋਈ ਮਤਲਬ ਬੀ ਸਮਝ ਆ ਜਾਵੇ। ਇਹ ਦੇਖ ਕੇ ਉਸ ਦਾ ਕਲੇਜਾ ਠੰਡਾ ਹੋ ਗਿਆ ਅਰ ਮਨ ਨੇ ਤਸੱਲੀ ਦਿਤੀ ਕਿ ਇਹ ਤਾਂ ਗਰੀਬ ਗਊ ਹੈ ਅਰ ਆਪਣੇ ਅੱਗੇ ਆਈ ਵਡਿਆਈ ਨੂੰ ਬਿਪਤਾ ਸਮਝ ਕੇ ਬਚਣੇ ਲਈ ਵਾਸਤੇ ਪਾ ਰਹੀ ਹੈ, ਇਸ ਨੂੰ ਨਜਿੱਠ ਲੈਣਾ ਸੌਖੀ ਗੱਲ ਹੈ। ਇਹ ਸੋਚ ਕੇ ਨਿਸਚਿੰਤ ਹੋ ਗਈ ਤੇ ਜਾ ਕੇ ਸੌਂ ਰਹੀ।

ਉਧਰ ਸੂਰਜ ਨੇ ਸ਼ੁਕਰ ਵਰਗੀ ਆਪਣੀ ਇੱਕੋ ਅੱਖ ਖੋਲ੍ਹੀ; ਅਰ ਪਲਸੇਟੇ ਮਾਰਦੇ ਉਂਘਲਾਉਂਦੇ ਲੋਕਾਂ ਵੱਲ ਤਿੱਖੀ ਨਜ਼ਰ ਪਾਈ, ਉਧਰ ਮੁਰਾਦ ਬੇਗਮ ਨੇ ਦੋਵੇਂ ਅੱਖਾਂ, ਜੋ ਸੂਰਜ ਨਾਲੋਂ ਬੀ ਤਿੱਖੀਆਂ ਹਨ, ਖੋਲ੍ਹੀਆਂ ਅਰ ਟੋਟ ਤੇ ਨੀਂਦ ਦੀ ਹੁੱਟ ਵਿਚ ਅਕੜਾਉਂਦੇ ਪਤੀ ਵੱਲ ਘੂਰ ਕੇ ਡਿੱਠਾ; ਪਲੰਘ ਤੋਂ ਉਠੀ ਅਰ ਪਤੀ ਨੂੰ ਪੱਖਾ ਕਰ ਸੁਆ ਦਿਤਾ, ਆਪ ਨਹਾ ਧੋ ਸੋਲਾ ਸ਼ਿੰਗਾਰ ਕਰਕੇ ਪਤੀ ਨੂੰ ਫੇਰ ਜਗਾਇਆ ਅਰ ਤਿਆਰ ਕਰ ਕੇ ਕੁਝ ਖੁਵਾ ਪਿਆ ਕੇ ਦੋ ਗੋਲੀਆਂ ਪਹਿਰੇਦਾਰ ਨਾਲ ਕਰਕੇ ਰਾਜ ਦਰਬਾਰ ਦੇ ਜ਼ਰੂਰੀ ਕੰਮਾਂ ਦੇ ਪੱਜ ਡਿਉਢੀਓਂ ਬਾਹਰ ਕੀਤਾ। ਅੱਗੋਂ ਦੇ ਬੇਗਮ ਦੇ ਭੇਤੀ ਅੜਦਲੀ ਨਾਲ ਹੋ ਤੁਰੇ। ਹਾਕਮ ਸਾਹਿਬ ਤਾਂ ਦਰਬਾਰ ਵਿਚ ਜਾ ਬੈਠੇ ਅਰ ਪੰਜਾਬ ਵਰਗੇ ਮੁਸ਼ਕਲਾਂ ਨਾਲ ਭਰੇ ਦੇਸ਼ ਦੇ ਇੰਤਜ਼ਾਮ ਵਿਚ ਰੁੱਝ ਗਏ। ਉਧਰ ਬੇਗਮ ਸਾਡੀ ਸ਼ੀਲ ਕੌਰ ਪਾਸ ਪਹੁੰਚੀ ਤੇ ਉਸ ਨੂੰ ਗੱਲੀਂ ਬਾਤੀਂ ਛੇਤੀ ਪਰਚਾ ਲਿਆ।

ਬੇਗਮ – ਮੇਰੀ ਪਿਛਲੇ ਜਨਮ ਦੀ ਭੈਣ! ਕਿੰਨੇ ਚਿਰਾਂ ਦੇ ਵਿਛੁੜੇ ਮਿਲੇ ਹਾਂ। ਅਸੀਂ ਪਿਛੋਂ ਇੱਕੋ ਹੀ ਹਾਂ। ਘਬਰਾ ਕੇ ਨਾ ਨਾ ਤੱਕੋ, ਮੈਂ ਸੱਚ ਕਹਿੰਦੀ ਹਾਂ, ਅਸੀਂ ਪਿਛੋਂ ਭੈਣਾਂ ਹਾਂ। ਮੈਂ ਖਬਰੇ ਕੀ ਖੋਟੇ ਕਰਮ ਕਰ ਬੈਠੀ ਜੋ ਤੁਰਕਾਂ ਦੇ ਘਰ ਜੰਮ ਪਈ, ਸੋ ਹੁਣ ਨਿਰਬਾਹ ਕਰਨਾ ਹੀ ਹੋਇਆ ਨਾ.........? ਕੱਲ ਸੰਝ ਨੂੰ ਜਦ ਮੈਂ ਸੁਣਿਆ ਸੀ ਕਿ ਤੂੰ ਏਥੇ ਫਾਥੀ ਆਈ ਹੈਂ, ਮੇਰੇ ਪੈਰਾਂ ਹੇਠੋਂ ਮਿੱਟੀ ਨਿਕਲ ਗਈ। ਆਖਾਂ ਹਾਇ ਹਾਇ! ਕੀ ਬਣੇਗਾ। ਸਿੱਖਾਂ ਦੀਆਂ ਧੀਆਂ ਤਾਂ ਕਦੇ ਧਰਮ ਨਹੀਂ ਹਾਰਦੀਆ, ਕਿਤੇ ਵਿਚਾਰੀ ਨੂੰ ਜਿੰਦ ਨਾ ਦੇਣੀ ਪਵੇ। ਇਨ੍ਹਾਂ ਵਿਚਾਰਾਂ ਵਿਚ ਹੀ ਡੁੱਬਦੀ ਚਲੀ ਗਈ। ਫੇਰ ਮੈਂ ਲੁੱਕ ਕੇ ਤੈਨੂੰ ਵੇਖਣ ਆਈ। ਵੇਖਦਿਆਂ ਸਾਰ ਭੈਣੇ! ਮੇਰੀਆਂ ਆਂਦਰਾਂ ਫੁੱਟ ਪਈਆਂ। ਕੋਈ ਅੰਦਰਲਾ ਮੋਹ ਜਾਗ ਪਿਆ, ਨਿਰੀ ਭੈਣ ਹੋ ਲੱਗਿਓਂ। ਮੈਂ ਉਸੇ ਵੇਲੇ ਜੀ ਵਿੱਚ ਠਾਣ ਲਈ ਭਈ ਮੇਰੀ ਜਿੰਦ ਜਾਏ, ਪਰ ਜਾਏ; ਐਪਰ ਇਕ ਧਰਮਾਤਮਾ ਦਾ ਸਤਿ ਧਰਮ ਜ਼ਰੂਰ ਬਚਾ ਦੇਣਾ ਹੈ। ਸੋ ਮੈਂ ਬਹਾਨੇ ਪਾ ਪਾ ਕੇ ਮਾਲਕ ਨੂੰ ਬਹੁਤੀ ਸ਼ਰਾਬ ਪਿਲਾ ਕੇ ਐਸਾ ਬੇਹੋਸ਼ ਕੀਤਾ ਕਿ ਤੁਹਾਨੂੰ ਉਹ ਭੁੱਲ ਹੀ ਗਿਆ।

ਸ਼ੀਲਾ – (ਬੜੀ ਨਿੰਮ੍ਰਤਾ ਨਾਲ) ਤੁਹਾਨੂੰ ਕਰਤਾਰ ਭਾਗ ਲਾਵੇ, ਅਰ ਪ੍ਰਤਾਪ ਵਧਾਵੇ, ਤੁਹਾਡਾ ਹੁਕਮ ਚਲੇ, ਤੁਸੀਂ ਜੋ ਕੁਛ ਆਖਿਆ ਹੈ ਮੈਂ ਅਨਾਥਣੀ ਤੇ ਵਡੀ ਦਇਆ ਕੀਤੀ ਹੈ।

ਬੇਗਮ – ਬੀਬੀ! ਕਾਹਦੀ ਦਇਆ? ਪਰ ਦੇਖੋ ਨਾ, ਕੀ ਕਰੀਏ? ਸਮਾਂ ਬੜਾ ਕਰੜਾ ਆ ਗਿਆ ਹੈ। ਅੱਜ ਕੱਲ੍ਹ ਸਿੱਖ ਮਾਰੇ ਜਾਂਦੇ ਹਨ, ਛਲ ਨਾਲ ਹੀ ਸੁਖ ਪਾਈਦਾ ਹੈ। ਤੁਸੀਂ ਤਾਂ ਖੁਦਾ ਦੇ ਪਿਆਰੇ ਲੱਗਦੇ ਹੋ, ਤੁਹਾਨੂੰ ਇਨ੍ਹਾਂ ਗੱਲਾਂ ਨਾਲ ਕੀ? ਪਰ ਅਸੀਂ ਦੁਨੀਆਂਦਾਰ ਲੋਕ ਤਾਂ ਐਓਂ ਹੀ ਜੀਉਂਦੇ ਹਾਂ – ਰੋਟੀ ਖਾਈਏ ਸ਼ੱਕਰ ਸਿਉਂ, ਦੁਨੀਆਂ ਖਾਈਏ ਮਕਰ ਸਿਉਂ। ਤੁਸੀਂ ਤਾਂ ਪਵਿੱਤਰ ਦੇਵੀ ਹੋ, ਮੇਰਾ ਜੀ ਕਰਦਾ ਹੈ ਕਿ ਤੁਹਾਡੇ ਚਰਨ ਚੁਮ ਲਵਾਂ।

ਸ਼ੀਲਾ – ਸ੍ਰੀ ਵਾਹਿਗੁਰੂ! ਬੇਗਮ ਜੀ! ਤੁਸੀਂ ਦੇਸ਼ ਦੇ ਰਾਜੇ, ਅਸੀਂ ਭਾਵੇਂ ਹਾਂ ਤਾਂ ਸ਼ੇਰ ਸੁਭਾਉ ਵਾਲੇ ਪਰ ਇਸ ਵੇਲੇ ਹਾਂ ਤੁਹਾਡੇ ਕੈਦੀ, ਪਰ ਵੱਸ ਪਏ ਹੋਏ। ਉਤੋਂ ਤੁਸੀਂ ਕਹਿ ਰਹੇ ਕਿ ਤੁਸੀਂ ਮੇਰੇ ਧਰਮ ਦੀ ਰਾਖੀ ਕਰੋਗੇ, ਇਹ ਮੇਰੇ ਤੇ ਹਿਸਾਨ ਚਾੜ੍ਹ ਰਹੇ ਹੋ। ਮੈਨੂੰ ਕੋਈ ਸੇਵਾ ਦੱਸੋ?

ਬੇਗਮ – ਸੇਵਾ ਕੀ, ਤੁਸੀਂ ਮੈਨੂੰ ਭੈਣ ਬਣਾ ਲਵੋ ਨਾ।

ਸ਼ੀਲਾ – ਭੈਣਾਂ ਬਣਨਾਂ ਤਾਂ ਦੁਵੱਲੀ ਖੁਲ੍ਹ ਵਿਚ ਵਸਦਿਆਂ ਹੋ ਸਕਦਾ ਹੈ, ਨਾਲੇ ਹੈਸੀਅਤ ਇਕੋ ਜੇਹੀ ਹੋਵੇ। ਹੁਣ ਤੁਸੀਂ ਬੇਗਮ ਤੇ ਮੈਂ ਕੈਦਣ!

ਬੇਗਮ – ਨਾ ਭੈਣ! ਇਹ ਗੱਲਾਂ ਛੱਡ ਦਿਓ। ਤੁਸਾਂ ਦਾ ਅਸਲਾ ਸ਼ਰੀਫ ਹੈ, ਤੁਸੀਂ ਸੱਚੇ ਤੇ ਉੱਚ ਲਹੂ ਵਾਲੇ ਦਿੱਸ ਰਹੇ ਹੋ, ਕੈਦ ਤੁਹਾਡੀ ਮੁੱਕ ਚੁਕੀ ਹੈ। ਹੁਣ ਤੁਸੀਂ ਖੁਲ੍ਹ ਦੇ ਘਰ ਹੋ। ਹੁਣ ਮੈਨੂੰ ਭੈਣ ਬਣਾ ਲਓ। ਤੁਸੀਂ ਗੁਣਾਂ ਦੀ ਖਾਣ ਹੈ, ਤੁਹਾਡੇ ਆਸਰੇ ਕੁਝ ਮੈਂ ਵੀ ਸਿੱਖ ਮੱਤਾ ਪਾ ਲਵਾਂਗੀ।

ਸ਼ੀਲਾ – ਮੈਂ ਕੌਣ ਵਿਚਾਰੀ ਹਾਂ?

ਬੇਗਮ – ਹੱਠ ਛੱਡ, ਇਕ ਵੇਰੀ ਭੈਣ ਆਖੋ, ਨਹੀਂ ਤਾਂ ਤੁਹਾਡੇ ਸਿਰ ਦੀ ਸਹੁੰ ਮੈਨੂੰ ਪਾਣੀ ਪੀਣਾ ਹਰਾਮ ਜੇ।

ਸ਼ੀਲਾ – ਸ੍ਰੀ ਵਾਹਿਗੁਰੂ! ਮੈਥੋਂ ਇਹ ਨਾ ਅਖਵਾਓ, ਉਂਝ ਜੋ ਸੇਵਾ ਚਾਹੋ, ਜੇ ਉਹ ਖਰੀ ਹੋਵੇ ਤਾਂ ਮੈਂ ਨਾਬਰ ਨਹੀਂ।

ਬੇਗਮ – ਲਓ ਫੇਰ ਜੇ ਨਹੀਂ ਕਹਿੰਦੇ, ਤਾਂ ਮੈਂ....(ਹੱਥ ਕਟਾਰ ਦੇ ਦਸਤੇ ਤੇ ਜਾ ਪੁੱਜਾ)

ਸੀਲਾ – ਵਾਹਿਗੁਰੂ ਜੀ! ਹੈਂ ਇਹ ਕੀ? (ਹੱਥ ਫੜ ਕੇ) ਭੈਣ ਕਹਿਣ ਵਿੱਚ ਮੈਨੂੰ ਕੋਈ ਉਜ਼ਰ ਨਹੀਂ, ਤੁਸੀਂ ਸਮਰੱਥ ਤੇ ਸੁਤੰਤਰ ਹੋ ਨਿਬਾਹ ਸਕਦੇ ਹੋ, ਮੈਂ ਬੰਦੀ ਵਿਚ ਹਾਂ ਮੇਰਾ ਨਿਭਣਾ ਭੈਣ ਬਣ ਕੇ ਬਹੁਤ ਕਠਨ ਹੈ। ਮਿਤਰਤਾ ਬਰੱਬਰ ਦਿਆਂ ਵਿਚ ਤੇ ਖੁਲ੍ਹ ਵਿਚ ਪੁਗਦੀ ਹੈ। ਮੈਂ ਤੁਹਾਡੀ ਸੁਭਇੱਛਕ ਹਾਂ, ਪਰ ਭੈਣ ਮੂੰਹੋਂ ਨਾ ਕਢਵਾਓ।

ਬੇਗਮ (ਕਟਾਰ ਕੱਢ ਕੇ) ਐ ਲਓ, ਜੇ ਨਹੀਂ ਮੰਨਦੇ ਤਾਂ ਮੈਂ..........।

ਸ਼ੀਲਾ (ਹੱਥ ਫੜ ਕੇ) – ਨਾ ਭੈਣ! ਇਹ ਕੰਮ ਨਾ ਕਰ, ਮੈਨੂੰ ਜੋ ਕਹੋ ਹਾਜ਼ਰ ਹਾਂ। 'ਭੈਣ' ਪਦ ਮੂੰਹੋਂ ਨਿਕਲਣ ਦੀ ਢਿੱਲ ਸੀ ਕਿ ਬੇਗਮ ਨੇ ਘੁੱਟ ਕੇ ਛਾਤੀ ਨਾਲ ਲਾ ਲਿਆ ਅਰ ਰੋ ਪਈ। ਪਿਆਰੀ ਭੈਣ! ਮੇਰੇ ਦਿਲ ਦਾ ਦੁਖ ਵੰਡਣ ਵਾਲੀ ਦਰਦਣ ਮੇਰੇ ਪਾਸ ਕੋਈ ਨਹੀਂ! ਮੇਰੇ ਉਦਾਲੇ ਨੌਕਰਾਣੀਆਂ ਤੇ ਮਤਲਬ ਨੂੰ ਪਿਆਰ ਕਰਨ ਵਾਲੀਆਂ ਬਥੇਰੀਆਂ ਹਨ, ਪਰ ਅੱਜ ਖੁਦਾ ਨੇ ਤੂੰ ਮੇਰੀ ਹੈਂ ਸ਼ੁਕਰ ਹੈ ਉਸ ਦੀ ਦਰਗਾਹ ਦਾ ਜਿਨ੍ਹ ਮੇਰੇ ਹਾਲ ਤੇ ਰਹਿਮ ਕੀਤਾ ਹੈ।

ਸ਼ੀਲਾ – ਸ਼ੁਕਰ ਦੀ ਥਾਂ ਤਾਂ ਮੈਨੂੰ ਹੈ, ਜਿਸ ਦਾ ਐਸ ਵੇਲੇ ਅਕਾਲ ਪੁਰਖ ਤੋਂ ਛੁੱਟ ਕੋਈ ਦਰਦੀ ਨਹੀਂ, ਸੋ ਉਸ ਮਿਹਰਾਂ ਵਾਲੇ ਸਾਈਂ ਨੇ ਐਸੀ ਔਕੜ ਦੇ ਵੇਲੇ ਤੁਹਾਨੂੰ ਮੇਰਾ ਸੱਜਣ ਬਣਾਇਆ ਹੈ ਕਿ ਇਸ ਵੇਲੇ ਕੋਈ ਕਿਸੇ ਦਾ ਨਹੀਂ ਬਣਦਾ। ਇਸ ਭਾਰੀ ਪ੍ਰਣ ਨੂੰ ਜੋ ਅੱਜ ਮੈਂ ਧਾਰ ਲਿਆ ਹੈ, ਕਰਤਾਰ ਸਿਰੇ ਚੜ੍ਹਾਵੇ। ਮੇਰੇ ਵਿੱਚ ਸਮਰੱਥਾ ਨਹੀਂ, ਪਰ ਗੁਰੂ ਮੇਰੀ ਟੇਕ ਰੱਖੇ, ਹਾਂ, ਇਕ ਧਰਮ ਤੁਸੀਂ ਬੀ ਮੇਰੇ ਨਾਲ ਪਾਲਣ ਦਾ ਕੌਲ ਕਰੋ।

ਬੇਗਮ – ਦੱਸੋ ਭੈਣ ਜੀ! ਮੈਂ ਤੁਸਾਂ ਦੇ ਸੁਖ ਵਿੱਚ ਸੁਖ ਮਨਾਵਾਂਗੀ।

ਸ਼ੀਲਾ - ਇਸ ਕੈਦ ਵਿਚ, ਜਿਸ ਵਿਚ ਮੈਂ ਹਾਂ, ਮੇਰੇ ਸਤਿ ਧਰਮ ਦੀ ਰਾਖੀ ਤੁਸੀਂ ਕਰਨੀ ਹੋਵੇਗੀ। ਮੇਰੀ ਜਿੰਦ ਜਾ ਕੇ ਬੀ ਜੇ ਮੇਰਾ ਧਰਮ ਬਚੇ ਤਾਂ ਤੂੰ ਮੇਰੀ ਭੈਣਾਂ ਵਾਂਗੂੰ ਸਹਾਇਤਾ ਕਰੇਂਗੀ।

ਬੇਗਮ - ਅੱਲਾ ਮੇਰਾ ਜਾਮਨ! ਤੈਨੂੰ ਤੇ ਤੇਰੇ ਧਰਮ ਨੂੰ, ਜਦ ਤਾਈਂ ਮੇਰੇ ਦਮ ਵਿਚ ਦਮ ਹੈ, ਤੱਤੀ ਵਾ ਨਾ ਲੱਗਣ ਦਿਆਂਗੀ।

ਸ਼ੀਲਾ (ਅੱਖਾ ਮੀਟ ਕੇ) - ਸ਼ੁਕਰ ਹੈ ਮੇਰੇ ਸਿਰਜਣਹਾਰ ਅਕਾਲ ਪੁਰਖ! ਤੂੰ ਧੰਨ ਹੈਂ, ਤੂੰ ਧੰਨ ਹੈਂ, ਤੂੰ ਬੰਦੀ ਛੋੜ, ਰਹਿਮ ਕਰ, ਮੇਰੇ ਸਾਈਆਂ ਜੀ ਨੂੰ ਬੀ ਹੱਥ ਦੇ ਕੇ ਰੱਖ ਤੇ ਮੈਨੂੰ ਮਿਲਾ।

ਬੇਗਮ - ਭੈਣ! ਤੇਰਾ ਪਤੀ ਕਿੱਥੇ ਹੈ ਤੇ ਕੀਕੂੰ ਵਿਛੜਿਆ ਸੀ?

ਸ਼ੀਲਾ - ਝਨਾ ਦੇ ਕੰਢੇ ਇਕ ਨਗਰ ਦੇ ਹਾਕਮ ਨੇ ਮਾਰ-ਮਾਰ ਕੇ ਮਰਨਾਊ ਕਰ ਕੇ ਕੈਦ ਪਾ ਦਿੱਤੇ ਸਨ, ਪਤਾ ਨਹੀਂ ਫੇਰ ਕੀ ਹੋਇਆ? ਹਾਂ! ਆਉਂਦੀ ਵੇਰ ਜੀਉਂਦੇ ਦਿੱਸ ਪਏ ਸਨ, ਪਰ ਗੱਲ ਬਾਤ ਨਹੀਂ ਹੋ ਸਕੀ (ਨੈਣ ਭਰ ਆਏ)।

ਬੇਗਮ (ਅੱਖਾਂ ਪੂੰਝ ਕੇ) - ਭੈਣ! ਰੋ ਨਾ, ਤੇਰਾ ਪਤੀ ਮੈਂ ਸਦਵਾ ਦਿਆਂਗੀ ਅਰ ਉਸਦਾ ਵਾਲ ਵਿੰਗਾ ਨਹੀਂ ਹੋਵੇਗਾ, ਤੂੰ ਹੁਣ ਸਮਝ ਕਿ ਸਭ ਬਿਪਤਾ ਦੂਰ ਹੋ ਗਈ।

ਸ਼ੀਲਾ - ਤੁਸੀਂ ਕਿੰਨਾ ਪਿਆਰ ਕਰਦੇ ਹੋ, ਪਰ ਇਕ ਰਾਤ ਤਾਂ ਤੁਹਾਡੀ ਕ੍ਰਿਪਾ ਨਾਲ ਬੀਤੀ, ਇਸ ਮਕਾਨ ਵਿੱਚ ਰਹਿ ਕੇ ਕਦ ਤਕ ਬੱਕਰੇ ਦੀ ਮਾਂ ਸੁਖਣਾਂ ਸੁਖ ਕੇ ਲੰਘਾਵੇਗੀ?

ਬੇਗਮ - ਪਿਆਰੀ ਭੈਣ! ਜਦ ਤਕ ਮੇਰੇ ਦਮ ਵਿਚ ਦਮ ਹੈ ਕਿਸੇ ਦੀ ਮਜਾਲ ਹੈ ਕਿ ਤੁਹਾਡੀ ਵਾ ਵਲ ਬੀ ਤੱਕ ਸਕੇ।

ਸ਼ੀਲਾ - ਕਰਤਾਰ ਤੈਨੂੰ ਭਾਗ ਲਾਵੇ ਤੇ ਆਪਣਾ ਭਉ ਬਖਸ਼ੇ।

ਬੇਗਮ - ਭੈਣ ਜੀ! ਮੇਰੇ ਕਹੇ ਤੁਰੀ ਚਲਣਾ ਫੇਰ ਕੋਈ ਤੌਖਲਾ ਨਹੀਂ।

ਇਸ ਪ੍ਰਕਾਰ ਗੱਲਾਂ ਬਾਤਾਂ ਕਰ ਕੇ ਬੇਗਮ ਵਿਦਾ ਹੋਈ। ਬੇਗਮ ਦੇ ਹੁਕਮ ਮੂਜਬ ਦੋ ਇਕ ਖਤ੍ਰਾਣੀਆਂ ਟਹਿਲਣਾਂ ਸੇਵਾ ਲਈ ਆ ਗਈਆਂ। ਮਾਂ ਪੁੱਤਰ ਨੇ ਇਸ਼ਨਾਨ ਕੀਤਾ, ਪ੍ਰਸ਼ਾਦ ਛਕਿਆ, ਕਪੜੇ ਵਟਾਏ, ਮੈਲੇ ਵਸਤਰ ਟਹਿਲਣਾਂ ਧੋਣ ਦੇ ਬਹਾਨੇ ਬੇਗਮ ਪਾਸ ਲੈ ਗਈਆਂ। ਮਾਂ ਪੁੱਤਰ ਨੇ ਸਾਰਾ ਦਿਨ ਸ਼ੁਕਰ ਕਰ ਕੇ ਬਿਤਾਇਆ। ਸੰਝ ਹੁੰਦੇ ਹੀ ਬੇਗਮ ਦੇ ਹੁਕਮ ਅਨੁਸਾਰ ਸ਼ੀਲ ਕੌਰ ਉਸ ਦਾਲਾਨ ਤੋਂ ਟਹਿਲਣਾਂ ਸਣੇ ਕਿਸੇ ਦੁਰਾਡੇ ਚੁਬਾਰੇ ਵਿਚ ਬਦਲੀ ਗਈ।

ਸੰਝ ਹੋ ਗਈ, ਹਨ੍ਹੇਰਾ ਛਾ ਗਿਆ, ਹਾਕਮ ਸਾਹਿਬ ਨੇ ਚੋਰ ਕੋਠੜੀ ਵਿਚ ਵੜ ਕੇ ਥੋੜ੍ਹੀ ਜਿਹੀ ਪੀਤੀ, ਜਿਸ ਵੇਲੇ ਸਰੂਰ ਆਯਾ ਅਰ ਮਗਜ਼ ਨੇ ਗਰਮ ਹੋ ਕੇ ਆਤਸ਼ਬਾਜ਼ੀ ਦੇ ਚੱਕਰ ਵਾਂਗ ਚੱਕਰ ਖਾਧਾ, ਬਾਕੀ ਰਹੀ ਅਕਲ ਤੇ ਅਧ-ਮੋਈ ਦਇਆ ਉਸ ਗੇੜੇ ਵਿਚ ਗੇੜੇ ਖਾਣ ਲੱਗੀ, ਥਿੜਕਦੇ ਪੈਰੀਂ ਆਪ ਉਸ ਕਮਰੇ ਵੱਲ ਤੁਰੇ ਜਿੱਥੇ ਸ਼ੀਲਾ ਕੈਦ ਕਰਵਾਈ ਹੋਈ ਸੀ। ਜਦ ਅੰਦਰ ਵੜੇ ਤਦ ਕੀ ਦੇਖਦੇ ਹਨ ਕਿ ਉਨ੍ਹਾਂ ਹੀ ਮੈਲੇ ਵਸਤਰਾਂ ਵਿਚ ਉਹ ਘੁੰਡ ਕੱਢੀ ਬੈਠੀ ਹੈ। ਆਪ ਨੂੰ ਬੜਾ ਗੁੱਸਾ ਆਇਆ, ਗੋਲੀਆਂ ਨੂੰ ਮਾਰਿਆ ਕੁੱਟਿਆ, ਗਾਲ੍ਹਾਂ ਕੱਢੀਆਂ, ਕਮਰਿਓਂ ਕੱਢ ਦਿੱਤਾ। ਫੇਰ ਆਪ ਉਸ ਨੂੰ ਥਿੜਕਦੇ ਥਥਲਾਉਂਦੇ ਬੁਲਾਉਣ ਲੱਗੇ। ਘੁੰਡ ਵਿਚ ਲੁਕੀ ਤੇ ਸ਼ਰਮ ਵਿਖੇ ਡੁੱਬੀ ਤੇ ਕੰਬਦੀ ਨੇ ਇਕ ਨਾ ਮੰਨੀ। ਹਾਕਮ ਸਾਹਿਬ ਨੇ ਤਲਵਾਰ ਧੂਹ ਲਈ। ਹੁਣ ਉਹ ਹੱਥ ਜੋੜ ਕੇ ਪੈਰਾਂ ਤੇ ਡਿੱਗ ਪਈ, ਨਵਾਬ ਸਾਹਿਬ ਜਿੱਤੇ ਹੋਏ ਕੁੱਕੜ ਵਾਂਗ ਟੱਰਾ ਉਠਾ ਦੇਖਾ ਹਮਨੇ ਅਪਨਾ ਹੁਕਮ ਪੂਰਾ ਕੀਆ - ਸਿਖ ਕੀ ਬੀਵੀ ਕੋ ਮਨਾ ਲੀਆ (ਥਿੜਕ ਕੇ ਝੋਕਾ ਖਾ ਕੇ) ਅਬ ਬੇਗਮ ਬਨਾਏਂਗੇ......ਪੰਜਾਬ ਕੀ ਮਲਕਾ ਕਹਾਏਂਗੀ.....ਤੂੰ। ਇਸ ਤਰ੍ਹਾਂ ਦੇ ਬਕਵਾਸ ਤੇ ਝੋਕਿਆਂ ਤੇ ਨਸ਼ੀਲੀਆਂ ਉੱਘਾਂ ਵਿਚ ਸੀ ਨਵਾਬ ਕਿ ਬੀਬੀ ਨੂੰ ਕਪੜੇ ਬਦਲਣੇ ਪਏ, ਅਰ ਸ਼ਿੰਗਾਰ ਲਾਉਣੇ ਪਏ, ਪਰ ਪਹਿਲੋਂ ਕਿਸੇ ਲੁਕਵੇਂ ਹੱਥ ਨੇ ਸ਼ਮਾ (ਦੀਵੇ) ਨੂੰ ਵੱਡਾ ਕਰ ਦਿੱਤਾ ਸੀ। ਹੁਣ ਰਾਤ ਇਸ ਤਰ੍ਹਾਂ ਬੀਤ ਗਈ ਜਿੱਕੁਰ ਕੋਈ ਕਾਲੇ ਰੰਗ ਦੀ ਬਿਜਲੀ ਦੁਪਹਿਰ ਵੇਲੇ ਧੁੱਪ ਰੂਪੀ ਬਦਲਾਂ ਵਿਚੋਂ ਸੰਗ ਦੇਖ ਕਰਕੇ ਮੰਦ ਵਾਸ਼ਨਾ ਇਕ ਝਲਕਾ ਦੇ ਕੇ ਕੁਸੰਗ ਦੂਰ ਹੋਏ ਤੇ - ਗੁੰਮ ਹੋ ਜਾਂਦੀਆਂ ਹਨ, ਮਾਨੋਂ ਕਬੀਲੇ ਦੀ ਅੱਗ ਭਬਾਕਾ ਦੇ ਕੇ ਸੁਆਹ ਹੋ ਗਈ, ਪਰ ਸੜਿਆ ਕੁਝ ਬੀ ਨਾ।

ਜਦ ਦਿਨ ਹੋਇਆ ਬੇਗਮ ਵੈਸਾਖ ਦੇ ਨਵੇਂ ਚੜ੍ਹਦੇ ਸੂਰਜ ਵਾਂਗ ਚਮਕਦੀ ਸ਼ੀਲ ਕੌਰ ਦੇ ਕਮਰੇ ਵਿਚ ਗਈ, ਜੋ ਇਸ ਵੇਲੇ ਜਪੁਜੀ ਸਾਹਿਬ ਦੇ ਭੋਗ ਪਾ ਕੇ ਅਰਦਾਸਾ ਸੋਧ ਰਹੀ। ਦੋਵੇਂ ਸਹੇਲੀਆਂ ਪ੍ਰੇਮ ਨਾਲ ਮਿਲੀਆਂ, ਬੇਗਮ ਨੇ ਵਧਾਈ ਦਿੱਤੀ ਕਿ ਆਪ ਦੀ ਇਹ ਰਾਤ ਮੈਂ ਪੂਰੇ ਬਚਾਉ ਵਿਚ ਲੰਘਾ ਦਿਤੀ ਹੈ ਤੇ ਅੱਗੋਂ ਨੂੰ ਹੁਣ ਐਸਾ ਬਾਨਣੂੰ ਬੱਝ ਗਿਆ ਹੈ ਕਿ ਆਪ ਦਾ ਸ਼ੀਲ ਧਰਮ ਸਦਾ ਲਈ ਬਚ ਗਿਆ, ਆਪ ਜਲ ਵਿਚ ਕੌਲ ਫੁੱਲ ਦੀ ਤਰ੍ਹਾਂ ਰਹੋਗੇ, ਕੋਈ ਤੁਹਾਡੀ ਵਾ ਵੱਲ ਮੈਲੀ ਅੱਖ ਨਹੀਂ ਕਰ ਸਕੇਗਾ।

ਸ਼ੀਲਾ - ਭੈਣ ਜੀ! ਮੈਂ ਆਪ ਦੀਆਂ ਦੇਣੀਆਂ ਕਿੱਥੋਂ ਦੇ ਸਕਦੀ ਹਾਂ? ਆਪ ਤਾਂ ਕੋਈ ਮੈਨੂੰ ਮਾਂ ਮਿਲ ਪਏ ਹੋ। ਸ਼ੁਕਰ ਹੈ ਕਲਗੀਧਰ ਜੀ ਦਾ ਜਿਨ੍ਹਾਂ ਤੁਹਾਡੇ ਹਿਰਦੇ ਵਿਚ ਮਿਹਰ ਪਾਈ, ਪਰ ਭੈਣ ਜੀ! ਮੈਨੂੰ ਦੱਸੋ ਤਾਂ ਸਹੀ ਕਿ ਤੁਸਾਂ ਕੀਕੂੰ ਮੇਰੀ ਰਾਖੀ ਕੀਤੀ?

ਬੇਗਮ - ਗੱਲ ਦੱਸਣ ਦੀ ਨਹੀਂ।

ਸ਼ੀਲਾ - ਮੈਂ ਹੇਠ ਨਹੀਂ ਕਰਦੀ, ਪਰ ਜੇ ਹਰਜ਼ ਨਹੀਂ ਤਾਂ ਚਾ ਦੱਸੋ।

ਬੇਗਮ - ਭੈਣ! ਤੇਰਾ ਮੇਰਾ ਹੁਣ ਭੇਤ ਇਕ ਹੈ, ਤੈਥੋਂ ਕੀ ਲੁਕਾਉ ਕਰਾਂ! ਮੇਰੇ ਪਤੀ ਦੇ ਭਾਣੇ ਤਾਂ ਉਹ ਤੁਹਾਨੂੰ ਰਾਣੀ ਬਣਾ ਬੈਠਾ ਹੈ; ਪਰ ਮੈਂ ਉਸ ਨਾਲ ਛਲ ਖੇਡਿਆ ਹੈ। ਆਪ ਦੇ ਕਪੜੇ ਪਹਿਨ ਗਮਰੁੱਠ ਬਣ ਕੇ, ਆਪ ਵਾਂਗੂੰ ਗੱਲਾਂ ਕਰਕੇ ਵਿਚ ਹਨ੍ਹੇਰੇ ਦੀ ਮਦਦ ਨਾਲ ਇਹ ਧੋਖਾ ਬਣਾਇਆ ਕਿ ਹੋਵਾਂ ਮੈਂ ਤੇ ਉਹ ਸਮਝੇ ਤੁਸੀਂ ਹੋ, ਸੋ ਪਤੀ ਨਸ਼ੇ ਵਿਚ ਮੈਨੂੰ ਨਹੀਂ ਪਛਾਣ ਸਕਿਆ। ਉਮੈਦ ਹੈ ਇਸ ਨਸ਼ੇ ਤੇ ਹਨ੍ਹੇਰੇ ਦੀ ਤੁਫੈਲ ਵਿਚ ਕੁਛ ਚਿਰ ਤਾਂ ਨਿਭ ਜਾਏਗੀ ਫੇਰ ਹੋਰ ਤਜਵੀਜ਼ ਸੋਚ ਰਹੀ ਹਾਂ, ਹਨ੍ਹੇਰਾ ਸਾਰੇ ਸੰਸਾਰ ਦਾ ਪਰਦੇ ਢੱਕ ਹੈ, ਜੋ ਲੋਕਾਂ ਦੇ ਕਰਮਾਂ ਤੇ ਪਰਦੇ ਪਾ ਕੇ ਭਲੇ ਬੁਰੇ ਨੂੰ ਇਕ ਸਮਾਨ ਕਰਨੇ

ਵਾਲਾ ਹੈ। ਹਾਂ ਹਨ੍ਹੇਰਾ ਸਹਿਨਸ਼ੀਲਤਾ ਦਾ ਘਰ, ਮਹਿੰ ਵਰਗੇ ਜਿਗਰੇ ਵਾਲਾ ਹੈ। ਕੋਈ ਉਸ ਵਿਚ ਖੂਨ ਕਰੇ, ਡਾਕੇ ਮਾਰੇ, ਚੋਰੀ ਕਰੇ, ਕੋਈ ਭਜਨ ਕਰੇ, ਸਮਾਧੀ ਲਾਵੇ, ਕਿਸੇ ਨੂੰ ਨਿੰਦਦਾ ਸਲਾਹੁੰਦਾ ਨਹੀਂ, ਕਿਸੇ ਦਾ ਪਾਜ ਨਹੀਂ ਉਘੜਦਾ। ਸੂਰਜ ਅਰ ਚੰਦ ਦੀਆਂ ਨਜ਼ਰਾਂ ਪੜਦੇ ਪਾੜ ਹਨ, ਜੋ ਨਾ ਕੇਵਲ ਆਪ ਲੋਕਾਂ ਦੇ ਐਬ ਦੇਖਦੀਆਂ ਹਨ, ਸਗੋਂ ਬੜਬੋਲ ਦੀ ਜੀਭ ਵਾਂਗੂੰ ਸਾਰੇ ਜਹਾਨ ਵਿਚ ਨਸਰ ਕਰ ਦਿੰਦੀਆਂ ਹਨ। ਤਾਰਿਆਂ ਦੀਆਂ ਚੋਰ ਅੱਖਾਂ ਹਨ ਜੋ ਕੰਨਾਂ ਵਿੱਚ ਫੂਕਾਂ ਮਾਰਨ ਵਾਗ ਲੋਕਾਂ ਦੇ ਪਾਜ ਮਲਕੜੇ ਮਲਕੜੇ ਉਘੇੜ ਦਿੰਦੀਆਂ ਹਨ, ਪਰ ਹਨ੍ਹੇਰਾ ਆਪ ਤਾਂ ਦੇਖ ਕੇ ਅਣਡਿੱਠ ਕਰਦਾ ਹੈ; ਪਰ ਹੋਰਨਾਂ ਦੀਆਂ ਨਜ਼ਰਾਂ ਤੋਂ ਬੀ ਪੜਦੇ ਪਾਉਂਦਾ ਹੈ। ਨਾ ਆਪ ਕਿਸੇ ਦੇ ਐਬ ਦੇਖਦਾ ਹੈ, ਨਾ ਕਿਸੇ ਨੂੰ ਦੇਖਣ ਦਿੰਦਾ ਹੈ। ਜਿਸ ਤਰ੍ਹਾਂ ਕੋਈ ਭਲਾ ਪੁਰਸ਼ ਕਿਸੇ ਨੂੰ ਨੰਗਾ ਉਘਾੜਾ ਦੇਖ ਕੇ ਆਪਣੀਆਂ ਅੱਖਾਂ ਨੀਵੀਆਂ ਕਰ ਲੈਂਦੇ ਹੈ; ਤਿਵੇਂ ਹਨ੍ਹੇਰਾ ਬੀਬੇ ਪੁਰਖ ਵਾਂਗ ਅੱਖਾਂ ਮੀਟ ਕੇ ਆਪਣੇ ਕਾਲੇ ਰਥ ਦੇ ਪਹੀਏ ਰੇੜੀ ਤੁਰਿਆ ਚਲਿਆ ਜਾਂਦਾ ਹੈ ਤੇ ਕਿਸੇ ਦੇ ਪਾਪ ਪੁੰਨ ਨਹੀਂ ਵੇਖਦਾ। ਹਨ੍ਹੇਰਾ ਬੀਬਾ ਰਾਣਾ ਹੈ, ਭੈਣ! ਏਸੇ ਹਨ੍ਹੇਰੇ ਨੇ ਤੇਰਾ ਧਰਮ ਬਚਾਇਆ। ਮੇਰੀ ਜਾਚੇ ਤਾਂ ਹਨ੍ਹੇਰਾ ਆਰਫ ਕਾਮਲ (ਬ੍ਰਹਮਗਿਆਨੀ) ਹੈ, ਨਹੀਂ ਨਹੀਂ ਹਨ੍ਹੇਰੇ ਵਿਚ ਤਾਂ ਉਹ ਗੁਣ ਹੈ ਜੋ ਖੁਦਾ ਵਿਚ ਹੈ, ਖੁਦਾ ਸਭ ਦੇ ਪਾਪ ਪੁੰਨ ਨੂੰ ਜਾਣਦਾ ਹੈ ਪਰ ਪੜਚੋਲਦਾ ਨਹੀਂ, ਦੇਖਦਾ ਹੈ ਪਰ ਭੰਡਦਾ ਨਹੀਂ। ਪਾਪੀ ਪੁੰਨੀ ਸਭ ਦੇ ਖੇਤ ਤੋਂ ਇਕੋ ਜਿਹਾ ਮੀਂਹ ਵਸਾਉਂਦਾ ਹੈ। ਤਿਵੇਂ ਹਨ੍ਹੇਰਾ ਕਿਸੇ ਦੇ ਸਿਰੇ ਨਹੀਂ ਆਉਂਦਾ। ਹਾਂ, ਹਨ੍ਹੇਰੇ ਵਿਚ ਇਕ ਗੁਣ ਰੱਬ ਤੋਂ ਵੀ ਵਧੀਕ ਹੈ। ਰੱਬ ਦੇਖਦਾ ਹੈ, ਐਸਾ ਦੇਖਦਾ ਹੈ ਕਿ ਹੋਣ ਤੋਂ ਪਹਿਲੇ, ਹੋਣ ਵਾਲੇ ਅਰ ਹੋ ਚੁੱਕੇ ਤੋਂ ਮਗਰੋਂ ਸਭ ਕੁਝ ਜਾਣਦਾ ਹੈ, ਹਾਂ ਪਰ ਸਹਾਰਾ ਰੱਖਦਾ ਹੈ, ਐਪਰ ਧੰਨ ਹਨ੍ਹੇਰਾ ਜੋ ਲੋਕਾਂ ਦੇ ਪਾਪਾਂ ਨੂੰ ਦੇਖਣੋਂ ਅਰ ਸਮਝਣੋਂ ਬੀ ਨਾਂਹ ਕਰਦਾ ਹੈ ਕਹਿੰਦਾ ਹੈ ਮੈਂ ਕਿਉਂ ਕਿਸੇ ਦੇ ਪਾਪ ਪੁੰਨ ਦਾ ਦੇਖਣਹਾਰ ਤੇ ਜਾਣਨਹਾਰ ਬਣਾ? ਆਪਣੇ ਕਰਮਾਂ ਦਾ ਫਲ ਸਭ ਕੋਈ ਭੋਗਦਾ ਹੈ, ਮੈਂ ਕਿਉਂ ਬੁਰੇ ਭਲੇ ਸਮਾਚਾਰ ਦੇਖ ਕੇ ਆਪਣੇ ਸਹਿਣਸ਼ੀਲਤਾ ਵਾਲੇ ਮਨ ਵਿਚ ਸ਼ੱਕ ਸ਼ੁਭੇ ਪੈਦਾ ਕਰਾਂ ਤੇ ਆਪਣੇ ਦਿਲ ਨੂੰ ਹੋਰਨਾਂ ਦੇ ਪਾਪਾਂ ਪੁੰਨਾਂ ਦਾ ਘਰ ਬਣਾ ਲਵਾਂ।

ਐਸੀ ਚੰਚਲਤਾ ਅਰ ਪਰਮੇਸ਼ਰ ਦੀ ਬੇਅਦਬੀ ਦੇ ਨਾ ਸਹੇ ਜਾਣ ਵਾਲੇ ਬਚਨ ਸੁਣ ਕੇ ਸ਼ੀਲ ਕੌਰ ਘਬਰਾਈ, ਕੰਬੀ, ਕੁਛ ਬੋਲੀ, ਠਿਠਕੀ ਪਰ ਮਨ ਨੂੰ ਮੁੱਠ ਵਿਚ ਲੈ ਕੇ ਧੀਰਜ ਧਰ ਕੇ ਬੋਲੀ - ਭੈਣ ਜੀ! ਤੁਸਾਂ ਭਾਵੇਂ ਕਿਵੇਂ ਕੀਤਾ, ਮੇਰਾ ਭਲਾ ਹੀ ਹੋਇਆ। ਮੈਂ ਤੁਸਾਂ ਦੀਆਂ ਦੇਣੀਆਂ ਕਿਸੇ ਜੁਗ ਨਹੀਂ ਦੇ ਸਕਦੀ; ਪਰ ਭੈਣ ਕਿਹਾ ਜੇ ਤਾਂ ਇਕ ਗੱਲ ਮੇਰੀ ਭੀ ਸੁਣ ਲਵੋ। ਖੁਦਾ ਦੀ ਸ਼ਾਨ ਵਿਚ ਕਦੇ ਹਲਕੇ ਵਾਕ ਨਹੀਂ ਕਹੀਦੇ।

ਬੇਗਮ - ਸੱਚ ਕਿਹਾ ਹਈ, ਸਾਡੇ ਵਿਚ ਬੀ ਇਹ ਗੱਲ ਮਨ੍ਹੇ ਲਿਖੀ ਹੈ।

ਇਸ ਪ੍ਰਕਾਰ ਦੀ ਚਲਾਕੀ ਤੇ ਵਲ ਛਲ ਦੀਆਂ ਗੱਲਾਂ ਕਰਕੇ ਬੇਗਮ ਚਲੀ ਗਈ ਤੇ ਸ਼ੀਲਾ ਪੁੱਤਰ ਸਮੇਤ ਹੱਥ ਜੋੜ ਕਰਤਾ ਪੁਰਖ ਅੱਗੇ ਪਰਮ ਅਧੀਨਗੀ ਨਾਲ ਬੇਨਤੀ ਕਰਨ ਲੱਗੀ ਕਿ ਹੇ ਧਰਮ ਪੁੰਜ ਪਿਤਾ! ਤੇਰੀ ਨਿੰਦਾ ਮੇਰੇ ਕੰਨਾਂ ਥਾਣੀ ਮੇਰੇ ਅੰਦਰ ਗਈ ਹੈ, ਸੋ ਆਪਣੀ ਪਰਮ ਕ੍ਰਿਪਾ ਨਾਲ ਮੇਰਾ ਹਿਰਦਾ ਸ਼ੁੱਧ ਕਰੋ, ਅਰ ਮੇਰੇ ਔਗੁਣ ਬਖਸ਼ੋ? ਮੈਂ ਬੇਵਸ ਹੀ ਨਹੀਂ ਸਗੋਂ ਮੈਂ ਪਰਵਸ ਹਾਂ, ਮੇਰੇ ਤੇ ਆਪਣੀ ਮਿਹਰ ਕਰੋ ਅਤੇ ਕਿਸੇ ਖੁੱਲ੍ਹ ਵਿੱਚ ਵਾਸਾ ਦਿਓ।'

ਉਧਰ ਦਰਬਾਰ ਦਾ ਹਾਲ ਸੁਣੋ, ਮੀਰ ਮੰਨੂੰ ਜਦ ਆਪਣੀ ਕਚਹਿਰੀ ਵਿਚ ਬੈਠਾ ਸੀ, ਤਦ ਸੂੰਹੀਆਂ ਵਿਚੋਂ ਇਕ ਨੇ ਆ ਪਤਾ ਦਿੱਤਾ ਕਿ ਮਾਝੇ ਵਿਚ ਸਿੱਖਾਂ ਦਾ ਇਕ ਟੋਲਾ ਇਕ ਥਾਵੇਂ ਲੁਕਿਆ ਹੋਇਆ ਹੈ। ਉਸੇ ਵੇਲੇ ਕੁਝ ਸੈਨਾ ਅਰ ਦਰਬਾਰੀ ਤਿਆਰ ਹੋ ਗਏ ਅਰ ਉਧਰ ਨੂੰ ਕੂਚ ਬਲ ਗਿਆ। ਬੇਗਮ ਸਾਹਿਬ ਨੂੰ ਖਬਰ ਗਈ ਕਿ ਚਾਰ ਪੰਜ ਦਿਨ ਨਵਾਬ ਸਾਹਿਬ ਦੀ ਉਡੀਕ ਨਾ ਰੱਖਣ। ਇਹ ਖਬਰ ਸੁਣ ਕੇ ਬੇਗਮ ਤੇ ਸ਼ੀਲ ਕੌਰ ਅਚਿੰਤ ਹੋ ਗਈਆਂ।

ਨਵਾਬ ਸਾਹਿਬ ਰਸਤੇ ਵਿਚ ਸੈਰ ਤੇ ਸ਼ਿਕਾਰ ਕਰਦੇ ਗਏ, ਛੇਕੜ ਉਥੇ ਪਹੁੰਚੇ ਜਿਥੇ ਆਦਮੀਆਂ ਦਾ ਸ਼ਿਕਾਰ ਕਰਨਾ ਸੀ। ਪਿੰਡੋਰੀ ਪਿੰਡ ਦੇ ਲਾਗੇ ਇਕ ਕਮਾਦ ਦਾ ਭਾਰੀ ਖੇਤ ਸੀ, ਸਿੰਘ ਬਾਲ ਬਿਰਧ ਜੁਆਨ ਇਸ ਵਿੱਚ ਲੁਕੇ ਹੋਏ ਸੇ ਇਹ ਵਿਚਾਰ ਡਲਾ ਰੱਖਾਂ ਵਿਚ ਛਿਪ ਛਿਪ ਕੇ ਸਮਾਂ ਕੱਟ ਰਹੇ ਸੇ। ਖਾਣੋਂ ਪੀਣੋਂ ਵੀ ਵਿਰਵੇ ਰਹਿ ਜਾਂਦੇ ਸਨ। ਕੰਡਿਆਂ ਤੇ ਮੌਸਮ ਦੀਆਂ ਕਰੜਾਈਆਂ ਨਾਲ ਕਪੜਿਆਂ ਦੀਆਂ ਲੀਰਾਂ, ਲਾੜ ਦੇ ਛਤਰ ਦੀਆਂ ਕਤਾਰਾਂ ਵਾਂਗ ਸ਼ੋਭ ਰਹੀਆਂ ਸਨ, ਹੁਣ ਏਥੇ ਆ ਲੁਕੇ ਸਨ ਅਰ ਗੁਰੂ ਮਹਾਰਾਜ ਜੀ ਦੇ ਅਰਦਾਸਿਆਂ ਵੱਲ ਝੁਕ ਰਹੇ ਸਨ ਕਿ ਅਚਾਨਕ ਇਨ੍ਹਾਂ ਦੇ ਸ਼ਿਕਾਰੀ ਪਹੁੰਚ ਪਏ। ਪਿੰਡ ਵਾਲੇ ਕੱਠੇ ਹੋ ਗਏ। ਸਾਰੇ ਹਾਹਾਕਾਰ ਕਰ ਰਹੇ ਸਨ। ਕਮਾਦ ਵਿਚ ਲੁਕਿਆਂ ਦੀਆਂ ਮਾਵਾਂ ਭੈਣਾਂ ਵਿਰਲਾਪ ਕਰ ਰਹੀਆਂ ਸਨ। ਕੁਛ ਸਿੰਘਣੀਆਂ ਸਣੇ ਰਤਨ ਸਿੰਘ ਭੰਗੂ ਜੀ ਦੀ ਮਾਤਾ ਦਾਦੀ ਦੇ ਬੈਰਾਗੀ ਮਹੰਤ ਦਾਦੂ ਰਾਮ ਦੇ ਪੋਤਰੇ ਨੇ ਭਗਵੇ ਕਪੜੇ ਪੁਆ ਕੇ ਘਰ ਲੁਕਾ ਰੱਖੀਆਂ ਸਨ, ਦੁਖੀਆਂ ਦੀ ਪੁਕਾਰ ਤੇ ਪਿੰਡ ਵਾਲਿਆਂ ਦੀ ਹਾਹਾਕਾਰ ਕੁਛ ਐਸੀ ਪਈ ਕਿ ਮੰਨੂੰ ਦਾ ਘੋੜਾ ਸੀਖਪਾ ਹੋ ਗਿਆ। ਮੰਨੂੰ ਡਿੱਗ ਪਿਆ ਪਰ ਇਕ ਪੈਰ ਰਕਾਬ ਵਿਚ ਫਸਿਆਂ ਰਿਹਾ ਤੇ ਘੋੜਾ ਉਠ ਭੱਜਾ। ਟਿੱਬ ਖੜਿੱਬੀਆਂ ਥਾਵਾਂ ਵਿਚ ਪੱਕੇ ਹੋਏ ਹਦਵਾਣੇ ਵਾਂਗ ਮੋਟਾ ਸਿਰ ਖਹਿ ਖਹਿ ਵੱਜਦਾ ਅਰ ਠਹਿਕਦਾ ਠਹਿਕਦਾ ਪਾਟਦਾ ਗਿਆ, ਇਥੋਂ ਤੱਕ ਕਿ ਨੱਕ ਮੂੰਹ ਤੱਕ ਫਿਸ ਗਏ ਅਰ ਲਹੂ ਦੀ ਲੀਕ ਸਾਰੀ ਘਸੀਟ ਵਾਲੀ ਥਾਂ ਤੇ ਲੱਗਦੀ ਸ਼ਿੰਗਰਫ ਦੀ ਲਕੀਰ ਵਾਂਗ ਮੰਨੂੰ ਦੀ ਕਰਮ ਪੱਤਰੀ ਦੀ ਲੰਮਾਈ ਦੀ ਖਬਰ ਸੰਸਾਰੀਆਂ ਨੂੰ ਦੇ ਗਈ।

ਜਿੰਦੜੀ ਤਾਂ ਮੀਰ ਮੰਨੂੰ ਦੀ ਇਕੁਰ ਗਈ। ਹੁਣ ਦੇ ਦਾ ਹਾਲ ਸੁਣੋ - ਜਦ ਸਾਥੀ ਉਸ ਮੁਰਦਾ ਲੋਥ ਨੂੰ ਲੈ ਕੇ ਸ਼ਹਿਰ ਪਹੁੰਚੇ ਅਰ ਮੌਤ ਦੀ ਸੋ ਪਾਣੀ ਤੇ ਪਏ ਤੇਲ ਵਾਂਗੂੰ ਫੈਲ ਗਈ, ਤਦ ਸਾਰੀਆਂ ਫੌਜਾਂ ਜੋ ਕਈ ਮਹੀਨੇ ਤੋਂ ਤਨਖਾਹ ਨੂੰ ਉਡੀਕ ਰਹੀਆਂ ਸਨ - ਘੇਰਾ ਪਾ ਖਲੋਤੀਆਂ ਅਰ ਲੋਥ ਖੋਹ ਲਈ। ਮੁਰਾਦ ਬੇਗਮ ਨੂੰ ਕਹਾ ਭੇਜਿਆ ਕਿ ਤਿੰਨ ਲੱਖ ਰੁਪਿਆ ਤਨਖਾਹ ਦਾ ਸਾਡਾ ਤਾਰ ਦੇਵੇ ਤਾਂ ਲੋਥ ਮਿਲੇਗੀ। ਵਿਚਾਰੀ ਬੇਗਮ ਸਾਰੀ ਰਾਤ ਜੋੜ ਤੋੜ ਕਰਦੀ ਰਹੀ। ਜਦ ਦਿਨ ਨੂੰ ਬੇਗਮ ਨੇ ਤਿੰਨ ਲੱਖ ਰੁੱਪਿਆ ਦਿਤਾ ਤਦ ਲੋਥ ਮਿਲੀ, ਜੋ ਫਿਰ ਪਾਤਸ਼ਾਹੀ ਧੂਮ ਧਾਮ ਨਾਲ ਦੱਬੀ ਗਈ।

# ਨਾਮ ਤੇ ਨਾਮ ਦਾ ਦਾਤਾ ਸਤਿਗੁਰੂ

***ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ***

***ਜਿਹ ਸਿਮਰਨਿ ਤੇਰੀ ਜਾਇ ਬਲਾਇ ॥***
***ਜਿਹ ਸਿਮਰਨਿ ਤੁਝੁ ਪੋਹੈ ਨ ਮਾਇ ॥***
***ਸਿਮਰਿ ਸਿਮਰਿ ਹਰਿ ਹਰਿ ਮਨਿ ਗਾਈਐ ॥***
***ਇਹੁ ਸਿਮਰਨੁ ਸਤਿਗੁਰ ਤੇ ਪਾਈਐ ॥ ੬ ॥***
***ਸਦਾ ਸਦਾ ਸਿਮਰਿ ਦਿਨੁ ਰਾਤਿ ॥***
***ਊਠਤ ਬੈਠਤ ਸਾਸਿ ਗਿਰਾਸਿ ॥***
***ਜਾਗੁ ਸੋਇ ਸਿਮਰਨ ਰਸ ਭੋਗ ॥***
***ਹਰਿ ਸਿਮਰਨੁ ਪਾਈਐ ਸੰਜੋਗ ॥ ਅੰਗ - ੯੭੧***

ਇਹ ਉਪਰਲਾ ਗੁਰਵਾਕ ਸਪੱਸ਼ਟ ਨਿਰਣੇ ਕਰਾਉਂਦਾ ਹੈ ਕਿ ਜਿਸ ਸਿਮਰਨ ਤੋਂ ਸਿਮਰਨਹਾਰੇ ਦੀ ਆਧਿ ਬਿਆਧਿ ਉਪਾਧਿ ਰੂਪੀ ਸਭ ਅੱਲਾ-ਬੱਲਾ ਦੂਰ ਹੁੰਦੀ ਹੈ, ਜਿਸ ਸਿਮਰਨ ਤੋਂ ਸਿਮਰਨ-ਹਾਰੇ ਨਾਮ ਅਭਿਆਸੀ ਨੂੰ ਮਾਇਆ-ਮਮਤਾ ਦਾ ਤ੍ਰੈਗੁਣੀ ਆਲ ਜਾਲ ਜੰਜਾਲ ਨਹੀਂ ਪੋਹਿ ਸਕਦਾ, ਜਿਸ ਸਿਮਰਨ ਨੂੰ ਸਦਾ ਸਿਮਰੀ ਜਾਣਾ ਹੁਕਮ ਹੈ, ਜਿਸ ਨਾਮ ਸਿਮਰਨ ਦੀ ਜਸ ਕੀਰਤੀ ਨੂੰ ਸਦਾ ਗਾਈ ਜਾਣ ਦਾ ਉਪਦੇਸ਼ ਹੈ, ਸੋ ਐਸਾ ਹਰਿ ਸਿਮਰਨ ਕੇਵਲ ਸਤਿਗੁਰੂ ਤੋਂ ਹੀ ਪਾਇਆ ਜਾ ਸਕਦਾ ਹੈ। ਇਸ ਸਿਮਰਨ ਨੂੰ ਅਰਥਾਤ ਗੁਰਮਤਿ ਨਾਮ ਦੇ ਸਿਮਰਨ ਨੂੰ ਕੇਵਲ ਸਤਿਗੁਰੂ ਤੋਂ ਪਾ ਕੇ ਹੀ 'ਸਦਾ ਸਦਾ ਸਿਮਰਿ ਦਿਨੁ ਰਾਤਿ' 'ਊਠਤ ਬੈਠਤ ਸਾਸਿ ਗਿਰਾਸ ਸਿਮਰਿਆ ਜਾ ਸਕਦਾ ਹੈ, ਐਵੇਂ ਨਹੀਂ; ਐਵੇਂ ਕਦਾਚਿਤ ਨਹੀਂ। ਕੇਵਲ ਸਤਿਗੁਰੂ ਤੋਂ ਗੁਰਮੰਤਰ ਪ੍ਰਾਪਤ ਕਰਕੇ ਇਸ ਸਿਮਰਨ ਦਾ ਜਾਗਦਿਆਂ ਅਤੇ ਸੁਤਿਆਂ ਪਿਆਂ ਹੀ ਰਸ ਭੋਗ ਸਕੀਦਾ ਹੈ। ਪਰ ਐਸਾ ਸਿਮਰਨ ਸਤਿਗੁਰੂ-ਮਿਲਾਪ-ਮਈ ਸੰਜੋਗਾਂ ਨਾਲ ਹੀ ਪ੍ਰਾਪਤ ਹੁੰਦਾ ਹੈ।

ਉਪਰਲੇ ਗੁਰਵਾਕ ਦੇ ਭਾਵ ਤੋਂ ਸਾਫ ਸਿੱਧ ਹੋਇਆ ਕਿ ਸਿਮਰਨ ਦਾ ਦਾਤਾ ਸਤਿਗੁਰੂ ਹੈ ਅਤੇ ਸਤਿਗੁਰੂ ਬਾਝੋਂ ਨਾਮ ਗੁਰ-ਮੰਤਰ ਕੋਈ ਨਹੀਂ ਦੇ ਦ੍ਰਿੜਾ ਸਕਦਾ, ਨਾ ਕਿਸੇ ਨੂੰ ਸਤਿਗੁਰੂ ਤੋਂ ਬਿਨਾਂ ਸਿਮਰਨ ਦੀ ਦਾਤਿ ਪ੍ਰਾਪਤ ਹੋ ਸਕਦੀ ਹੈ।

ਪਰ ਦੇਖਣ ਵਿਚ ਆਉਂਦਾ ਹੈ ਕਿ ਸਿਮਰਨ-ਦਾਤਿਆਂ ਦੀਆਂ ਸੰਪਰਦਾਵਾਂ ਐਨੀਆਂ ਚਲ ਪਈਆਂ ਹਨ ਕਿ ਐਨੇ ਸਿਮਰਨ ਦੀ ਦਾਤਿ ਲੈਣ ਦੇ ਅਧਿਕਾਰੀ ਨਹੀਂ ਜਿਤਨੇ ਕਿ ਦੇਣ ਦੇ ਦਾਅਵੇਦਾਰ ਸਿਮਰਨ-ਦਾਤਾਰੀ ਬਣੇ ਫਿਰਦੇ ਹਨ। ਇਨ੍ਹਾਂ ਹੰਨੇ ਹੰਨੇ ਸਿਮਰਨ-ਦਾਤਿ ਦੇ ਮੀਰ ਸ਼ਿਕਾਰੀਆਂ ਨੇ ਸਿਮਰਨ ਨੂੰ ਭੋਇੰ ਭਾ ਲੁਟਾਉਣ ਦੀ ਅੰਨ੍ਹੀ ਮਚਾਈ ਹੈ। ਹਰ ਇਕ ਇਕੱਲਾ ਇਕੱਲਾ ਹੀ ਜਿਸ ਨੂੰ ਚਾਹੇ, ਨਾਮ ਗੁਰਮੰਤਰ ਦੇਣ ਦਾ ਅਤੇ ਸਿਮਰਨ ਸਿਖਾਉਣ ਦਾ ਦਾਅਵੇਦਾਰ ਹੈ। ਜਦ ਕਿ ਸਿਮਰਨ ਦਾ ਦਾਤਾ ਸਿਰਫ ਸਤਿਗੁਰੂ ਹੀ ਹੈ, ਤਾਂ ਇਨ੍ਹਾਂ ਦਾ ਕੀ ਹੱਕ ਹੈ ਕਿ ਸਿਮਰਨ ਦੇਣ ਦਿਲਾਉਣ ਦੀ ਖੁਲ੍ਹ ਖੇਡ ਦੇ ਪਰਪੰਚ-ਅਖਾੜੇ ਰਚਦੇ ਫਿਰਨ? ਕੀ ਇਹ ਸਿਮਰਨ ਦੀ ਦਾਤਿ ਨੂੰ ਅਤੇ ਸਿਮਰਨ-ਦਾਤਾ ਸਤਿਗੁਰੂ ਦੀ ਦਾਤਿ ਸਿਫਾਤੀ-ਜ਼ਾਤ ਨੂੰ ਹਾਸੋ-ਹੀਣ ਅਤੇ ਬਦਨਾਮ ਕਰਨ ਵਾਲੀ ਬੀਮਾਰੀ ਨਹੀਂ? ਜਣਾ ਖਣਾ ਉੱਠ ਕੇ ਨਾਮ ਦਾ ਦਾਤਾ ਬਣਿਆ ਫਿਰਦਾ ਹੈ ਅਤੇ ਹਰ ਇਕ ਅਣ-ਅਧਿਕਾਰੀਆਂ ਅਤੇ ਅਣ-ਗਾਹਕਾਂ ਦੇ ਕੰਨਾਂ ਵਿਚ ਮਨਮੰਨੀਆਂ ਸਿਮਰਨ-ਫੂਕਾਂ ਫਿਰਦਾ ਹੈ।

## ਨਾਮ-ਸਿਮਰਨ ਦੇਣ ਦੀ ਖੁਲ੍ਹੀ ਖੇਡ -

ਅਸੀਂ ਅਨੇਕਾਂ ਦੀਪ-ਮਾਲਾ ਦੇ ਸਮਾਗਮਾਂ ਸਮੇਂ ਸ੍ਰੀ ਅੰਮ੍ਰਿਤਸਰ ਜੀ ਦੀ ਯਾਤਰਾ ਨੂੰ ਆਉਣ ਜਾਣ ਵਾਲੇ ਯਾਤਰੂਆਂ ਅਤੇ ਮਹਿਜ਼ ਮੇਲਾ ਵੇਖਣ ਵਾਲੇ ਤਮਾਸ਼ਬੀਨਾ ਦੀਆਂ ਭਰੀਆਂ ਭਕੁੰਨੀਆਂ ਰੇਲਵੇ ਟਰੇਨਾਂ ਦੇ ਡੱਬਿਆਂ ਵਿਚ ਕਈ ਭੇਖੀਆਂ ਨੂੰ ਮੱਲੋਜ਼ੋਰੀ ਲੋਕਾਂ ਦੇ ਕੰਨਾਂ ਵਿਚ ਨਾਮ ਸਿਮਰਨ ਦੀਆਂ ਫੂਕਾਂ ਮਾਰਦੇ ਆਪਣੇ ਅੱਖੀਂ ਡਿੱਠਾ ਹੈ। ਜੇਲ੍ਹ-ਯਾਤਰਾ ਤੋਂ ਪਹਿਲਾਂ ਤਾਂ ਸਾਨੂੰ ਦੋ ਚਾਰ ਅਜਿਹੇ ਮੌਕੇ ਖਾਸ ਤੌਰ ਤੇ ਯਾਦ ਹਨ ਕਿ ਹਿੰਦੂ ਮੁਸਲਮਾਨਾਂ ਦੇ ਭਰੇ ਡੱਬਿਆਂ ਵਿਚ ਪੰਜ-ਪੰਜ, ਛੇ-ਛੇ ਨਾਮ-ਦਾਤਾਰੀ ਵੜ ਜਾਂਦੇ ਸਨ ਤੇ ਵੜਨਸਾਰ ਹਰ ਇਕ ਮੁਸਾਫਰ ਨੂੰ ਸਿਰਫ ਏਤਨੀ ਗੱਲ ਪੁਛਦੇ ਸਨ ਕਿ ਤੂੰ ਹਿੰਦੂ ਹੈਂ ਯਾ ਮੁਸਲਮਾਨ। ਜੇ ਉਹ ਕਹਿ ਦੇਵੇ ਕਿ ਮੈਂ ਹਿੰਦੂ ਹਾਂ, ਬੱਸ ਮੱਲੋ-ਮੱਲੀ ਉਸ ਦੇ ਕੰਨਾਂ ਨੂੰ ਚਿੰਮੜ ਜਾਂਦੇ। ਅਧਿਕਾਰੀ ਅਨ-ਅਧਿਕਾਰੀ ਤਾਂ ਕੀ ਵੇਖਣਾ ਸੀ, ਬੇਸ਼ਕ ਨੜੀ-ਮਾਰ ਹੀ ਹੋਵੇ, ਤੜੱਕ ਨਾਮ ਦੇਣ ਲਈ ਉਸ ਦੇ ਉਦਾਲੇ ਹੋ ਜਾਂਦੇ। 'ਮਾਨ ਨਾ ਮਾਨ' ਮੈਂ ਤੇਰਾ ਮਹਿਮਾਨ ਦੀ ਕਹਾਵਤ ਅਨੁਸਾਰ ਗੱਡੀ ਵਿਚ ਬੈਠੇ ਸਭਨਾਂ ਨੂੰ ਨਾਮ (ਗੁਰਮੰਤ੍ਰ) ਦੇ ਹੀ ਦਿੰਦੇ ਤੇ ਨਾਲ ਇਕ ਇਕ ਉੱਨ ਦੀ ਮਾਲਾ ਭੀ ਦਿੰਦੇ ਤੇ ਇਸ ਬਿਧ ਇਕ ਇਕ ਗੱਡੀ (ਡੱਬੇ) ਵਿਚ ਬੈਠੇ ਪੰਜ ਪੰਜ, ਛੇ ਛੇ ਇਹ ਗੁਰਮੰਤਰ ਵੰਡਣ ਵਾਲੇ ਵੱਖੋ-ਵੱਖ ਆਪਣੇ ਨਾਮ-ਲੇਵੇ ਚਾਟੜਿਆ ਦੀਆਂ ਫਹਿਰਿਸਤਾਂ ਤਿਆਰ ਕਰਦੇ। ਕੀ ਉਨ੍ਹਾਂ ਦੀਆਂ ਇਹ ਕਾਰਵਾਈਆਂ 'ਵਿਣੁ ਗਾਹਕ ਗੁਣੁ ਵੇਚੀਐ ਤਉ ਗੁਣੁ ਸਹਘੋ ਜਾਇ' ਗੁਰਵਾਕ ਦੇ ਭਾਵ ਅਨੁਸਾਰ ਘੋਰ ਮਨਮੱਤਾਂ ਨਹੀਂ ਤਾਂ ਹੋਰ ਕੀ ਹਨ?

ਕੀ ਇਹ ਘੋਰ ਗੁਬਾਰੀ ਗੁਰੂ ਡੰਮ੍ਹ ਵਾਲੀ ਬੀਮਾਰੀ ਨਹੀਂ, ਜੋ ਖਾਸ ਕਰ ਸਿੱਖ ਅਖਵਾਉਣ ਵਾਲੇ ਇਕ ਹਿੱਸੇ ਵਿਚ ਪ੍ਰਵਿਰਤ ਹੋ ਗਈ ਹੈ? ਇਹ ਲੋਕ ਅਸਾਡੇ ਪੰਥ ਦੇ ਬਜ਼ੁਰਗ, ਕਰਨੀ ਕਮਾਲ ਜਮਾਲ ਸ੍ਰੀ ਬਾਬ ਰਾਮ ਸਿੰਘ ਜੀ ਦੇ ਕਮਾਏ ਗੁਰਸਿੱਖੀ ਦੇ ਕਮਾਲ ਦੇ ਨਾਲ ਅਭਿਆਸ ਦੇ ਪੂਰਨਿਆਂ ਨੂੰ ਲਾਜ-ਲਾਉਣ ਕਰ ਰਹੇ ਹਨ।

## ਬਾਬਾ ਰਾਮ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿੱਖ -

ਜਿਨ੍ਹਾਂ ਸੱਜਣਾਂ ਨੇ ਸ੍ਰੀ ਬਾਬਾ ਰਾਮ ਸਿੰਘ ਜੀ ਦੇ ਨਿਕਟਵਰਤੀ ਹੋਣ ਦਾ ਮਾਣ ਪ੍ਰਾਪਤ ਕੀਤਾ ਹੈ, ਉਨ੍ਹਾਂ ਨੇ ਆਪਣੀ ਜ਼ਬਾਨੀ ਇਹ ਗੱਲਾਂ ਅਸਾਨੂੰ ਦੱਸੀਆਂ ਹਨ ਕਿ ਸ੍ਰੀ ਬਾਬਾ ਰਾਮ ਸਿੰਘ ਜੀ ਨੇ ਕਦੇ ਭੀ ਆਪਣੀ ਜ਼ਿੰਦਗੀ ਵਿਚ ਨਾ ਹੀ ਇਕੱਲਿਆਂ ਕਿਸੇ ਨੂੰ ਅੰਮ੍ਰਿਤ ਛਕਾਇਆ ਅਤੇ ਨਾ ਹੀ ਕਿਸੇ ਨੂੰ ਇਕੱਲਿਆਂ ਨਾਮ ਦਿਤਾ। ਹਮੇਸ਼ਾ ਅੰਮ੍ਰਿਤ ਛਕਾਉਣ ਦੇ ਮਹਾਂ ਕਾਰਜ ਲਈ ਪੰਜਾਂ ਪਿਆਰਿਆਂ ਦੀ ਸ਼ਮੂਲੀਅਤ ਵਿਚ ਸ਼ਾਮਲ ਹੁੰਦੇ ਰਹੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆਂ ਉਨ੍ਹਾਂ ਦੇ ਵਕਤ ਵਿਚ ਪੰਜ ਪਿਆਰੇ ਹੀ ਨਾਮ (ਗੁਰਮੰਤ੍ਰ) ਦਿੰਦੇ ਰਹੇ। ਚਾਹੇ ਸ੍ਰੀ ਬਾਬਾ ਜੀ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋਣ, ਭਾਵੇਂ ਨਾ ਹੋਣ, ਸ੍ਰੀ ਬਾਬਾ ਜੀ ਨੇ ਕਦੇ ਆਪਣੇ ਆਪ ਨੂੰ ਗੁਰੂ ਨਹੀਂ ਸਦਵਾਇਆ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਇਸ਼ਟ ਗੁਰੂ ਮੰਨਦੇ ਸਨ ਅਤੇ ਜਗਿਆਸੂਆਂ ਨੂੰ ਮਨਾਉਂਦੇ ਸਨ।

ਅੱਜ 'ਸਤਿਜੁਗੀ' ਫਰਿਸ਼ਤੇ ਇਸ ਬੀਮਾਰੀ ਦਾ ਨਾਉਂ ਸੁਣ ਕੇ ਭੁੜਕ ਉੱਠੇ ਹਨ। ਬੀਮਾਰੀ ਦਸਣ ਵਾਲਿਆਂ ਨੂੰ, ਬੀਮਾਰੀ ਦੀ ਸੂੰਹ ਲਾਉਣ ਵਾਲਿਆਂ ਨੂੰ ਮਨਮਤੀਏ ਦਸਦੇ ਹਨ। ਬੀਮਾਰੀ ਪਾਉਣ ਵਾਲਿਆਂ ਨੂੰ ਮਨਮਤੀਏ ਮੰਨਣੋਂ ਸੰਕੋਚਦੇ ਹਨ।

'ਇਹ ਸਿਮਰਨੁ ਸਤਿਗੁਰ ਤੇ ਪਾਈਐ।' ਦੇ ਗੁਰਵਾਕ ਦੀ ਪੰਗਤੀ ਦੀ ਕਸੌਟੀ ਅਨੁਸਾਰ ਗੁਰਮਤਿ ਮਹਿਮਾ-ਮਈ ਸਿਮਰਨ ਦਾ ਦਾਤਾ ਕੇਵਲ ਸਤਿਗੁਰੂ ਹੀ ਹੋ ਸਕਦਾ ਹੈ। ਕੀ ਇਹ ਅੱਜ ਕਲ੍ਹਾ ਦੇ ਨਾਲ ਦੇਣ ਵਾਲੇ ਸਾਰੇ ਦੇ ਸਾਰੇ ਹੀ ਸਤਿਗੁਰੂ ਹਨ? ਜਿਸ ਕਿਸੇ ਇਕੱਲੇ ਸਿੱਖ ਨੇ ਖੁਦ ਨਾਮ ਦੇਣ ਦੀ ਹਮਾਕਤ ਕੀਤੀ, ਉਸ ਨੇ ਮਾਨੋ ਗੁਰੂ ਬਣਨ ਦੀ ਹਮਾਕਤ ਭੀ ਕੀਤੀ। ਬੱਸ, ਇਸ ਤਰ੍ਹਾਂ ਹੀ ਗੁਰੂ ਡੰਮ੍ਹ ਦੀ ਬੀਮਾਰੀ ਫੈਲੀ ਅਤੇ ਮਹਾਂ ਮਨਮਤਿ ਪ੍ਰਕਾਸ਼ਕ ਹੋਈ। ਨਾਮ ਗੁਰਮੰਤ੍ਰ ਦਾ ਦਾਤਾ ਸਿਮਰਨ ਦਾ ਦਾਤਾ ਹੈ ਤਾਂ ਸਿਰਫ ਸਤਿਗੁਰੂ ਹੀ ਹੈ। ਇੱਕੋ ਕੋਈ ਇੱਕ ਇਕੱਲਾ ਸਿੱਖ ਕਦੇ ਭੀ ਨਾਮ ਦਾ ਦਾਤਾ ਨਹੀਂ ਹੋ ਸਕਦਾ, ਭਾਵੇਂ ਕਿਤਨੀ ਕਰਨੀ ਵਾਲਾ ਕਿਉਂ ਨਾ ਹੋਵੇ। ਕਰਨੀ ਵਾਲੇ ਪੰਜ ਸਿੰਘਾਂ ਦਾ ਪੁੰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆਂ ਹੀ ਸ੍ਰੀ ਗੁਰੂ ਦਸਮੇਸ਼ ਜੀ ਦੇ ਪਰਪੱਕ ਪ੍ਰਚਲਤ ਕੀਤੇ ਅਸੂਲ ਮਰਿਯਾਦਾ ਅਨੁਸਾਰ ਅੰਮ੍ਰਿਤ ਛਕਾ ਸਕਦਾ ਹੈ ਅਤੇ ਇਸ ਅੰਮ੍ਰਿਤ ਪ੍ਰਚਾਰ ਦੇ ਸਮੇਂ ਨਾਮ ਦੀ ਦਾਤਿ ਅਧਿਕਾਰੀ ਜਨਾਂ ਨੂੰ ਦੇ ਸਕਦਾ ਹੈ। ਇਸ ਦੇ ਉਲਟ ਜੋ ਕੋਈ ਕਰਦਾ ਹੈ ਸੋ ਮਨਮਤਿ ਤੇ ਮਹਾਂ ਮਨਮਤਿ ਕਰਦਾ ਹੈ।

ਸਤਿਗੁਰੂ ਇੱਕ ਹੈ -

ਸਤਿਪੁਰਖ ਦਾ ਜਾਨਣਾ ਕੀ ਹੈ? -

ਸਿਮਰਨ ਦਾ ਦਾਤਾ ਕੇਵਲ ਸਤਿਗੁਰੂ ਹੀ ਹੋ ਸਕਦਾ ਹੈ ਅਤੇ ਸਤਿਗੁਰੂ ਇੱਕ ਹੈ, ਅਨੇਕ ਨਹੀਂ। ਸਤਿਗੁਰੂ ਦਾ ਮੁਰਾਤਬਾ 'ਵਡੀ ਹੂੰ ਵਡਾ ਅਪਾਰੁ' ਹੈ, ਸਭ ਦੂੰ ਵੱਡਾ ਹੈ। ਗੁਰੂ ਪਦ ਸਤਿ ਹੈ ਤਾਂਹੀਂ ਤੇ ਇਸ ਗੁਰੂ ਪਦ ਨੂੰ 'ਸਤਿਗੁਰੂ' ਕਰਕੇ ਗੁਰਬਾਣੀ ਅੰਦਰ ਵਰਨਿਆ ਹੈ। ਸਭ ਤੋਂ ਵੱਡਾ ਸ੍ਰੇਸ਼ਟ ਅਤੇ ਸੱਚ ਪਦ ਹੈ ਸਤਿਗੁਰੂ ਦਾ, ਪਰ ਇਹ ਮਿਲਦਾ ਤਿਸ ਨੂੰ ਹੈ ਜਿਸ ਨੂੰ ਆਪ ਵਾਹਿਗੁਰੂ ਟਿੱਕੇ (ਥਾਪੇ) ਯਾ ਜਿਸ ਨੂੰ ਵਾਹਿਗੁਰੂ ਅਕਾਲ ਪੁਰਖ ਦਾ ਥਾਪਿਆ (ਟਿਕਿਆ) ਸਤਿਗੁਰੂ ਹੀ ਆਪਿ ਥਾਪੇ (ਟਿੱਕੇ)। ਐਸੇ ਸਤਿਗੁਰ ਦਾ ਸਦਾ ਹੀ ਸੱਚ ਪਦ ਸੱਚੇ ਅਕਾਲ ਪੁਰਖ ਵਿਖੇ ਹੀ ਧਿਆਨ ਇਕ-ਟੱਕ ਟਿਕਿਆ ਰਹਿੰਦਾ ਹੈ। ਇਕ ਨਿਮਖ ਭੀ ਧੇਯ (ਅਕਾਲ ਪੁਰਖ) ਤੋਂ ਧਿਆਤਾ (ਸਤਿਗੁਰੂ) ਧਿਆਨ ਕਰਕੇ ਅੱਡਰਾ ਨਹੀਂ ਰਹਿੰਦਾ। ਜੋਤਿ ਕਰਕੇ ਗੁਰੂ ਤੇ ਅਕਾਲ ਪੁਰਖ ਵਿਖੇ ਰੰਚਕ ਮਾਤਰ ਭੀ ਭੇਦ ਨਹੀਂ। ਐਸਾ ਸਤਿਗੁਰੂ ਗੁਰੂ ਅਕਾਲ ਪੁਰਖ ਵਲੋਂ ਇਕੋ ਗੁਰੂ ਨਾਨਕ ਨਾਮ ਕਰ ਕੇ ਹੀ ਕਲੀ-ਕਾਲ ਵਿਖੇ ਪ੍ਰਗਟ ਹੋਇਆ। ਗੁਰੂ ਇਕ, ਨਾ-ਅਨਿਕ, ਬੱਸ ਕੇਵਲ ਨਾਨਕ ਹੀ ਇਕੋ ਗੁਰੂ ਰੂਪ ਸਤਿਗੁਰੂ ਧੁਰ ਦਰਗਾਹੋਂ ਥਾਪਿਆ ਪਿਆ। ਇਕੋ ਸਮੇਂ ਵਿਖੇ ਇਕੋ ਗੁਰੂ ਹੀ ਸਥਾਪਨ ਰਿਹਾ, ਨਾ ਕਿ ਅਨੇਕ ਗੁਰੂ ਬਣ ਬੈਠੇ। ਗੁਰੂ ਨਾਨਕ ਸਾਹਿਬ ਦੀ ਇਕੋ ਗੁਰੂ ਜੋਤਿ ਦਸਾਂ ਜਾਮਿਆਂ ਵਿਖੇ ਹਲੂਲ ਕਰਦੀ ਰਹੀ। ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ। ਅਤੇ ਇਕੋ ਸਮੇਂ ਵਿਖੇ ਇਹ ਸਤਿਗੁਰੂ ਦੇ ਸੀਸ ਤੇ ਨਿਰੰਜਨੀ ਛੱਤਰ ਗੁਰਿਆਈ ਦਾ ਝੁਲਦਾ ਰਿਹਾ ਅਤੇ ਗੁਰਿਆਈ ਦੇ ਤਖਤ ਨੂੰ ਮੱਲ ਬੈਠਣਹਾਰਾ, ਅਰਥਾਤ ਸਸ਼ੋਭਤ ਕਰਨਹਾਰਾ ਇਲਾਹੀ ਹੁਕਮ ਅਨੁਸਾਰ ਇਕੋ ਸਮੇਂ ਇਕੋ ਸਤਿਗੁਰੂ ਹੀ ਸਥਾਪਤ ਰਿਹਾ। ਯਥਾ ਗੁਰਵਾਕ - ਝੁਲੈ ਸੁ ਛਤੁ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ, ਅਤੇ ਇਕੋ ਗੁਰੂ-ਹੱਟ ਤੋਂ ਹੀ ਗੁਰਸਿੱਖਾਂ ਦੇ ਖਾਣ, ਖਰਚਣ ਤੇ ਖੱਟਣ ਲਈ ਗੁਰ-ਸ਼ਬਦ ਦਾ ਅਤੁੱਟ ਲੰਗਰ ਚਲਦਾ ਰਿਹਾ। ਯਥਾ ਗੁਰਵਾਕ -

***ਲੰਗਰੁ ਚਲੈ ਗੁਰ ਸਬਦਿ***
***ਹਰਿ ਤੋਟਿ ਨ ਆਵੀ ਖਟੀਐ॥ ਅੰਗ - ੯੬੬***

ਹਾਂ ਜੀ! ਗੁਰ-ਸ਼ਬਦ-ਸਿਮਰਨ ਰੂਪੀ ਹੱਟ ਚਲਾਉਣਹਾਰਾ, ਸਿਮਰਨ ਦੀਆਂ ਦਾਤਾਂ ਦੇਵਣਹਾਰਾ, ਗੁਰਿਆਈ ਦੇ ਤਖਤ ਚਵਰ ਦਾ ਅਧਿਕਾਰੀ ਗੁਰੂ ਸਤਿਗੁਰੂ ਇਕੋ ਸਮੇਂ ਵਿਖੇ ਇਕੋ ਹੀ ਹੋ ਸਕਦਾ ਹੈ, ਜੈਸੇ ਕਿ ਉਪਰਲੇ ਗੁਰ-ਪ੍ਰਮਾਣਾਂ ਦੀ ਅਥਾਰਿਟੀ ਹੈ। ਐਸਾ ਸੱਚ ਸੱਚਾ ਸਭਦੂ ਵੱਡਾ ਗੁਰੂ, ਸਤਿਗੁਰੂ ਪਦ, ਇਕ ਨੂੰ ਮਿਲ ਸਕਦਾ ਹੈ ਅਤੇ ਉਸ ਨੂੰ ਮਿਲ ਸਕਦਾ ਹੈ ਜਿਸ ਨੂੰ ਕਿ ਸਤਿਗੁਰੂ ਟਿੱਕੇ ਅਤੇ ਜਿਸਦਾ ਜੋਤਿ ਸਰੂਪੀ ਲਿਵ ਧਿਆਨ ਧੇਯ ਵਿਖੇ ਇੱਕ-ਮਿੱਕ ਹੋਵੇ। ਯਥਾ -

***ਸਚੁ ਸਚਾ ਸਭ ਦੂ ਵਡਾ ਹੈ***
***ਸੋ ਲਏ ਜਿਸੁ ਸਤਿਗੁਰੁ ਟਿਕੇ ॥***
***ਸੋ ਸਤਿਗੁਰੁ ਜਿ ਸਚੁ ਧਿਆਇਦਾ***
***ਸਚੁ ਸਚਾ ਸਤਿਗੁਰੁ ਇਕੇ ॥***
***ਸੋਈ ਸਤਿਗੁਰੁ ਪੁਰਖੁ ਹੈ ਜਿਨਿ***
***ਪੰਜੇ ਦੂਤ ਕੀਤੇ ਵਸਿ ਛਿਕੇ ॥ ਅੰਗ - ੩੦੪***

ਤਾਂ ਤੇ ਗੁਰਬਾਣੀ ਦੀ ਕਸਉਟੀ ਅਨੁਸਾਰ ਸਤਿਗੁਰੂ ਪੁਰਖ ਦੀਆਂ ਇਹ ਨਿਸ਼ਾਨੀਆਂ ਹਨ -

੧. ਸਤਿਗੁਰੂ ਪੁਰਖ ਇਕੋ ਸਮੇਂ ਵਿਖੇ ਇਕੋ ਹੀ ਹੋ ਸਕਦਾ ਹੈ।

੨. ਸੋਈ ਹੋ ਸਕਦਾ ਹੈ ਜਿਸ ਨੂੰ ਅਕਾਲ ਪੁਰਖ ਵਲੋਂ ਗੁਰਿਆਈ ਦਾ ਟਿੱਕਾ ਮਿਲਿਆ।

੩. ਜੋ ਜੋਤਿ, ਜੁਗਤਿ ਕਰਕੇ ਜੋਤੀਯ ਸਰੂਪ ਨਾਲ ਇੱਕ-ਮਿੱਕ ਹੋਵੇ।

੪. ਜੋ ਗੁਰ-ਸ਼ਬਦ ਹੱਟ ਦਾ ਸੱਚਾ ਸ਼ਾਹ ਹੋਵੇ।

੫. ਜੋ ਗੁਰਮੰਤ੍ਰ ਨਾਮ ਸਿਮਰਨ ਰੂਪੀ ਸੱਚੀ ਵੱਥ ਦਾ ਸੱਚਾ ਦਾਤਾਰ ਹੋਵੇ।

੬. ਜਿਸ ਦਾ ਅਹਿਨਿਸਿ ਲਿਵ-ਧਿਆਨ ਧੇਯ (ਪ੍ਰਮਾਤਮਾ ਪਰਮੇਸੁਰ ਵਾਹਿਗੁਰੂ ਅਕਾਲ ਪੁਰਖ) ਵਿਖੇ ਜੁੜਿਆ ਰਹੇ।

੭. ਜਿਸ ਨੇ ਪੰਜੇ ਦੂਤ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਵੱਸ ਕਰਕੇ ਛਿੱਕੇ ਤੇ ਬੰਨ੍ਹ ਲਏ ਹੋਣ।

੮. ਜਿਸ ਨੂੰ 'ਧੁਰ ਕੀ ਬਾਣੀ ਆਈ' ਉਚਾਰਨ ਦੀ ਸਮਰੱਥਾ ਹੋਵੇ।

ਇਨ੍ਹਾਂ ਸਿਫਤਾਂ ਵਾਲਾ ਸਤਿਗੁਰੂ ਹੋ ਸਕਦਾ ਹੈ। ਹੋਰ ਜਣਾ ਖਣਾ ਥੋੜ੍ਹੇ ਹੋ ਸਕਦਾ ਹੈ? ਇਥੇ ਅੱਜਕੱਲ੍ਹ ਇੱਟ ਚੁੱਕੋ ਤਾਂ ਗੁਰੂ ਉਤਪੰਨ ਹੋ ਜਾਂਦਾ ਹੈ। ਉਹ ਆਪੇ ਹੀ ਗੁਰੂ ਬਣ ਬਣ ਬਹਿੰਦੇ ਹਨ, ਨਾ ਕਿਸੇ ਦੇ ਥਾਪੇ, ਨਾ ਗੁਰੂ ਸਤਿਗੁਰ ਅਕਾਲ ਪੁਰਖ ਦੇ ਟਿੱਕੇ, ਨਾ ਗੁਰੂ ਕਰਤਾਰ ਦੇ ਦਰਗਾਹੀ ਦਰਬਾਰ ਵਲੋਂ ਥਾਪੇ

ਗਏ। ਇਕੋ ਸਮੇਂ ਅੰਦਰ ਹੀ ਅਨੇਕ ਗੁਰੂ-ਗੱਦੀਆਂ ਚੱਲੀਆਂ ਹੋਈਆਂ ਹਨ। ਬੱਸ ਹਰ ਕੋਈ ਕੰਨਾਂ ਵਿਚ ਮੰਤ੍ਰ ਫੂਕ ਕੇ ਇਕ ਇੱਕਲਾ ਹੀ ਆਪੋ ਆਪਣੇ ਥਾਉਂ ਗੁਰੂ ਬਣ ਬਹਿੰਦਾ ਹੈ। ਗੁਰੂਓਂ ਘਟ ਕੋਈ ਸਦਾਉਣਾ ਹੀ ਨਹੀਂ ਚਾਹੁੰਦਾ। ਜ਼ਰਾ ਕੁ ਭੀ ਕਿਸੇ ਦੀ ਸੰਤਗੀਰੀ ਪ੍ਰਸਿੱਧ ਹੋਈ, ਓਹੋ ਹੀ ਗੁਰੂ ਕਹਾਵਣ ਲੱਗ ਪਿਆ। ਜੇ ਕਿਸੇ ਸੰਤ ਡੰਮ੍ਹੀ ਡਿੰਭੀ ਗੁਰੂ ਨੂੰ ਆਖੋ ਕਿ ਤੁਸੀਂ ਗੁਰੂ ਕਿਉਂ ਸਦਾਉਂਦੇ ਹੋ ਤਾਂ ਅੱਗੋ ਉਹ ਇਹ ਤੁਕ ਪੜ੍ਹ ਕੇ ਸੁਣਾ ਦਿੰਦੇ ਹਨ –

***ਸਤਿਪੁਰਖੁ ਜਿਨਿ ਜਾਨਿਆ***<br>***ਸਤਿਗੁਰੁ ਤਿਸ ਕਾ ਨਾਉ॥ ਅੰਗ – ੨੮੬***

ਆਪਣੇ ਜਾਣੇ ਉਹ ਆਪਣੇ ਆਪ ਉਤੇ ਇਹ ਅਵਸਥਾ ਘਟਾਉਂਦੇ ਹਨ ਕਿ ਉਨ੍ਹਾਂ ਨੇ ਸਤਿਪੁਰਖ ਨੂੰ ਜਾਣ ਲਿਆ ਹੋਇਆ ਹੈ, ਪਰੰਤੂ ਸਤਿਪੁਰਖ ਨੂੰ ਵਾਸਤਵ ਵਿਚ ਜਾਣ ਲੈਣ ਵਾਲੇ ਅਪ੍ਰੋਖਸ਼ ਗਿਆਨ ਦੀ ਅਵਸਥਾ (ਮੰਜ਼ਲ) ਬੜੀ ਉੱਚੀ ਹੈ ਅਤੇ ਜਿਹੜਾ ਭੀ ਆਪਣੇ ਉਤੇ ਇਹ ਅਵਸਥਾ ਘਰਾਉਂਦਾ ਹੈ ਅਤੇ ਕਹਿੰਦਾ ਹੈ ਕਿ ਮੈਂ ਸਤਿਗੁਰ ਜਾਣ ਲਿਆ ਹੈ, ਉਹ ਅਸਲ ਵਿਚ ਅਜਾਣ ਹੈ। ਯਥਾ ਗੁਰਵਾਕ –

***ਸੋਈ ਅਜਾਣੁ ਕਹੈ ਮੈ ਜਾਨਾ***<br>***ਜਾਨਣਹਾਰੁ ਨ ਜਾਨਾ ਰੇ॥ ਅੰਗ – ੩੮੨***

ਸਤਿਪੁਰਖ ਨੂੰ ਤੱਤ ਗਿਆਨ ਅਵਸਥਾ ਵਾਲੇ ਜਾਨਣਹਾਰ ਤੱਤ ਗਿਆਨੀ ਦਰ-ਅਸਲ ਸਤਿਗੁਰੂ ਹੀ ਹਨ। ਸਤਿਪੁਰਖ ਦੀ ਹੋਂਦ ਦਾ ਅਨੁਮਾਨ ਮਾਤਰ ਗਿਆਨ, ਕਿਆਸੀ ਹੋਣਾ ਹੋਰ ਚੀਜ਼ ਹੈ ਅਤੇ ਸਾਂਗੋ ਪਾਂਗ ਸਾਪੇਖਸ਼ ਗਿਆਨ ਹੋਣਾ ਹੋਰ ਚੀਜ਼ ਹੈ। ਸਤਿਗੁਰੂ ਦੀ ਬਾਣੀ ਦੇ ਬਖਸ਼ੇ ਗਿਆਨ ਦੁਆਰਾ ਸਤਿਪੁਰਖ ਨੂੰ ਜਾਣ ਲੈਣਾ, ਸਤਿਪੁਰਖ ਦੀ ਹੋਂਦ ਮਾਤਰ ਨੂੰ ਨਿਸਚੇ ਮਾਤਰ ਸਤਿਗੁਰ ਬਾਣੀ ਦੇ ਦ੍ਰਿੜ੍ਹਾਏ ਗਿਆਨ ਨਾਲੋਂ ਸਤਿਗੁਰੂ ਦੀ ਬਾਣੀ ਦੇ ਹੁਕਮਾਂ ਅੰਦਰ ਕਮਾਈ ਨਾਮ ਅਭਿਆਸ ਕਰਨੀ ਦੁਆਰਾ ਅੰਤਰ ਆਤਮੇ ਪ੍ਰਕਾਸ਼ ਹੋਇਆ, ਜੋਤਿ ਵਿਗਿਆਤੀ ਤਤ ਗੁਰਮਤਿ ਗਿਆਨ ਏਸ ਤੋਂ ਭੀ ਵਿਲੱਖਣ ਦਿੱਬ ਵਸਤੂ ਹੈ। ਜੋਤਿ ਵਿਗਿਆਤੀ ਤਤ ਗੁਰਮਤਿ ਗਿਆਨ ਏਸ ਤੋਂ ਭੀ ਵਿਲੱਖਣ ਦਿੱਬ ਵਸਤੂ ਹੈ। ਜੋਤਿ ਪ੍ਰਤਿਬਿੰਬਤੀ ਗਿਆਨ ਪਦਾਰਥ ਨਾਮ ਦੀਆਂ ਅਗਾਧ ਕਮਾਈਆਂ ਦੁਆਰਾ ਵਿਲੱਖਤ ਹੋਇਆ ਸਤਿਪੁਰਖ ਦਾ ਜਾਨਣਾ ਇਕ ਅਕਹਿ ਨੂਰ ਨਿਰਾਲਮੀ ਚਾਨਣਾ ਹੀ ਚਾਨਣਾ ਹੈ, ਜੋ ਅੰਤਰੋਂ ਉਗਵਾ ਕੇ ਸਾਰੇ ਖੰਡਾਂ ਬ੍ਰਹਿਮੰਡਾਂ ਵਿਚ ਨੂਰ (ਨੂਰ ਅਫਸ਼ਾਂ) ਹੋਇਆ ਕੇਵਲ ਕਮਾਈਆਂ ਵਾਲੇ ਗੁਰਮਤਿ ਨਾਮ ਅਭਿਆਸੀ ਨੂੰ ਨਜ਼ਰੀ ਆਉਂਦਾ ਹੈ। ਪਰੰਤੂ ਸਭ ਤੋਂ ਉਪਰ ਅਥਾਹ ਨੂਰ ਗਿਆਨ ਦਾ ਸਹਿਜ ਸਰਸ਼ਾਰੀ ਵਿਕਾਸ ਜੇ ਸਦਾ ਸਦਾ ਅਤੇ ਸਰਬਦਾ ਪ੍ਰਾਪਤ ਹੈ ਤਾਂ ਕੇਵਲ ਸਤਿਗੁਰੂ ਨੂੰ ਹੀ ਪ੍ਰਾਪਤ ਹੈ। ਤਾਂ ਤੇ 'ਸਤਿ ਪੁਰਖੁ ਜਿਮਿ ਜਾਨਿਆ ਸਤਿਗੁਰੁ ਤਿਸ ਕਾ ਨਾਉ' ਵਾਲੀ ਗੁਰਵਾਕ-ਪੰਗਤੀ ਅੰਦਰ ਸਤਿਪੁਰਖ ਦਾ ਜਾਣਾ, ਉਪਰਲੀ ਅਰਥ ਬਿਵਸਥਾ ਵਿਚ ਹੀ ਤੱਤ ਨਿਰਣਤ ਹੈ। ਐਸਾ ਜਾਨਣਾ ਸਤਿਪੁਰਖ ਦਾ ਕੇਵਲ ਸਤਿਗੁਰੂ ਨੂੰ ਹੀ ਸੁਤੇ ਪ੍ਰਾਪਤ ਹੈ, ਹਰ ਇਕ ਗੁਰਮੁਖ ਸਿਖ ਜਗਿਆਸੂ ਨੂੰ ਨਹੀਂ। ਜਿਨ੍ਹਾਂ ਗੁਰਮੁਖਾਂ ਨੂੰ ਗੁਰਮਤਿ ਬ੍ਰਹਮਗਿਆਨੀ ਦੀ ਪਦਵੀ ਭੀ ਪ੍ਰਾਪਤ ਹੋ ਗਈ ਹੈ ਸੋ ਭੀ ਸਤਿਗੁਰੂ ਨਹੀਂ ਸਦਾ ਸਕਦੇ, ਕਿਉਂਕਿ ਸਤਿਗੁਰੂ ਬਣਨ ਦੀਆਂ ਦੂਜੀਆਂ ਸ਼ਰਤਾਂ ਪੂਰੀਆਂ ਨਹੀਂ ਹੁੰਦੀਆਂ{ ਗੁਰਿਆਈ ਦਾ ਟਿੱਕਾ ਤਾਂ ਇਕ ਨੂੰ ਹੀ ਮਿਲੇਗਾ, ਭਾਵੇਂ ਗੁਰੂ ਘਰ ਵਿਖੇ ਅਨੇਕਾਂ ਹੀ ਗੁਰਮੁਖ ਬ੍ਰਹਮਗਿਆਨੀ ਵਿਦਮਾਨ ਹੋਣ। ਸਿਮਰਨ ਦਾਤਾ, ਗੁਰਮੰਤ੍ਰ-ਦੀਖਿਆ ਦਾ ਤੱਤ ਵਿਖਿਅਤਾ ਕੇਵਲ ਸਤਿਗੁਰੂ ਹੀ ਹੈ, ਹੋਰ ਕੋਈ ਨਹੀਂ।

'ਸੋਈ ਸਤਿਗੁਰੁ ਪੁਰਖੁ ਹੈ ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ' ਵਾਲੀ ਗੁਰਵਾਕ ਪੰਗਤੀ ਵਿਚ ਵੀ 'ਪੰਜੇ ਦੂਤ ਕੀਤੇ ਵਸਿ ਛਿਕੇ' ਦੇ ਭਾਵ ਬਾਣੀ ਤਤ ਗੁਰਮੁਖਿ ਸਿਖਰ ਧ੍ਰੂਜੀ ਉਚਿਆਈ ਵਾਲੀ ਅਵਸਥਾ ਕੇਵਲ ਸਤਿਗੁਰ ਪੁਰਖ ਪ੍ਰਥਾਇ ਹੀ ਘਟਦੀ ਹੈ। ਕਾਮ, ਕਰੋਧ, ਲੋਭ, ਮੋਹ ਅਤੇ ਅਹੰਕਾਰ ਦਾ ਉੱਚਾ ਅਭਾਵ ਕੇਵਲ ਸਤਿਗੁਰੂ ਪੁਰਖ ਦੇ ਕੰਚਨ-ਵੰਨੇ ਸ੍ਰੇਸ਼ਟ ਸੁਭਾਵ ਦੀ ਅਲੌਕਿਕ-ਤਾਈ ਪ੍ਰਥਾਇ ਹੀ ਬਣਿਆ ਹੁੰਦਾ ਹੈ। ਪੰਜ ਦੂਤਾਂ ਨੂੰ ਛਿੱਕੇ-ਟੰਗਣੀ-ਵਸੀਕਰਨ-ਸਮਰੱਥਾ ਕੇਵਲ ਸਤਿਪੁਰਖ ਦੀ ਸ੍ਰਿਸ਼ਤ (ਸੁਭਾ) ਅੰਦਰਿ ਹੈ। ਪੰਜਾਂ ਦੂਤਾਂ ਦੀ ਮੁਹਕਮ ਫੌਜ ਹਠੀਲੀ ਨੂੰ ਦਲਣ ਵਾਲਾ ਬਲੀ ਪੁਰਖੁ ਕੇਵਲ ਸਤਿਗੁਰੂ ਹੀ ਹੈ। ਜਣਾ ਖਣਾ ਥੋੜ੍ਹਾ ਇਨ੍ਹਾਂ ਪੰਜ ਦੂਤਾਂ ਨੂੰ ਵਸਿ ਕਰ ਛਿੱਕੇ ਤੇ ਟੰਗ ਸਕਦਾ ਹੈ? ਜਿਨ੍ਹਾਂ ਨੂੰ ਫੁਰਨੇ ਮਾਤਰ ਵਿਚ ਭੀ, ਸੁਪਨ ਸਾਰਖਾ ਭੀ ਇਨ੍ਹਾਂ ਪੰਜਾਂ ਦੂਤਾਂ ਦਾ ਲੇਸ ਨਾ ਲੱਗੇ ਉਨ੍ਹਾਂ ਪ੍ਰਥਾਇ ਹੀ, 'ਪੰਜੇ ਦੂਤ ਕੀਤੇ ਵਸਿ ਛਿਕੇ' ਵਾਲੀ ਬਿਵਸਥਾ ਦੀ ਘਟਨਾ ਘਟ ਸਕਦੀ ਹੈ, ਪਰ ਐਸੇ ਗੁਰਮੁਖ ਬ੍ਰਹਮਗਿਆਨੀ ਬਹੁਤ ਵਿਰਲੇ ਥੋੜ੍ਹੇ ਹਨ।

ਜਿਨ੍ਹਾਂ ਅੰਦਰ ਸੂਖਸ਼ਮ ਤੋਂ ਸੂਖਸ਼ਮ ਅਹੰਕਾਰ ਦੀ ਕਣੀ ਨਾ ਹੋਵੇ, ਜਿਨ੍ਹਾਂ ਅੰਦਰ ਰਾਈ ਮਾਤਰ ਕਾਮ ਕ੍ਰੋਧ ਦੀ ਕਣੀ ਨਾ ਹੋਵੇ, ਜਿਨ੍ਹਾਂ ਅੰਦਰ ਮੁਸ਼ਕ ਮਾਤਰ ਭੀ ਲੋਭ, ਮੋਹ ਦੀ ਅੰਸ ਨਾ ਹੋਵੇ, ਉਹ ਐਸੇ ਸਰਬੱਗ ਸਰਬੋਤਮ ਜਨ ਕੇਵਲ ਸਤਿ ਪੁਰਖ ਹੀ ਹਨ। ਅਲਪੱਗ ਜੀਵ ਸਤਿਗੁਰ ਪੁਰਖ ਦੀ ਏਸ ਅਵਸਥਾ ਦੀ ਰੀਸ ਹਰਗਿਜ਼ ਨਹੀਂ ਕਰ ਸਕਦੇ। ਗੁਰਸਿੱਖਾਂ, ਗੁਰਮੁਖ ਜਨਾਂ ਦੀ ਉਚ ਦ੍ਰਿਸ਼ਟ ਕਰਨੀ ਤਾਂ ਇਹੋ ਹੀ ਹੈ ਕਿ 'ਗੁਰ ਕਹਿਆ ਸੋ ਕਾਰ ਕਮਾਵਨ' ਅਤੇ 'ਗੁਰ ਦੀ ਕਰਨੀ ਕਦੇ ਨਾ ਧਾਵਨ।' ਯਥਾ ਗੁਰਵਾਕ –

***ਗੁਰਿ ਕਹਿਆ ਸਾ ਕਾਰ ਕਮਾਵਹੁ॥***<br>***ਗੁਰ ਕੀ ਕਰਣੀ ਕਾਹੇ ਧਾਵਹੁ॥ ਅੰਗ – ੯੩੩***

ਸਿਮਰਨ ਭਜਨ ਨਾਮ ਅਭਿਆਸ ਦੀ ਕਮਾਈ ਕਰਨ, ਨਾ ਕਿ ਸਿਮਰਨ ਦੇ ਦਾਤੇ ਬਣਨ। ਸਿਮਰਨ ਦਾ ਦਾਤਾ ਤਾਂ ਸਿਰਫ ਸਤਿ ਪੁਰਖ ਸਤਿਗੁਰੂ ਹੀ ਹੈ। ਸਿੱਖ ਜਗਿਆਸੂ ਕੋਈ ਭੀ ਸਿਮਰਨ ਦਾ ਦਾਤਾ ਨਹੀਂ ਹੋ ਸਕਦਾ, ਭਾਵੇਂ ਕਿਤਨੀ ਹੀ ਉਚ ਕਰਨੀ ਵਾਲਾ ਗੁਰਮੁਖ ਬ੍ਰਹਮਗਿਆਨੀ ਕਿਉਂ ਨਾ ਹੋਏ। ਸਤਿਗੁਰ ਦਾਤਾਰੀ ਤੁੱਠ ਕੇ ਐਸਾ ਪਸਾਉ (ਪ੍ਰਸਾਦ) ਕਰ ਸਕਦਾ ਹੈ, ਜਿਸ ਤੋਂ ਕਿ ਸਿੱਖ ਜਗਿਆਸੂ ਨੂੰ ਨਾਮ ਦੀ ਦਾਤਿ, ਸਿਮਰਨ ਦੀ ਦਾਤਿ ਪ੍ਰਾਪਤ ਹੋ ਸਕੇ। ਗੁਰ ਪ੍ਰਸਾਦੀ ਹੀ ਨਾਮ-ਜਪੁ ਨਾਮ-ਸਿਮਰਨੁ ਪ੍ਰਾਪਤ ਹੁੰਦਾ ਹੈ 'ਗੁਰ ਪ੍ਰਸਾਦਿ ਜਪੁ' ਦਾ ਹੁਕਮ ਅਟੱਲ ਹੈ। ਗੁਰਵਾਕ –

***ਸਤਿਗੁਰ ਦਾਤਾ ਆਖੀਐ ਤੁਸਿ ਕਰੇ ਪਸਾਓ॥***<br>***ਹਉ ਗੁਰ ਵਿਟਹੁ ਸਦ ਵਾਰਿਆ***<br>***ਜਿਨਿ ਦਿਤੜਾ ਨਾਓ॥ ਅੰਗ – ੭੨੬***

ਸ਼ਬਦ-ਸਿਮਰਨ ਦੀ ਸੋਝੀ ਸਤਿਗੁਰੂ ਤੋਂ ਹੀ ਪੈ ਸਕਦੀ ਹੈ। ਸਤਿਗੁਰੂ ਦਾਤਾ ਸਬਦੁ ਸੁਣਾਏ, ਤਾਂ ਸਿਮਰਨੁ ਦ੍ਰਿੜ੍ਹ ਹੋਵੇ ਅਤੇ 'ਧਾਵਤ ਮਨੂਆ ਆਵੈ ਠਾਇ॥' ਯਥਾ ਗੁਰਵਾਕ –

(ਬਾਕੀ ਪੰਨਾ 61 'ਤੇ)

# ਮਾਰਗ ਚੋਣ
# (Choosing A Path)

**ਡਾ. ਸਵਾਮੀ ਰਾਮ ਜੀ**
**ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ**

## ਕਰਮ ਯੋਗ

### ਅੰਦਰ ਦੀ ਸ਼ਕਤੀ ਦਾ ਅਨੁਭਵ ਅਤੇ ਸੰਪੰਨਤਾ

ਹਰ ਗੱਲ ਵਿੱਚ ਪ੍ਰਮਾਤਮਾ ਨੂੰ ਲਿਆਉਣਾ ਜਾਂ ਪਾਪ ਦੀ ਗੱਲ ਕਰਨੀ, ਇਸ ਗੱਲ ਕੋਈ ਸਹਾਇਤਾ ਨਹੀਂ ਮਿਲਦੀ। ਇਹ ਕਹਿਲਾ, ਮੈਂ ਤਾਂ ਗਲਤੀ ਕੀਤੀ ਹੈ ਮੈਂ ਤਾਂ ਪਾਪੀ ਹਾਂ, ਮੇਰੇ ਲਈ ਤਾਂ ਕੁਛ ਰਹਿ ਹੀ ਨਹੀਂ ਗਿਆ। ਕੇਵਲ ਪ੍ਰਭੂ ਹੀ ਮੈਨੂੰ ਬਖਸ਼ ਸਕਦਾ ਹੈ, ਪ੍ਰਭੂ ਹੀ ਮੈਨੂੰ ਬਖਸ਼ ਲਵੇ। ਇਹ ਤਾਂ ਉਸ ਦੇ ਆਪਣੇ ਕਰਮਾਂ ਦਾ ਫਲ ਹੈ ਜਿਹੜਾ ਉਹ ਕੱਟ ਰਿਹਾ ਹੈ, ਇਸ ਬੰਧਨ ਤੋਂ ਉਸ ਦੇ ਆਪਣੇ ਕਰਮ, ਆਪਣੇ ਕੰਮ ਹੀ ਮੁਕਤ ਕਰ ਸਕਦੇ ਹਨ। ਲੋੜ ਹੈ ਅੰਦਰ ਦੇ ਬਲ ਦੀ। ਅੰਦਰ ਦਾ ਬਲ ਹੀ ਸਭ ਤੋਂ ਵੱਡੀ ਸਹਾਇਤਾ ਹੈ। ਬਾਹਰ ਦੀ ਸ਼ਕਤੀ ਉਤਸ਼ਾਹਿਤ ਕਰਦੀ ਹੈ, ਅੰਦਰ ਦੀ ਸ਼ਕਤੀ ਹੀ ਵਾਸਤਵ ਵਿੱਚ ਅਸਲੀ ਸ਼ਕਤੀ ਹੈ, ਸੱਚੀ ਸ਼ਕਤੀ ਹੈ।

ਤੁਸੀਂ ਬੰਧਨਾਂ ਤੋਂ ਛੁਟਕਾਰਾ ਪਾ ਸਕਦੇ ਹੋ, ਮੁਕਤ ਹੋ ਸਕਦੇ ਹੋ, ਘੁੰਮਣ-ਘੇਰੀ ਤੋਂ ਬਚ ਸਕਦੇ ਹੋ, ਸ਼ਰਤ ਇਹ ਹੈ ਕਿ ਤੁਸੀਂ ਆਪਣੇ ਕਰਮ ਪਿਆਰ ਨਾਲ, ਜੁਗਤ ਨਾਲ, ਨਿਰ-ਸੁਆਰਥ ਹੋ ਕੇ ਕਰੋ ਅਤੇ ਫਲ ਦੂਸਰਿਆਂ ਤੇ ਛੱਡੋ। ਆਪਣੇ ਕੰਮ, ਕਰਮ, ਆਪਣੀ ਡੀਊਟੀ, ਆਪਣੇ ਕਰੱਤਵ ਛੱਡਣ ਦੀ ਲੋੜ ਨਹੀਂ, ਛੱਡਣ ਦੀ ਲੋੜ ਹੈ ਫਲ ਦੀ, ਕੀਤੇ ਕੰਮਾਂ ਦੇ ਕੀਤੇ ਕਰਮ ਦੇ ਫਲ ਛੱਡਣ ਦੀ ਲੋੜ ਹੈ। ਹਰ ਮਨੁੱਖ ਆਪਣੇ ਆਪ ਵਿੱਚ ਬਿਹਤਰ ਹੋਣਾ ਚਾਹੁੰਦਾ ਹੈ, ਆਪਣੇ ਆਪ ਨੂੰ ਸੁਆਰਨਾ ਚਾਹੁੰਦਾ ਹੈ, ਆਪਣੇ ਆਪ ਵਿੱਚ ਵਿਕਸਿਤ ਹੋਣਾ ਚਾਹੁੰਦਾ ਹੈ, ਸੁਤੰਤਰ ਹੋਣਾ ਚਾਹੁੰਦਾ ਹੈ, ਅੰਤਰ ਦਾ ਅਨੰਦ ਪ੍ਰਾਪਤ ਕਰਨਾ ਚਾਹੁੰਦਾ ਹੈ, ਹਰ ਮਨੁੱਖ ਦੀ ਇਹ ਇੱਛਾ ਹੈ ਹਰ ਮਨੁੱਖ ਇਹ ਚਾਹੁੰਦਾ ਹੈ ਇਸ ਲਈ ਲੋੜ ਹੈ ਆਪਣੇ ਕਰਮ, ਆਪਣੀ ਡੀਊਟੀ ਜੁਗਤ ਨਾਲ ਕਰਨ ਦੀ, ਨਿਰਸੁਆਰਥ ਹੋਣ ਦੀ, ਜੇ ਤੁਸੀਂ ਸੁਆਰਥੀ ਹੋ, ਤੁਸੀਂ ਅੱਗੇ ਜਾ ਹੀ ਨਹੀਂ ਸਕਦੇ, ਨਿਰਲਿਪਤ ਹੋਣਾ ਹੀ ਸਭ ਤੋਂ ਵੱਡੀ ਜੁਗਤ ਹੈ। ਜੇ ਤੁਸੀਂ ਸੁਆਰਥੀ ਹੋ ਫੇਰ ਤੁਸੀਂ ਕਹਿੰਦੇ ਹੋ, ਇਹ ਸਭ ਕੁਝ ਮੇਰੇ ਲਈ ਹੀ ਹੈ, ਮੇਰਾ ਹੀ ਹੈ। ਜੇ ਤੁਸੀਂ ਸਾਗਰ ਵਿੱਚ ਤੈਰ ਰਹੇ ਹੋਵੋ ਪਾਣੀ ਹੱਥਾਂ ਨਾਲ ਆਪਣੇ ਵਲ ਹੀ ਕਰਦੇ ਰਹੋ, ਤੁਸੀਂ ਮਹਿਸੂਸ ਕਰੋਗੇ ਇਹ ਤੈਰਨ ਦਾ ਤਰੀਕਾ ਨਹੀਂ ਹੈ। ਇਹ ਤਾਂ ਡੁੱਬਣ ਦਾ ਤਰੀਕਾ ਹੈ। ਇਸ ਤਰੀਕੇ ਨਾਲ ਤੁਸੀਂ ਦੂਸਰੇ ਕੰਢੇ ਤੇ ਨਹੀਂ ਪਹੁੰਚ ਸਕਦੇ। ਸਾਰੇ ਸੁਆਰਥੀ ਲੋਕ ਸੰਸਾਰ ਵਿੱਚ ਡੁਬਦੇ ਜਾਂਦੇ ਹਨ, ਆਪਣੇ ਆਪ ਲਈ ਸੰਤਾਪ ਹੀ ਪੈਦਾ ਕਰਦੇ ਹਨ, ਕਿਉਂਕਿ ਉਨ੍ਹਾਂ ਨੂੰ ਜੁਗਤ ਹੀ ਨਹੀਂ ਆਉਂਦੀ, ਪਰ ਜੇ ਉਨ੍ਹਾਂ ਨੂੰ ਚੰਗੀ ਪੂਰਨ ਸਿਖਿਆ ਦਿਤੀ ਜਾਵੇ, ਉਨ੍ਹਾਂ ਨੂੰ ਸੁਚੇਤ ਕੀਤਾ ਜਾਵੇ, ਦਸਿਆ ਜਾਵੇ ਕਿ ਸੁਆਰਥੀ ਹੋਣਾ ਕਿੰਨਾਂ ਹਾਨੀਕਾਰਕ ਹੈ ਉਨ੍ਹਾਂ ਲਈ ਦੁਖਦਾਈ ਹੈ, ਉਹ ਸਮਝ ਜਾਣਗੇ, ਜਾਣ ਲੈਣਗੇ, ਸੰਸਾਰ ਭਵਸਾਗਰ ਤੋਂ ਪਾਰ ਉਤਰ ਜਾਣਗੇ।

ਈਸਾ ਜੀ ਨੇ ਆਪਣੇ ਪ੍ਰਵਚਨਾਂ ਵਿੱਚ ਕਿਹਾ ਸੀ ਅਸੀਂ ਓਨੇ ਹੀ ਸੰਪੂਰਨ ਹਾਂ ਜਿੰਨਾਂ ਸਾਨੂੰ ਬਨਾਉਣਾ ਵਾਲਾ ਸਾਡਾ ਪਿਤਾ। ਲੋੜ ਹੈ ਸਾਡੇ ਵਿਕਾਸ ਦੀ, ਸਾਰਿਆਂ ਵਿੱਚ ਵਿਕਸਿਤ ਹੋਣ ਦੀ, ਤਰੱਕੀ ਕਰਨ ਦੀ ਸਮਰੱਥਾ ਹੈ ਪਰ ਆਲਸ ਕਾਰਣ, ਲਾਪਰਵਾਹੀ ਕਾਰਨ, ਸੁਆਰਥੀ ਹੋਣ ਦੇ ਕਾਰਣ, ਪੂਰੀ ਸਿਖਿਆ ਨਾ ਹੋਣ ਕਾਰਣ, ਅਸੀਂ ਅਧੂਰੇ ਹੀ ਰਹਿ ਜਾਂਦੇ ਹਾਂ। ਭਗਵਤ ਗੀਤਾ ਵਿੱਚ ਵੀ ਕਿਹਾ ਗਿਆ ਹੈ - Aksaran Brahma paramam' ਅਜਰ ਅਮਰ ਸੱਤਤਾ ਬ੍ਰਹਮਾ ਹੀ ਹੈ। ਬ੍ਰਹਮਾ ਦੇ ਰੂਪ ਨੂੰ ਹੀ ਆਤਮਾ, Adhyatma ਕਿਹਾ ਜਾਂਦਾ ਹੈ। ਜੇ ਮਨੁੱਖ ਇਹ ਨਾ ਸਮਝੇ ਕਿ ਉਸ ਦੇ ਅੰਦਰ ਦਾ ਬਿੰਦੂ ਉਸ ਦੇ ਅੰਦਰ ਦੀ ਕੋਈ ਸੀਮਾ ਨਹੀਂ ਹੈ, ਉਹ ਅਸੀਮ ਹੈ ਫੇਰ ਤਾਂ ਉਹ ਇੱਕ ਸੀਮਾ ਦੇ ਅੰਦਰ ਹੀ ਰਹਿ ਜਾਂਦਾ ਹੈ, ਉਹ ਬੰਨ੍ਹਿਆ ਜਾਂਦਾ ਹੈ ਉਹ ਦੁਖੀ ਰਹਿੰਦਾ ਹੈ। ਪਰ ਜਦੋਂ ਉਹ ਜੀਵਨ ਦੇ ਸਾਰੇ ਪਹਿਲੂ ਦੇਖ ਲੈਂਦਾ ਹੈ ਤਾਂ ਉਹ ਜਾਣ ਜਾਂਦਾ ਹੈ ਸੀਮਾ ਉਸ ਦੀ ਆਪਣੀ ਹੀ ਬਣਾਈ ਹੋਈ ਹੈ, ਉਸ ਦੀ ਆਪਣੀ ਸੋਚ ਨੇ ਹੀ ਸੀਮਾ ਖੜ੍ਹੀ ਕੀਤੀ ਹੈ। ਦੁੱਖਾਂ, ਸੰਤਾਪਾਂ ਤੋਂ ਮਨੁੱਖ ਉਪਰ ਉਠ ਸਕਦਾ ਹੈ। ਆਪਣੇ ਆਪ ਵਿੱਚ ਸੰਪੂਰਨ ਹੋਣ ਲਈ ਸਭ ਤੋਂ ਅਵੱਸ਼ਕ ਹੈ, ਜ਼ਰੂਰੀ ਹੈ ਇਹ ਸਮਝ ਲੈਣਾ ਕਿ ਸੰਪੂਰਨ ਹੋਣ ਲਈ ਮੋਹ ਤੋਂ ਮੁਕਤ ਹੋ ਜਾਣਾ ਬੇਲਾਗ ਹੋ ਜਾਣਾ। ਸਾਨੂੰ ਆਪਣੀ ਵਿਤ ਅਨੁਸਾਰ ਚੰਗੇ ਤੋਂ ਚੰਗਾ ਹੀ ਕਰਨਾ ਚਾਹੀਦਾ ਹੈ। ਜੁਗਤੀ ਨਾਲ, ਨਿਰਸੁਆਰਥ ਹੋ ਕੇ ਕਰਨਾ ਚਾਹੀਦਾ ਹੈ, ਫਲ ਦੀ ਕਦੀ ਵੀ ਕੋਈ ਆਸ ਨਹੀਂ ਰੱਖਣੀ ਚਾਹੀਦੀ, ਕਿਸੇ ਕਰਮ ਦੇ ਫਲ ਦੀ ਉਸ ਨਹੀਂ ਰੱਖਣੀ ਚਾਹੀਦੀ। ਕਿਸੇ ਵੀ ਸੰਸਾਰਕ ਵਸਤੂ ਦੀ ਆਸ ਨਹੀਂ ਰਖਣੀ ਚਾਹੀਦੀ। ਇਹ ਇਕ ਬਹੁਤ ਹੀ ਸਾਧਾਰਣ ਗੁਰ ਹੈ, ਫਾਰਮੁੱਲਾ ਹੈ।

ਵਿਆਹ ਵੀ ਇਨ੍ਹਾਂ ਹੀ ਸਿਧਾਤਾਂ ਤੇ ਹੋਣਾ ਚਾਹੀਦਾ ਹੈ, ਜਦੋਂ ਲੋਕੀ ਵਿਆਹ ਦੇ ਜੋੜ ਤੋਂ ਬਹੁਤ ਆਸ ਰਖਦੇ ਹਨ, ਨਿਰਾਸਤਾ ਹੋਣੀ ਅਵਸ਼ਕ ਹੈ। ਵਿਆਹ ਦਾ ਜੋੜ ਹੁੰਦਾ ਹੈ ਕਿਉਂਕਿ ਤੁਸੀਂ ਅਸੁਰਖਿਅਤ ਮਹਿਸੂਸ ਕਰਦੇ ਹੋ, ਵਿਆਹ ਕਰਕੇ ਤੁਸੀਂ ਸੁਰਖਿਅਤ ਮਹਿਸੂਸ ਕਰਦੇ ਹੋ। ਵਾਸਤਵ ਵਿੱਚ ਅਸੁਰੱਖਿਤਾ ਅਗਿਆਨ ਤੋਂ ਆਉਂਦੀ ਹੈ, ਭੈ ਤੋਂ ਆਉਂਦੀ ਹੈ। ਇਹ ਦੋਨੋਂ ਗੱਲਾਂ ਚਲਦੀਆਂ ਰਹਿੰਦੀਆਂ ਹਨ। ਵਿਆਹ ਕਰਾ ਕੇ ਇਹ ਖਤਮ ਨਹੀਂ ਹੋ ਜਾਂਦੀਆਂ। ਅਸੁਰਖਿਅਤਾ ਬਣੀ ਰਹਿੰਦੀ ਹੈ, ਦੋਨੋਂ ਸੋਚਦੇ ਰਹਿੰਦੇ ਹਨ, ਉਹ ਮੈਨੂੰ ਛੱਡ ਨਾ ਜਾਏ, ਪਿਆਰ ਕਰਨਾ ਨਾ ਬੰਦ ਕਰ ਦੇਵੇ, ਕੁਝ ਇਸ ਡਰ ਵਿੱਚ ਰਹਿੰਦੇ ਹਨ ਕਿ ਇੱਕ ਦਿਨ ਸਾਥੀ ਨੇ ਮਰ ਜਾਣਾ, ਫੇਰ ਕੋਈ ਸਾਥ ਦੇਣ ਲਈ ਨਹੀਂ ਰਹੇਗਾ। ਸਾਨੂੰ ਇਨ੍ਹਾਂ ਗੱਲਾਂ ਦਾ ਸਾਮ੍ਹਣਾ ਕਰਨ ਲਈ ਦਲੇਰ ਹੋਣਾ ਚਾਹੀਦਾ ਹੈ। ਦੋ ਲੋਕ ਰਿਸ਼ਤਾ ਜੋੜਦੇ ਹਨ ਪਰ ਉਸ ਵਿੱਚ ਦੁਖੀ ਹੋ ਜਾਂਦੇ ਹਨ, ਮੋਹ ਵਿੱਚ ਫਸ ਜਾਂਦੇ ਹਨ, ਅਸੁਰਖਿਅਤ ਮਹਿਸੂਸ ਕਰਦੇ ਹਨ, ਫੇਰ ਉਹ ਖੁਸ਼ੀ ਲਈ ਸ਼ਾਂਤੀ ਲਈ ਅਰਦਾਸ ਕਰਦੇ ਹਨ। ਪ੍ਰਮਾਤਮਾ ਉਨ੍ਹਾਂ ਦੀ ਸਹਾਇਤਾ ਕਿਸ

ਤਰ੍ਹਾਂ ਕਰ ਸਕਦਾ ਹੈ ਜਦੋਂ ਹਰ ਸਮੇਂ ਉਹ ਆਪਣੇ ਲਈ ਸਮੱਸਿਆ ਖੜ੍ਹੀ ਕਰੀ ਰਖਦੇ ਹਨ? ਇਹ ਅਰਦਾਸ ਕਦੀ ਵੀ ਫਲ ਨਹੀਂ ਦੇ ਸਕਦੀ। ਜੇ ਤੁਸੀਂ ਇਹ ਸੋਚ ਕੇ ਅਰਦਾਸ ਕਰੋ ਕਿ ਹੇ ਪ੍ਰਮਾਤਮਾ! ਮੈਂ ਆਪਣਾ ਭੋਜਨ ਨਹੀਂ ਚਿਥਣਾ ਚਾਹੁੰਦਾ, ਕੀ ਤੁਸੀਂ ਮੇਰੀ ਮਦਦ ਕਰੋਗੇ ਕਿ ਮੇਰਾ ਭੋਜਨ ਮੈਨੂੰ ਹਮੇਸ਼ਾ ਹਜ਼ਮ ਹੋ ਜਾਵੇ? ਇਹ ਕਦੀ ਹੋ ਸਕਦਾ ਹੈ? ਕਦੀ ਹੋ ਹੀ ਨਹੀਂ ਸਕਦਾ। ਇਹ ਸਮਝਣ ਦੀ ਲੋੜ ਹੈ, ਅਰਦਾਸ ਕਿਥੇ, ਕਿਸ ਵਾਸਤੇ ਕਰਨੀ ਚਾਹੀਦੀ ਹੈ, ਕਿਸ ਵਾਸਤੇ ਨਹੀਂ ਕਰਨੀ ਚਾਹੀਦੀ। ਹਰ ਮਨੁੱਖ ਦੀ ਸਮਝ ਦਾ ਇਕ ਪੱਧਰ ਹੁੰਦਾ ਹੈ ਉਸ ਦੀ ਜ਼ਿੰਮੇਵਾਰੀ ਦਾ ਪੱਧਰ ਹੁੰਦਾ ਹੈ, ਉਸਨੂੰ ਪਤਾ ਹੁੰਦਾ ਹੈ ਕੀ ਉਸ ਨੂੰ ਮਿਲ ਸਕਦਾ ਹੈ, ਉਹ ਕਿਸ ਚੀਜ਼ ਦੀ ਭਾਲ ਵਿੱਚ ਹੈ, ਆਪਣੇ ਆਪ ਲਈ ਕੀ ਵੇਖ ਰਿਹਾ ਹੈ? ਕੀ ਉਸ ਨੂੰ ਪ੍ਰਾਪਤ ਹੋ ਸਕਦਾ ਹੈ। ਲੋੜ ਹੈ ਠੀਕ ਤਰੀਕਾ ਸਿੱਖਣ ਦੀ, ਕਿਸ ਤਰੀਕੇ ਨਾਲ ਭਾਲ ਕੀਤੀ ਜਾਵੇ, ਕਿਸ ਗਿਆਨ ਦੀ ਪ੍ਰਾਪਤੀ ਕੀਤੀ ਜਾਵੇ, ਉਹ ਕਿਹੜਾ ਗਿਆਨ ਹੈ ਜਿਸ ਦੀ ਪ੍ਰਾਪਤੀ ਨਾਲ ਦੁਖ, ਸੰਤਾਪ ਤੇ ਅਗਿਆਨ ਤੋਂ ਛੁਟਕਾਰਾ ਮਿਲ ਸਕਦਾ ਹੈ। ਲੋਕ ਸੋਚਦੇ ਹਨ ਵਿਆਹ ਸਾਰੀਆਂ ਸਮੱਸਿਆਵਾਂ ਦਾ ਸਮਾਧਾਨ ਹੈ, ਪਰ ਇਹ ਸੱਚ ਨਹੀਂ ਹੈ। ਵਿਆਹ ਤਾਂ ਇੱਕ ਉਹ ਬੰਧਨ ਹੈ ਜਿਹੜਾ ਤੁਹਾਨੂੰ ਇੱਕ ਸਾਥੀ ਦਿੰਦਾ ਹੈ, ਜਿਸ ਵਿੱਚ ਤੁਸੀਂ ਇੱਕ ਦੂਸਰੇ ਨੂੰ ਸਮਝਦੇ ਹੋ। ਇਹ ਉਹ ਸਾਥ ਹੈ, ਜਿਸ ਵਿੱਚ ਤੁਸੀਂ ਇੱਕ ਦੂਸਰੇ ਦੀ ਸਹਾਇਤਾ ਕਰਦੇ ਹੋ, ਤਾਂ ਜੋ ਜੀਵਨ ਉਦੇਸ਼ ਦੀ ਪ੍ਰਾਪਤੀ ਕਰ ਸਕੋ। ਬਹੁਤ ਸਾਰੇ ਲੋਕ ਸੋਚਦੇ ਹਨ ਜੇ ਤੁਸੀਂ ਕਿਸੇ ਨੂੰ ਪਿਆਰ ਕਰਦੇ ਹੋ, ਤੁਹਾਡੀ ਲੜਾਈ ਹੋਣੀ ਵੀ ਜ਼ਰੂਰੀ ਹੈ। ਪਤਨੀਆਂ ਸੋਚਦੀਆਂ ਹਨ ਕਿ ਲੜਾਈ ਬਹੁਤ ਅਵੱਸ਼ਕ ਹੈ। ਵਾਸਤਵ ਵਿੱਚ ਇਹ ਹਿੱਸਾ ਅਜ ਦੀ ਚਕਿਤਸਾ ਦਾ ਬੜਾ ਮਹੱਤਵਪੂਰਨ ਹਿੱਸਾ ਹੈ। ਇਹ ਅੱਜ ਦੇ ਸਮੇਂ ਦਾ ਕਿੰਨਾਂ ਸਖਣਾਪਣ ਹੈ ਕਿ ਅੱਜ ਦੇ ਸਭਿਆਚਾਰ ਦਾ ਕਿੰਨਾ ਅਧੂਰਾ ਤੇ ਖੋਖਲਾਪਣ ਹੈ ਕਿ ਲੜਾਈ ਨੂੰ ਚਕਿਤਸਾ ਦਾ ਰੂਪ ਦਿਤਾ ਜਾ ਰਿਹਾ ਹੈ। ਤੁਹਾਨੂੰ ਆਪਣੇ ਸਾਥੀ ਤੇ ਮਾਣ ਹੋਣਾ ਚਾਹੀਦਾ ਹੈ। ਬੱਚਿਆਂ ਤੇ ਮਾਣ ਹੋਣਾ ਚਾਹੀਦਾ ਹੈ, ਆਪਣੇ ਆਪ ਤੇ ਮਾਣ ਹੋਣਾ ਚਾਹੀਦਾ ਹੈ। ਆਪਣੇ ਆਪ ਨੂੰ ਆਪਣੇ ਪਰਿਵਾਰ ਦੀ ਸ਼ਲਾਘਾ ਕਰਨੀ, ਸਿਖਣੀ ਚਾਹੀਦੀ ਹੈ। ਇੱਕ ਵੀ ਵਿਆਹੁਤਾ ਜੋੜਾ ਐਸਾ ਨਹੀਂ ਜਿਸ ਨੇ ਸੋਚਿਆ ਹੋਵੇ ਕਿ ਉਹ ਵਿਆਹ ਦੇ ਬੰਧਨ ਵਿੱਚ ਬੱਝ ਗਏ ਹਨ। ਸਮਾਜਿਕ ਪੱਖੋਂ ਵੀ ਬੱਝ ਗਏ ਹਨ, ਜ਼ਾਤੀ ਤੌਰ ਤੇ ਵੀ ਬੱਝ ਗਏ ਹਨ, ਆਪਣੀਆਂ ਜ਼ਿੰਮੇਵਾਰੀਆਂ ਠੀਕ ਤਰ੍ਹਾਂ ਨਿਬਾਹ ਰਹੇ ਹਨ, ਇਕ ਦੂਸਰੇ ਦੀ ਪੂਰੀ ਦੇਖ ਭਾਲ ਕਰਦੇ ਹਨ ਪਰ ਮਹਿਸੂਸ ਕਰਦੇ ਹਨ, ਉਹ ਬੱਝ ਗਏ ਹਨ। ਇਸ ਭਾਵਨਾ ਤੋਂ ਕਿਵੇਂ ਛੁਟਕਾਰਾ ਪਾਇਆ ਜਾਵੇ? ਉਹ ਆਪਣੇ ਆਪ ਨੂੰ ਗੁਲਾਮ ਮਹਿਸੂਸ ਕਰਦੇ ਹਨ, ਕਿਉਂਕਿ ਉਹ ਡੀਊਟੀ ਚੰਗੀ ਤਰ੍ਹਾਂ ਕਰਨਾ ਹੀ ਨਹੀਂ ਜਾਣਦੇ। ਉਹ ਤਾਂ ਮਨੋਵਿਰਤੀ ਦੀ ਗੱਲ ਹੈ। ਜੇ ਡੀਊਟੀਆਂ ਪਿਆਰ ਨਾਲ ਕਰਨੀਆਂ ਸਿੱਖ ਲਈਆ ਜਾਣ ਉਹ ਭਾਰ ਨਹੀਂ ਲਗਦੀਆਂ, ਬੋਝ ਨਹੀਂ ਲਗਦੀਆਂ, ਇਸ ਤਰ੍ਹਾਂ ਕਰਨ ਨਾਲ ਉਹ ਸਮੱਸਿਆ ਨਹੀਂ ਬਣਦੀਆਂ।

## ਪਿਆਰ ਸਮਰਪਣ ਹੈ

ਇਸ ਤੋਂ ਪਹਿਲਾਂ ਕਿ ਤੁਸੀਂ ਕਿਸੇ ਨੂੰ ਪਿਆਰ ਕਰੋ, ਤੁਹਾਨੂੰ ਉਸ ਸੱਜਣ ਨੂੰ ਜਿਸ ਤਰ੍ਹਾਂ ਉਹ ਹੈ ਉਸੇ ਤਰ੍ਹਾਂ ਨਾਲ ਪ੍ਰਵਾਨ ਕਰ ਲੈਣਾ ਚਾਹੀਦਾ ਹੈ, ਇਸ ਪ੍ਰਵਾਨਗੀ ਤੋਂ ਇਹ ਭਾਵ ਨਹੀਂ ਕਿ ਜਿਹੜੇ ਵੀ ਦੂਸਰੇ ਦੀਆਂ ਗਲਤੀਆਂ ਹਨ ਉਨ੍ਹਾਂ ਲਈ ਉਸ ਨੂੰ ਮਾਫ ਕਰ ਦੇਣਾ ਚਾਹੀਦਾ ਹੈ। ਲੋੜ ਹੈ ਨਿਰਪੇਖ ਹੋ ਕੇ ਬਿਨਾਂ ਕਿਸੇ ਸ਼ਰਤ ਦੇ ਪ੍ਰਵਾਨ ਕਰਨਾ, ਵਾਸਤਵ ਵਿੱਚ ਇਹ ਸ਼ਰਤ ਹੀ ਸਭ ਤੋਂ ਮੁਢਲੀ ਸ਼ਰਤ ਹੈ, ਪਿਆਰ ਕਰਨ ਦੀ ਪਹਿਲੀ ਪੌੜੀ ਹੈ। ਬਹੁਤ ਸਾਰੇ ਲੋਕ ਕਹਿੰਦੇ ਹਨ ਪਿਆਰ ਮਰ ਜਾਂਦਾ ਹੈ। ਖਤਮ ਹੋ ਜਾਂਦਾ ਹੈ ਪਰ ਮੈਂ ਇਸ ਗੱਲ ਨੂੰ ਨਹੀਂ ਮੰਨਦਾ, ਜੇ ਕੁਝ ਮਰ ਜਾਂਦਾ ਹੈ ਜਾਂ ਬਦਲ ਜਾਂਦਾ ਹੈ ਤਾਂ ਉਹ ਪਿਆਰ ਨਹੀਂ ਸੀ। ਵਾਸਤਵ ਵਿੱਚ ਪਿਆਰ ਕਰਨਾ, ਸਿੱਖਣਾ ਹੀ ਸੱਚੀ ਸਿਖਿਆ ਦੀਆਂ ਸ਼ਾਖਾਵਾਂ ਹਨ ਜਿਹੜੀਆਂ ਇਸ ਨੂੰ ਸਹਾਰਾ ਦਿੰਦੀਆਂ ਹਨ, ਜਦੋਂ ਅਸੀਂ ਕਹਿੰਦੇ ਹਾਂ, ਪਿਆਰ ਰੱਬੀ ਹੈ, ਇਲਾਹੀ ਹੈ। ਗੱਲ ਬਿਨਾਂ ਸੋਚੇ ਸਮਝੇ ਕਰਦੇ ਹਾਂ, ਪਿਆਰ ਉਹ ਸਮਝ ਹੈ ਉਹ ਜਾਣਕਾਰੀ ਹੈ, ਜਿਹੜੀ ਤੁਹਾਨੂੰ ਸਿਖਿਆ ਦਿੰਦੀ ਰਹਿੰਦੀ ਹੈ ਨਵਾਂ ਪਾਸਾ ਤੁਹਾਡੇ ਅੱਗੇ ਰਖਦੀ ਹੈ, ਤੁਹਾਨੂੰ ਅੱਗੇ ਲੈ ਕੇ ਜਾਂਦੀ ਰਹਿੰਦੀ ਹੈ। ਤੁਹਾਨੂੰ ਉਪਰ, ਤੁਹਾਡੇ ਉਦੇਸ਼ ਦੀਆਂ ਉਚਾਈਆਂ ਤੇ ਲੈ ਜਾਂਦੀ ਹੈ, ਪਿਆਰ ਹੋਰ ਪਿਆਰ ਪਿਆਰੇ ਦਾ ਪਿਆਰ, ਕਰਮ ਵਾਸਤਵ ਵਿੱਚ ਉਸ ਪਿਆਰ ਦਾ ਹੀ ਪ੍ਰਗਟਾਵਾ ਹੈ, ਉਸ ਪਿਆਰ ਦਾ ਜਿਹੜਾ ਅਸੀਂ ਆਪਣੀ ਡੀਊਟੀ ਸਮਝ ਕੇ ਕਰਦੇ ਹਾਂ। ਜੇਕਰ ਅਸੀਂ ਸਾਰੀਆਂ ਡੀਊਟੀਆਂ ਪਿਆਰ ਨਾਲ ਕਰੀਏ ਤਾਂ ਇਹ ਧਰਤੀ ਸਵਰਗ ਬਣ ਜਾਵੇ। ਸਵਰਗ ਵੀ ਇੱਕ ਉਹ ਵਿਚਾਰ ਹੈ ਜਿਹੜਾ ਸੁਆਰਥੀ ਲੋਕਾਂ ਨੇ ਬਣਾਇਆ ਹੋਇਆ ਹੈ। ਨਰਕ, ਕਮਜ਼ੋਰ, ਨਿਰਬਲ ਲੋਕਾਂ ਦੀ ਦੇਣ ਹੈ। ਕਿੰਨਾਂ ਰੌਲਾ ਗੌਲਾ ਹੈ, ਜਦੋਂ ਮਨੁੱਖ ਆਪਣੀ ਡੀਊਟੀ ਪਿਆਰ ਨਾਲ ਕਰਨੀ ਸਿੱਖ ਲੈਂਦਾ ਹੈ, ਵਫਾਦਾਰੀ ਨਾਲ ਕਰਨੀ, ਪੂਰੀ ਤਰ੍ਹਾਂ ਸੱਚੇ ਦਿਲ ਨਾਲ ਕਰਦਾ ਹੈ, ਜਿੰਨੀ ਉਹ ਸਮਝਦਾ ਹੈ, ਉਹ ਕਰਦਾ ਹੈ, ਇਸ ਤੋਂ ਭਾਵ ਹੈ ਉਹ ਪਿਆਰ ਨਾਲ ਕਰ ਰਿਹਾ ਹੈ। ਇਹ ਪਿਆਰ ਉਸ ਨੂੰ ਖੁਸ਼ੀ ਦੇ ਰਿਹਾ ਹੈ। ਪਿਆਰ ਤੇ ਡੀਊਟੀ ਮਨੁੱਖੀ ਮਨ ਤੇ ਹਿਰਦੇ ਦੀ ਦੇਣ ਹੈ। ਸੰਸਾਰ ਦੀਆਂ ਬਾਕੀ ਸਾਰੀਆਂ ਚੀਜ਼ਾਂ ਦੂਰ-ਦ੍ਰਿਸ਼ਟੀ ਪੂਰਵ ਗਿਆਨ ਦਾ ਪ੍ਰਗਟਾਵਾ ਹੈ ਉਸ ਸੱਤ ਦਾ ਪ੍ਰਮਾਤਮਾ ਦੀ ਹੋਂਦ ਹੈ। ਕੋਈ ਵੀ ਮਨੁੱਖ ਕੁਝ ਨਵਾਂ ਨਹੀਂ ਬਣਾ ਸਕਦਾ, ਮਨੁੱਖ ਤਾਂ ਕੇਵਲ ਇੱਕ ਚੀਜ਼ ਨੂੰ ਦੂਸਰੀ ਨਾਲ ਜੋੜ ਸਕਦਾ ਹੈ, ਦੋ ਚੀਜ਼ਾਂ ਨੂੰ ਜੋੜਨਾ ਉਸ ਦੇ ਪਿਆਰ ਦੀ ਪ੍ਰੇਰਨਾ ਹੈ। ਸੋ ਜੇਕਰ ਪਿਆਰ ਤੇ ਕਰਮਾਂ ਨੂੰ ਠੀਕ ਤਰ੍ਹਾਂ ਨਾਲ ਸਮਝ ਲਿਆ ਜਾਵੇ, ਆਪਣੀ ਡੀਊਟੀ ਪਿਆਰ ਨਾਲ ਕੀਤੀ ਜਾਵੇ, ਕੋਈ ਕਾਰਣ ਨਹੀਂ ਕਿ ਇਹ ਧਰਤੀ ਸਵਰਗ ਨਾ ਬਣੇ।

ਤੁਹਾਡੇ ਕੰਮ ਤੁਹਾਡੇ ਐਕਸ਼ਨ ਤੁਹਾਡੇ ਪਿਆਰ ਦਾ ਹੀ ਪ੍ਰਗਟਾਵਾ ਹਨ। ਉਹ ਕਿਹੜਾ ਪਿਆਰ ਹੈ ਜਿਸ ਨਾਲ ਸਾਨੂੰ ਆਪਣੀ ਡੀਊਟੀ ਕਰਨੀ ਚਾਹੀਦੀ ਹੈ। ਪਿਆਰ ਸਮਰਪਣ ਹੈ, ਪਿਆਰ ਦੇਣਾ ਹੈ। ਸਮਰਪਣ ਹੀ ਸੰਸਾਰ ਦਾ ਸਭ ਤੋਂ ਵੱਡਾ ਪਿਆਰ ਦਾ ਪ੍ਰਗਟਾਵਾ ਹੈ, ਦੇਣਾ ਹੀ ਸੁਤੰਤਰ ਕਰ ਸਕਦਾ ਹੈ। ਜਦੋਂ ਤਕ ਨਹੀਂ ਸਿਖਦੇ, ਸੁਤੰਤਰ ਹੋ ਹੀ ਨਹੀਂ ਸਕਦੇ। ਜੇ ਤੁਸੀਂ ਬਹੁਤ ਹੀ ਚੰਗੇ ਕੰਮ ਕਰ ਰਹੇ ਹੋਵੋ, ਸਭ ਤੋਂ ਉਚੇ ਕਰਮ ਕਰ ਰਹੇ ਹੋਵੋ, ਆਪਣੇ ਕਰਮਾਂ ਦੇ ਫਲ ਹੀ ਭੋਗ ਰਹੇ ਹੋ, ਉਹੀ ਫਲ ਫੇਰ ਤੁਹਾਨੂੰ ਪਰੇਰ ਰਹੇ ਹਨ, ਉਹ ਹੋਰ ਮੋਹ ਪੈਦਾ ਕਰਕੇ

ਬੰਧਨ ਬਣ ਜਾਂਦੇ ਹਨ, ਉਹ ਕੋਈ ਸੁਤੰਤਰਤਾ ਨਹੀਂ। ਕਰਮ ਕਰਨ ਤੋਂ ਬਿਨਾਂ ਅਸੀਂ ਰਹਿ ਨਹੀਂ ਸਕਦੇ, ਪਰ ਅਸੀਂ ਬੰਧਨ ਤੋਂ ਤਾਂ ਛੁਟਕਾਰਾ ਪਾ ਸਕਦੇ ਹਾਂ। ਕਰਮ ਕਰਨਾ ਬੰਧਨ ਨਹੀਂ ਹੈ, ਬੰਧਨ ਹੈ ਕਰਮਾਂ ਦਾ ਫਲ। ਸੋ ਜੇਕਰ ਅਸੀਂ ਆਪਣੇ ਕਰਮਾਂ ਦਾ ਫਲ ਸਮਰਪਣ ਕਰ ਦੇਈਏ, ਅਸੀਂ ਬੰਧਨ ਤੋਂ ਮੁਕਤ ਹੋ ਜਾਵਾਂਗੇ, ਕਰਮ ਬੰਧਨ ਤੋਂ ਮੁਕਤ ਹੋ ਜਾਵਾਂਗੇ। ਜੇ ਸਾਰੇ ਲੋਕ ਓਨਾਂ ਹੀ ਰੱਖਣ ਜਿੰਨਾਂ ਚਾਹੀਦਾ ਹੈ ਜਿੰਨੇ ਦੀ ਲੋੜ ਹੈ, ਇਹ ਨਹੀਂ ਜਿੰਨਾਂ ਉਹ ਚਾਹੁੰਦੇ ਹਨ ਸਾਰਾ ਸਮਾਜ ਖੁਸ਼ ਹੋ ਸਕਦਾ ਹੈ।

ਅਮੀਰ ਇਸ ਕਰਕੇ ਦਿੰਦਾ ਹੈ, ਕਿਉਂਕਿ ਉਹ ਸੋਚਦਾ ਹੈ ਦੇਣਾ ਜੀਵਨ ਲਈ ਜ਼ਰੂਰੀ ਹੈ, ਉਹ ਇਸ ਕਰਕੇ ਨਹੀਂ ਦਿੰਦਾ ਕਿ ਉਹ ਦੇਣਾ ਚਾਹੁੰਦਾ ਹੈ। ਜੇਕਰ ਕਿਸੇ ਕੋਲ ਸਭ ਕੁਝ ਹੋਵੇ, ਉਸ ਨੂੰ ਇਹ ਨਹੀਂ ਪਤਾ ਲਗਦਾ ਸਮਝ ਨਹੀਂ ਆਉਂਦੀ, ਉਹ ਐਨੇ ਨਾਲ ਕੀ ਕਰੇ, ਐਨੀ ਦੌਲਤ ਨਾਲ ਕੀ ਕਰੇ, ਉਸ ਨੂੰ ਉਹ ਬੋਝ ਲगਣ ਲਗ ਪੈਂਦੀ ਹੈ। ਹਰ ਕੋਈ ਧਨੀ ਹੋਣਾ ਚਾਹੁੰਦਾ ਹੈ ਪਰ ਹੋਰ ਕੋਈ ਅਮੀਰ ਕਹੇਗਾ, ਤੁਹਾਨੂੰ ਪਤਾ ਨਹੀਂ ਮੇਰੇ ਉਤੇ ਕਿੰਨਾ ਬੋਝ ਹੈ। ਬੋਝ ਪੈਸਾ ਹੋਣ ਦਾ ਨਹੀਂ ਧਨ ਹੋਣ ਦਾ ਨਹੀਂ, ਬੋਝ ਹੈ ਧਨ ਦੀ ਮਲਕੀਅਤ ਦਾ, ਧਨ ਦੀ ਵਿਰਾਸਤ ਦਾ। ਅਮੀਰ ਇਸ ਕਰਕੇ ਦਿੰਦਾ ਹੈ ਕਿਉਂਕਿ ਉਹ ਆਪਣਾ ਬੋਝ ਹਲਕਾ ਕਰਨਾ ਚਾਹੁੰਦਾ ਹੈ। ਲੋਕ ਦਾਨ ਤਿੰਨ ਕਾਰਣਾਂ ਕਰਕੇ ਦਿੰਦੇ ਹਨ, ਕਈ ਨਾਮ ਲਈ, ਪ੍ਰਭਤਾ ਲਈ, ਦੂਸਰੇ ਸੋਚਦੇ ਹਨ ਕਿ ਇਕ ਚੰਗਾ ਕਰਮ ਹੈ, ਅਗਲੇ ਜਨਮ ਉਨ੍ਹਾਂ ਨੂੰ ਵਧ ਮਿਲੇਗਾ। ਬਹੁਤ ਥੋੜ੍ਹੇ ਹਨ ਜਿਹੜੇ ਨਿਰਸੁਆਰਥ ਹੋ ਕੇ ਦਿੰਦੇ ਹਨ। ਤੀਸਰੀ ਤਰ੍ਹਾਂ ਦੇ ਲੋਕ ਦਾਰਸ਼ਨਿਕ ਹਨ, ਬੋਧਿਕ ਹਨ, ਜਦੋਂ ਤੁਸੀਂ ਆਪਣੀਆਂ ਚੀਜ਼ਾਂ ਨਾਲ ਮੋਹ ਪੈਦਾ ਕਰ ਲੈਂਦੇ ਹੋ, ਫੇਰ ਇਕ ਦਿਨ ਕੁਦਰਤ ਇਹ ਨਿਰਣਾ ਲੈ ਲੈਂਦੀ ਹੈ ਕਿ ਉਸ ਦੀ ਝੂਠੀ ਹਉਮੈ ਤੋਂ ਉਸ ਨੂੰ ਛੁਟਕਾਰਾ ਦੁਆਇਆ ਜਾਵੇ, ਝੂਠੀ ਮਲਕੀਅਤ ਤੋਂ ਉਸ ਨੂੰ ਮੁਕਤ ਕੀਤਾ ਜਾਵੇ। ਇਸ ਬੰਧਨ ਤੋਂ ਮੁਕਤ ਹੋਣਾ ਇੱਕ ਬਹੁਤ ਵੱਡੀ ਬਖਸ਼ਿਸ਼ ਹੈ, ਗੁਣ ਹੈ, ਸਾਨੂੰ ਇਹ ਸਿਖਣਾ ਚਾਹੀਦਾ ਹੈ। ਚੰਗਾ ਦਾਨ ਚੰਗੀ ਤਰ੍ਹਾਂ ਕੀਤਾ ਦਾਨ ਸਾਨੂੰ ਮੋਹ ਤੋਂ ਮੁਕਤ ਕਰਦਾ ਹੈ, ਸਾਨੂੰ ਧਨ ਦੀ ਮਲਕੀਅਤ ਦੀ ਭਾਵਨਾ ਤੋਂ ਛੁਟਕਾਰਾ ਕਰਾਉਂਦਾ ਹੈ, ਜਿਸ ਜਿਸ ਚੀਜ਼ ਨਾਲ ਸਾਨੂੰ ਮੋਹ ਹੈ ਉਸ ਤੋਂ ਮੁਕਤ ਕਰਾਉਂਦਾ ਹੈ। ਤਿਆਗੀ, ਤਿਆਗ ਕੇ ਚਲੇ ਜਾਂਦੇ ਹਨ। ਜੇਕਰ ਛੱਡ ਕੇ ਜਾਣ ਤੋਂ ਬਾਅਦ ਵੀ ਉਨ੍ਹਾਂ ਨੂੰ ਯਾਦ ਆਉਂਦੀ ਹੈ, ਮੋਹ ਪਕੜਦਾ ਹੈ, ਉਸ ਤੋਂ ਭਾਵ ਹੈ ਕਿ ਉਨ੍ਹਾਂ ਦਾ ਤਿਆਗ ਬਨਾਵਟੀ ਹੈ, ਝੂਠਾ ਹੈ, ਇਹੋ ਜਿਹਾ ਤਿਆਗ ਤਾਂ ਮਨ ਵਿਚ ਸੰਤਾਪ, ਮਾਨਸਿਕ ਪੀੜਾ ਪੈਦਾ ਕਰ ਦਿੰਦੀ ਹੈ ਪਰ ਤੁਸੀਂ ਸੰਸਾਰ ਵਿੱਚ ਰਹਿੰਦੇ ਸਭ ਕੁਝ ਕਰਦੇ ਆਪਣੀ ਡੀਊਟੀ ਕਰਦੇ, ਸੇਵਾ ਕਰਦੇ, ਨਿਸ਼ਕਾਮ ਕਰਮ ਕਰਦੇ, ਫਲ ਦੂਸਰਿਆਂ ਨੂੰ ਅਰਪਣ ਕਰਦੇ ਰਹੋ। ਤਿਆਗ ਦਾ ਮਾਰਗ ਨਿਸ਼ਕਾਮ ਕਰਮ ਦਾ ਮਾਰਗ ਇੱਕੋ ਹੀ ਹੈ, ਦੋਨਾਂ ਦਾ ਇਨਾਮ, ਦੋਨਾਂ ਦਾ ਫਲ ਇੱਕੋ ਹੈ। ਤਿਆਗੀ ਕੋਈ ਉਸ ਮਨੁੱਖ ਤੋਂ ਉੱਚਾ ਨਹੀਂ, ਕਿਸੇ ਤਰ੍ਹਾਂ ਨਾਲ ਵਧੀਆਂ ਨਹੀਂ ਜਿਹੜਾ ਸੰਸਾਰ ਵਿੱਚ ਰਹਿੰਦੇ ਹੋਏ ਨਿਸ਼ਕਾਮ ਕਰਮ ਕਰ ਰਿਹਾ ਹੈ ਦੂਸਰਿਆਂ ਦੀ ਸੇਵਾ ਕਰ ਰਿਹਾ ਹੈ। ਸੰਸਾਰ ਦਾ ਮਾਇਆ ਜੰਜਾਲ ਸਮਝਦੇ ਹੋਏ, ਸੰਸਾਰ ਨੂੰ ਇਕ ਸੁਪਨਾ ਜਾਣ ਕੇ ਚਲਾਏਮਾਨ ਜਾਣ ਕੇ, ਇਸ ਦਾ ਵਿਸ਼ਲੇਸ਼ਣ ਕਰਕੇ, ਇਹ ਜਾਣ ਕੇ ਕਿ ਦੁੱਖ ਸਾਡੇ ਆਪਣੇ ਕਰਮ ਹਨ, ਸੰਤਾਪ ਸਾਡਾ ਆਪਣਾ ਹੈ, ਗਿਆਨੀ ਬੁੱਧੀਮਾਨ ਇਹ ਜਾਣ ਜਾਂਦਾ ਹੈ ਕਿ ਕਰਮ ਕਰੋ, ਫਲ ਸਮਰਪਣ ਕਰੋ। ਇਹ ਹੀ ਇਕ ਸਿਆਣੇ ਦੀ ਗੁਰਮੁਖ ਦੀ ਅਰਦਾਸ ਹੈ ਇਹੋ ਸੱਚੀ ਭਗਤੀ ਹੈ, ਇਹ ਹੀ ਸੱਚਾ ਸੁੱਚਾ ਕਰਮਯੋਗ ਹੈ।

## ਚੌਰਾਸੀ ਦੇ ਗੇੜ

ਹਰ ਮਨੁੱਖ ਇਸ ਧਰਤੀ ਉਤੇ ਸੰਪੂਰਨ ਹੋਣ ਲਈ ਜਨਮ ਲੈਂਦਾ ਹੈ, ਪਿਛਲੇ ਜਨਮਾਂ ਦੇ ਬੰਧਨ ਕੱਟ ਕੇ, ਜੋ ਕੁਝ ਵੀ ਉਲਝਣਾਂ ਪਰੇਸ਼ਾਨੀਆਂ ਆਪਣੇ ਲਈ ਪੈਦਾ ਕੀਤੀਆਂ ਹੋਈਆਂ ਹਨ, ਉਨ੍ਹਾਂ ਤੋਂ ਛੁਟਕਾਰਾ ਪਾਉਣ ਲਈ ਹੀ ਆਉਂਦਾ ਹੈ। ਆਪਣੀਆਂ ਆਦਤਾਂ ਕਾਰਣ ਉਹ ਆਪਣੇ ਲਈ ਵਧੇਰੀਆਂ ਸਮੱਸਿਆਵਾਂ ਖੜ੍ਹੀਆਂ ਕਰ ਲੈਂਦਾ ਹੈ। ਪ੍ਰਸ਼ਨ ਉਠਦਾ ਹੈ ਕੀ ਉਹ ਆਪਣੇ ਲਈ ਸਮੱਸਿਆਵਾਂ ਖੜ੍ਹੀਆਂ ਕਰਨ ਆਇਆ ਹੈ? ਨਹੀਂ ਬਿਲਕੁਲ ਨਹੀਂ, ਪਰ ਫੇਰ ਉਹ ਇਸ ਤਰ੍ਹਾਂ ਕਿਉਂ ਕਰ ਰਿਹਾ ਹੈ? ਉਤਰ ਹੈ ਇਹ ਇਸ ਦੀ ਆਦਤ ਹੈ, ਲੋਕ ਆਪਣੀਆ ਆਦਤਾਂ ਦੇ ਗੁਲਾਮ ਬਣ ਜਾਂਦੇ ਹਨ, ਆਦਤਾਂ ਦੇ ਸ਼ਿਕਾਰ ਹੋ ਜਾਂਦੇ, ਇਹ ਜਾਣਦੇ ਹੋਏ ਵੀ ਉਹ ਆਦਤਾਂ ਪਾਉਂਦੇ ਹਨ, ਬਣਾਉਂਦੇ ਹਨ, ਆਪਣੇ ਹਾਲਾਤ ਆਪ ਬਣਾ ਲੈਂਦੇ ਹਨ, ਹਾਲਾਤ ਮਨੁੱਖ ਨੂੰ ਨਹੀਂ ਬਣਾਉਂਦੇ, ਮਨੁੱਖ ਹਾਲਾਤ ਬਣਾਉਂਦਾ ਹੈ, ਫੇਰ ਵੀ ਲੋਕ ਹਾਲਾਤਾਂ ਨੂੰ ਹੀ ਦੋਸ਼ ਦਿੰਦੇ ਹਨ, ਆਪਣੇ ਸਾਥੀਆਂ ਨੂੰ ਆਪਣੇ ਰਿਸ਼ਤਿਆਂ ਨੂੰ ਹੀ ਦੋਸ਼ ਦਿੰਦੇ ਹਨ। ਇਹ ਸਭ ਕੁਝ ਉਹ ਤਾਂ ਹੀ ਕਰਦੇ ਹਨ ਕਿਉਂਕਿ ਉਹ ਅਗਿਆਨ ਦੇ ਪ੍ਰਭਾਵ ਹੇਠਾਂ ਹਨ। ਉਹ ਨਹੀਂ ਜਾਣਦੇ ਕਿ ਉਨ੍ਹਾਂ ਨਾ ਖੁਸ਼ੀ ਦੂਸਰਿਆਂ ਦੇ ਕਾਰਣ ਨਹੀਂ ਪਰੰਤੂ ਉਨ੍ਹਾਂ ਦੇ ਆਪਣੇ ਕਾਰਣ ਕਰਕੇ ਹੈ।

ਇਹ ਸੋਚਣਾ ਬਹੁਤ ਵੱਡੀ ਭੁੱਲ ਹੈ ਕਿ ਮਨੁੱਖ ਕੇਵਲ ਇੱਕੋ ਵਾਰੀ ਧਰਤੀ ਤੇ ਆਉਂਦਾ ਹੈ ਤੇ ਰਹਿੰਦਾ ਹੈ। ਇਹ ਵੀ ਸੋਚਣਾ ਗਲਤ ਹੈ ਪ੍ਰਮਾਤਮਾ ਸਿਰਜਨਹਾਰ ਨੇ ਮਨੁੱਖ ਨੂੰ ਇਸ ਤਰ੍ਹਾਂ ਹੀ ਸਿਰਜਿਆ ਹੈ ਜਿਸ ਤਰ੍ਹਾਂ ਦਾ ਉਹ ਹੈ। ਸਮਾਨਤਾ ਦਾ ਨਿਯਮ ਸਮਾਨਤਾ ਦਾ ਕਾਨੂੰਨ, ਪਿਆਰ ਦਾ ਨਿਯਮ, ਨਿਆਂ ਦਾ ਨਿਯਮ, ਇਹ ਸਭ ਅਨਿਆ ਨਹੀਂ ਹੋ ਸਕਦੇ, ਕਰੂਰ ਨਹੀਂ ਹੋ ਸਕਦੇ ਕਿ ਕਿਸੇ ਨੂੰ ਇਹ ਖੁਸ਼ੀ ਦੇਣ ਕਿਸੇ ਨੂੰ ਨਾ ਦੇਣ। ਵਾਸਤਵ ਵਿੱਚ ਆਤਮਾ ਬਹੁਤ ਵਾਰੀ ਆਪਣੇ ਕੀਤੇ ਕਰਮਾਂ ਅਨੁਸਾਰ ਜਨਮ ਲੈਂਦੀ ਹੈ। ਪੁਨਰ ਜਨਮ ਦੀ ਫਿਲੌਸਫੀ ਦਾ ਸਿਧਾਂਤ ਵੀ ਅਨੋਖਾ ਹੈ, ਪੱਛਮੀ ਮਜ਼ਹਬਾਂ ਵਿੱਚ ਉਨ੍ਹਾਂ ਦੀਆਂ ਪਰੰਪਰਾਵਾਂ ਵਿੱਚ ਇਸ ਤੇ ਵਾਦ ਵਿਵਾਦ ਨਹੀਂ ਕੀਤਾ ਜਾਂਦਾ। ਅਰਸਤੂ ਸੋਪਨਹਾਰ (schoponhaner) ਅਤੇ ਹੀਗਲ (Hegal) ਇਨ੍ਹਾਂ ਨੇ ਪੁਨਰ ਮੰਨਿਆ ਹੈ। ਅਰਸਤੂ ਨੇ ਤਾਂ ਏਥੇ ਤਕ ਕਿਹਾ ਹੈ ਕਿ ਇਸ ਜਨਮ ਦੇ ਗਿਆਨ ਦੀ ਨੀਂਹ ਪਿਛਲੇ ਜਨਮ ਦੇ ਅਨੁਭਵ ਤੇ ਸਿਖਿਆ ਤੇ ਰੱਖੀ ਗਈ ਹੈ। ਕਰਮ ਫਿਲੌਸਫੀ ਦਾ ਸਿਧਾਂਤ ਹੈ ਕਿ ਕੁਝ ਵੀ ਕਦੀ ਵੀ ਅਚੇਤ ਨਹੀਂ ਹੁੰਦਾ। ਕਰਮ ਫਿਲੌਸਫੀ ਵਿਸ਼ਵਾਸ਼ ਰਖਦੀ ਹੈ ਕਿ ਕੁਛ ਵੀ ਭਾਗਾਂ ਨਾਲ ਨਹੀਂ ਭਾਗਵਾਦ ਨਹੀਂ ਹੈ। ਜੋ ਕੁਝ ਵੀ ਹੁੰਦਾ ਹੈ ਉਹ ਪਿਛਲੀ ਚੋਣ ਹੈ, ਕਰਮ ਹੈ, ਸੰਸਕਾਰ ਹੈ। ਜੋ ਕੁਝ ਵੀ ਸਾਡੇ ਨਾਲ ਹੁੰਦਾ ਹੈ ਉਹ ਸਾਡੇ ਕਰਮਾਂ ਦੀ ਹੀ ਪੂਰਤੀ ਹੈ, ਉਸ ਦਾ ਹੈ, ਉਹ ਸਾਡੇ ਹੁਣ ਦੇ ਕਰਮਾਂ ਦਾ ਫਲ ਹੋਵੇਗਾ।

ਮਨੁਖ ਦੇ ਅਨੰਤ ਵਿਕਾਸ ਨਾਲ ਮਨੁੱਖ ਨੂੰ ਪਦਵੀ, ਸ਼ਕਤੀ ਸੱਤਾ ਪ੍ਰਤੀਭਾ ਮਿਲਦੀ ਹੈ ਉਹ ਚੋਣ ਕਰ ਸਕਦਾ ਹੈ, ਫੈਸਲਾ ਕਰ ਸਕਦਾ ਹੈ, ਨਿਸ਼ਚੇ ਕਰ ਸਕਦਾ ਹੈ, ਉਸ ਨੂੰ ਕੀ ਚਾਹੀਦਾ ਹੈ, ਉਹ ਕੀ ਕਰਨਾ ਚਾਹੁੰਦਾ ਹੈ। ਪੁਨਰ ਜਨਮ ਦਾ ਫਾਇਦਾ

ਹੈ ਕਿ ਮਨੁੱਖ ਨੂੰ ਮੌਕਾ ਮਿਲਦਾ ਹੈ ਕਿ ਉਹ ਜੀਵਨ ਉਦੇਸ਼ ਪ੍ਰਾਪਤ ਕਰ ਸਕੇ। ਕੀ ਇੱਕੋ ਜੀਵਨ ਕਾਲ ਵਿੱਚ ਪੂਰਨਤਾ ਪ੍ਰਾਪਤ ਕੀਤੀ ਜਾ ਸਕਦੀ ਹੈ? ਮਨੁੱਖ ਨੂੰ ਘੜੀ-ਘੜੀ, ਬਾਰ-ਬਾਰ ਕਿਉਂ ਬਣਾਇਆ ਜਾਂਦਾ ਹੈ? ਕਰਤਾ ਕੇਵਲ ਦੁਖੀ ਸੰਤਾਪਿਆ ਸੰਸਾਰ ਹੀ ਬਣਾਉਂਦਾ ਹੈ? ਜਦੋਂ ਇਹੋ ਜਿਹੇ ਪ੍ਰਸ਼ਨ ਉਠਦੇ ਹਨ ਮਜ਼ਹਬ ਦੇ ਆਗੂ ਕੋਈ ਤਸੱਲੀ ਵਾਲਾ ਮੰਨ ਕੇ ਸੱਚਾ ਲਗਣ ਵਾਲਾ ਜਵਾਬ ਨਹੀਂ ਦੇ ਸਕਦੇ, ਕੋਈ ਤਰਕਾਤਮਕ ਉਤਰ ਨਹੀਂ ਦੇ ਸਕਦੇ। ਪਰ ਕਰਮ ਫਿਲੌਸਫੀ ਦਸਦੀ ਹੈ, ਵਿਆਖਿਆ ਕਰਦੀ ਹੈ ਇਕ ਤੁਹਾਡੇ ਕਰਮ ਹਨ ਤੁਹਾਡੇ ਕੀਤੇ ਕੰਮ ਕਰਮ ਜਿਹੜੇ ਤੁਹਾਡੀ ਵਰਤਮਾਨ ਸਥਿਤੀ ਦਾ ਕਾਰਣ ਹਨ, ਮਨੁੱਖ ਆਪਣੀ ਪ੍ਰਾਲਬਧ ਆਪ ਬਣਾ ਸਕਦਾ ਹੈ, ਬਣਾਉਂਦਾ ਹੈ। ਉਹ ਸੁਤੰਤਰ ਹੈ, ਉਹ ਜੀਵਨ ਉਦੇਸ਼ ਪ੍ਰਾਪਤ ਕਰਕੇ ਕਰਮ ਬੰਧਨ ਤੋਂ ਮੁਕਤ ਹੋ ਸਕਦਾ ਹੈ। ਕੀਤੇ ਕਰਮਾਂ ਤੋਂ ਮੁਕਤ ਹੋ ਸਕਦਾ ਹੈ। ਜਦੋਂ ਹੀ ਮਨੁੱਖ ਇਹ ਜਾਣ ਜਾਂਦਾ ਹੈ ਉਹ ਅਭਿਆਸ ਕਰਨ ਲਗ ਪੈਂਦਾ ਹੈ, ਆਦਤਾਂ ਬਦਲ ਲੈਂਦਾ ਹੈ। ਸੁਆਰਥੀ ਦੇਣਾ ਸ਼ੁਰੂ ਕਰ ਲੈਂਦਾ ਹੈ, ਜਦੋਂ ਉਸ ਨੂੰ ਪਤਾ ਲਗ ਜਾਂਦਾ ਹੈ ਕਿ ਫਲ ਦਾ ਸਮਰਪਣ ਹੀ ਆਪਣੇ ਕੀਤੇ ਕਰਮਾਂ ਦਾ ਫਲ ਸਮਰਪਣ ਕਰਕੇ ਹੀ ਮੁਕਤ ਹੋ ਸਕਦਾ ਹੈ।

## ਅਨੇਕਤਾ ਵਿੱਚ ਏਕਤਾ

ਪਹਿਲਾਂ-ਪਹਿਲਾਂ ਜਦੋਂ ਲੋਕੀ ਦਿੰਦੇ ਹਨ ਉਹ ਇਸ ਕਰਕੇ ਨਹੀਂ ਦਿੰਦੇ ਕਿ ਉਹ ਦੂਸਰਿਆਂ ਨੂੰ ਪਿਆਰ ਕਰਦੇ ਹਨ, ਉਹ ਇਸ ਕਰਕੇ ਦਿੰਦੇ ਹਨ ਕਿ ਦੇਣ ਨਾਲ ਉਨ੍ਹਾਂ ਨੂੰ ਸਵਾਧੀਨਤਾ ਮਿਲਦੀ ਹੈ, ਇਹ ਪਿਆਰ ਦੀ ਪਹਿਲੀ ਪੌੜੀ ਹੈ। ਜਦੋਂ ਇਸ ਗੱਲ ਦਾ ਅਹਿਸਾਸ ਹੋ ਜਾਂਦਾ ਹੈ ਕਿ ਆਪਣੇ ਕੋਲ ਰੱਖਣਾ ਠੀਕ ਨਹੀਂ ਹੈ, ਦੇਣਾ ਹੀ ਮੁਕਤੀ ਦਾ ਰਾਹ ਹੈ, ਸੁਤੰਤਰਤਾ ਹੈ। ਦੂਸਰਿਆਂ ਲਈ ਕੋਈ ਕਿਉਂ ਕੁਛ ਕਰੇਗਾ? ਦੂਸਰਿਆਂ ਲਈ ਕੁਝ ਕਰਨ ਦੀ ਪ੍ਰੇਰਨਾ ਕਿੱਥੋਂ ਆਵੇਗੀ? ਜਦੋਂ ਤੁਸੀਂ ਖਾਣੇ ਲਈ ਮੇਜ਼ ਤੇ ਬੈਠਦੇ ਹੋ ਨਾਲ ਹੀ ਤੁਹਾਡਾ ਮਿੱਤਰ ਵੀ ਬੈਠਾ ਹੁੰਦਾ ਹੈ, ਤੁਸੀਂ ਰੋਟੀ ਦੋਸਤ ਦੇ ਮੂੰਹ ਵਿੱਚ ਤਾਂ ਨਹੀਂ ਪਾਉਂਦੇ ਹੋ, ਆਪਣੇ ਆਪ ਹੀ ਆਪਣਾ ਹੱਥ ਆਪਣੇ ਮੂੰਹ ਵਿੱਚ ਹੀ ਜਾਂਦਾ ਹੈ। ਇਹ ਪਿਆਰ ਦਾ ਝੁਕਾਉ ਮਨੁੱਖਤਾ ਅੰਦਰ ਕਿੱਥੋਂ ਆਉਂਦਾ ਹੈ? ਇਹ ਪਿਆਰ ਓਦੋਂ ਪੈਦਾ ਹੁੰਦਾ ਹੈ ਜਦੋਂ ਤੁਸੀਂ ਅਨੇਕਤਾ ਵਿੱਚ ਏਕਤਾ ਦੇਖਣ ਲਗ ਪੈਂਦੇ ਹੋ ਅਤੇ ਇਹ ਜਾਣ ਜਾਂਦੇ ਹੋ ਕਿ ਸਾਡਾ ਸਭ ਦਾ ਮੁੱਢ ਇੱਕੋ ਹੀ ਹੈ।

ਦੂਸਰਿਆਂ ਲਈ ਪਿਆਰ ਕਦੋਂ ਦੇਖਿਆ ਜਾਂਦਾ ਹੈ, ਪਰਖਿਆ ਜਾਂਦਾ ਹੈ? ਫਰਜ਼ ਕਰੋ ਘਰ ਨੂੰ ਅੱਗ ਲਗ ਗਈ ਹੈ, ਅੰਦਰ ਬੱਚਾ ਹੈ। ਪਰਿਵਾਰ ਤੇ ਗੁਆਂਢੀ ਡਰਪੋਕ ਹਨ, ਉਹ ਕੁਝ ਨਹੀਂ ਕਰਦੇ ਪਰ ਅਚਾਨਕ ਇਕ ਅਜਨਬੀ ਆਉਂਦਾ ਹੈ ਉਹ ਝੱਟ ਅੱਗ ਵਿੱਚ ਛਲਾਂਗ ਲਗਾ ਦਿੰਦਾ ਹੈ। ਉਹ ਬੱਚੇ ਨੂੰ ਜਾਣਦਾ ਨਹੀਂ ਉਸ ਦੀ ਕੋਈ ਸਾਂਝ ਨਹੀਂ ਪਰ ਉਹ ਬੱਚੇ ਨਾਲ ਸਮਰੂਪਤਾ ਮਹਿਸੂਸ ਕਰਦਾ ਹੈ ਉਸ ਦੇ ਜੀਵਨ ਨਾਲ ਜੁੜਿਆ ਮਹਿਸੂਸ ਕਰਦਾ ਹੈ। ਉਹ ਬੱਚੇ ਨੂੰ ਬਚਾਉਂਦਾ ਹੈ ਕਿਉਂਕਿ ਉਹ ਬੱਚੇ ਵਿੱਚ, ਆਪਣੇ ਵਿੱਚ ਕੋਈ ਭੇਦ ਨਹੀਂ ਸਮਝਦਾ। ਬਹੁਤ ਸਾਰੇ ਲੋਕ ਇਹ ਸਮਝਦੇ ਹਨ ਕਿ ਜੇ ਉਹ ਆਪਣੇ ਪਤੀ। ਪਤਨੀ ਨੂੰ ਪਿਆਰ ਕਰਦੇ ਹਨ ਤਾਂ ਦੂਸਰੇ ਉਨ੍ਹਾਂ ਤੋਂ ਦੂਰ ਹਨ ਪਰ ਇਹ ਗੱਲ ਠੀਕ ਨਹੀਂ ਇਹ ਪਿਆਰ ਨਹੀਂ, ਸੱਚਾ ਪਿਆਰ ਸਰਬ ਵਿਆਪੀ ਹੈ, ਇਹ ਕੁਝ ਲਈ ਨਹੀਂ ਇਹ ਸਭ ਲਈ ਹੈ।

(ਪੰਨਾ 57 ਦੀ ਬਾਕੀ

ਕੇਵਲ ਸਤਿਗੁਰੂ ਤੋਂ ਹੀ ਸਿਮਰਨ ਦੀ ਦਾਤਿ ਪ੍ਰਾਪਤ ਕਰੇ। ਜਗਿਆਸੂ ਜਨ ਦਾ ਮਨ ਏਧਰੋਂ ਓਧਰੋਂ ਭਟਕਣੋਂ ਵਰਜ ਕੇ ਰੱਖਿਆਂ ਜਾ ਸਕਦਾ ਹੈ ਅਤੇ ਠਾਕ ਠਹਿਰਾਇਆ ਜਾ ਸਕਦਾ ਹੈ, ਐਵੇਂ ਨਹੀਂ। ਤਾਂ ਹੀ ਤੇ ਨਾਮ ਦੀ ਖੁਲ੍ਹੀ ਖੇਡ ਫਲੀਭੂਤ ਨਹੀਂ ਹੁੰਦੀ, ਐਵੇਂ ਆਵਾਗਉਣ ਹੀ ਹਨ। ਜੇ ਕੋਈ ਜਨ ਕੁਛ ਰੰਗ ਦਿਖਾ ਭੀ ਦੇਵੇ ਤਾਂ ਸਿਰੇ ਤੋੜ ਨਹੀਂ ਚੜ੍ਹਦਾ। ਤਾਂਹੀਂ ਤੇ ਸਫਲ ਫਲਾਵਣਹਾਰੇ ਨਾਮ ਦਾ ਦਾਤਾ ਹੈ ਤਾਂ ਕੇਵਲ ਸਤਿਗੁਰੂ ਹੀ ਹੈ। ਐਸਾ ਸਤਿਗੁਰ ਧੁਰ ਦਰਗਾਹੋਂ ਭੇਜਿਆ ਹੋਇਆ ਅਕਾਲ ਪੁਰਖ ਵੱਲੋਂ ਪਠਾਇਆ ਹੋਇਆ ਮਹਾਂਪੁਰਖ ਸਤਿ ਪੁਰਖ ਹੀ ਹੋ ਸਕਦਾ ਹੈ, ਜਿਸ ਦੀ ਟਕਸਾਲ ਤੋਂ ਨਿਕਲਿਆ ਸ਼ਬਦ-ਸੁਰਤਿ-ਸਿਮਰਣੀ-ਸਿੱਕਾ ਸਾਣ-ਚੜ੍ਹੇ-ਤੀਰ ਦੀ ਨਿਆਈਂ ਨਿਸ਼ਾਨੇ ਘਾਉ ਕਰਦਾ ਹੈ। ਐਸੇ ਸਤਿਗੁਰੂ ਦਾਤੇ ਦਾ ਮੇਲ ਸੰਜੋਗਾਂ ਨਾਲ ਹੀ ਵਾਹਿਗੁਰੂ ਦੇ ਪ੍ਰਸਾਦ ਕਰਿ ਹੁੰਦਾ ਹੈ।

ਯਥਾ ਗੁਰਵਾਕ -

***ਸਤਿਗੁਰੁ ਦਾਤਾ ਹਰਿ ਨਾਮ ਕਾ***
***ਪ੍ਰਭੁ ਆਪਿ ਮਿਲਾਵੈ ਸੋਇ ॥***
***ਸਤਿਗੁਰਿ ਹਰਿ ਪ੍ਰਭੁ ਬੁਝਿਆ***
***ਗੁਰ ਜੇਵਡੁ ਅਵਰੁ ਨ ਕੋਇ ॥***
***ਹਉ ਗੁਰ ਸਰਣਾਈ ਢਹਿ ਪਵਾ***
***ਕਰਿ ਦਇਆ ਮੇਲੇ ਪ੍ਰਭੁ ਸੋਇ ॥ ਅੰਗ - ੩੯***

ਕੈਸੀ ਬਚਿੱਤਰ ਖੇਡ ਹੈ? ਵਾਹਿਗੁਰੂ ਤਾਂ ਸਤਿਗੁਰੂ ਦੇ ਮਿਲਾਪ-ਸੰਜੋਗ ਜੋੜਦਾ ਅਤੇ ਸਤਿਗੁਰੂ ਪੁਰਖ ਵਾਹਿਗੁਰੂ ਦੇ ਮਿਲਾਵਣ ਦਾ ਸਰੰਜਾਮ ਸਿਰੇ ਚਾੜ੍ਹਦਾ ਹੈ। ਬਸ ਸਤਿਗੁਰੂ ਦੁਆਰਾ ਹੀ ਹਰਿ ਪ੍ਰਭ ਬੁਝਿਆਂ ਲਖਿਆ ਜਾ ਸਕਦਾ ਹੈ। ਸਤਿਗੁਰੂ ਦਾਤੇ ਦੀ ਸਿਮਰਨ-ਦਾਤਿ ਦੁਆਰਾ ਹੀ ਵਾਹਿਗੁਰੂ ਪ੍ਰਮਾਤਮਾ ਦੀ ਪ੍ਰਾਪਤੀ ਹੋ ਸਕਦੀ ਹੈ।

ਸਤਿਗੁਰੂ ਦਾਤਾਰ ਨਾਮ ਦੀ ਦਾਤਿ ਦੁਆਰਾ ਸਭ ਸੰਸਾਰ ਨੂੰ ਉਧਾਰਨਹਾਰ ਹੈ। ਸਭ ਸੰਸਾਰ ਨੂੰ, ਸੰਸਾਰ ਭਰ ਦੇ ਪ੍ਰਾਣੀ ਮਾਤਰ ਨੂੰ ਉਧਾਰਨ ਦੇ ਸਮਰੱਥ ਹੈ, ਤਾਂ ਸਤਿਗੁਰੂ ਦਾਤਾਰ ਹੀ ਹੈ, ਜੋ ਨਾਮ ਦੀ ਸਿਮਰਨ ਦੀ ਦਾਤਿ ਦੇ ਕੇ ਆਪਣੇ ਉਧਾਰ-ਵਿਲੱਖਣੀ-ਉਪਕਾਰ ਦੀ ਸਮਰੱਥਾ ਵਰਤਦਾ ਹੈ। ਇਸ ਸਮਰਥਾ ਬਾਝੋਂ ਸਿਮਰਨ ਦੀ ਦਾਤਿ ਦਾ ਅਧਿਕਾਰੀ ਹੀ ਕੋਈ ਨਹੀਂ। ਸਰਬੱਗ ਸਤਿਗੁਰ ਨੂੰ ਹੀ ਇਹ ਦਰਜਾ (ਮਰਤਬਾ) ਸਮਰੱਥਤਾ ਦਾ ਪ੍ਰਾਪਤ ਹੈ।

ਸਿਮਰਨ-ਦਾਤੇ ਸਤਿਗੁਰੂ ਦਾ ਕੇਵਡ ਵੱਡਾ ਮਰਤਬਾ ਹੈ? ਇਸ ਪ੍ਰਥਾਇ ਅਗਲੇ ਗੁਰਵਾਕ ਚਾਨਣਾ ਪਾਉਂਦੇ ਹਨ -

***ਗੁਰੂ ਦਾਤਾ ਹਰਿਨਾਮੁ ਦੇਇ ਉਧਰੈ ਸਭੁ ਸੰਸਾਰੁ॥***
***ਗੁਰੁ ਸਮਰਥੁ ਗੁਰੁ ਨਿਰੰਕਾਰੁ ਗੁਰੁ ਊਚਾ ਅਗਮ ਅਪਾਰੁ॥***
***ਗੁਰ ਕੀ ਮਹਿਮਾ ਅਗਮ ਹੈ***
***ਕਿਆ ਕਥੈ ਕਥਨਹਾਰੁ॥ ਅੰਗ - ੫੨***

# ਸਿਹਤ ਰੱਖਿਆ ਗਿਆਨ

*ਵੈਦ ਮੇਘ ਨਾਥ ਸਿੱਧ (ਫਫੜੇ ਭਾਈਕੇ ਵਾਲੇ)*
*ਆਯੁਰਵੇਦ ਭੀਸ਼ਗ ਆਚਾਰੀਯ।*
*ਮੁੱਖ ਸੇਵਾਦਾਰ - ਸੰਤ ਗੋਬਿੰਦ ਦਾਸ, ਆਯੁਰਵੇਦ ਸੇਵਾ ਸੰਸਥਾ, ਧੂਰੀ।*
*ਮੋਬਾਈਲ ਨੰ. 98156-07803*

ਸਾਡੇ ਘਰਾਂ ਵਿੱਚ ਹਮੇਸ਼ਾ ਵਰਤੋਂ ਵਿੱਚ ਆਉਣ ਵਾਲੀਆਂ ਚੀਜ਼ਾਂ ਸਿਹਤ ਲਈ ਬਹੁਤ ਲਾਭਕਾਰੀ ਹਨ ਜੇਕਰ ਧਿਆਨ ਨਾਲ ਵਰਤੋਂ ਕੀਤੀ ਜਾਵੇ ਤਾਂ ਅਸੀਂ ਘਰੇਲੂ ਚੀਜ਼ਾਂ ਦੀ ਵਰਤੋਂ ਨਾਲ ਵੀ ਸਿਹਤ ਬਾਰੇ ਲਾਭ ਉਠਾ ਸਕਦੇ ਹਾਂ -

ਸਨਮਾਨਯੋਗ ਪਾਠਕਾਂ ਦੀ ਸੇਵਾ ਵਿੱਚ ਕੁਝ ਘਰੇਲੂ ਇਲਾਜ ਲਿਖੇ ਜਾ ਰਹੇ ਹਨ।

**ਪੂਦੀਨਾ -** ਪੁਦੀਨਾ ਦੀ ਵਰਤੋਂ ਕਈ ਤਰੀਕਿਆਂ ਨਾਲ ਘਰ ਵਿੱਚ ਹੁੰਦੀ ਹੈ। ਭੋਜਨ ਦੇ ਨਾਲ ਇਹਦੀ ਚਟਣੀ, ਸ਼ਰਬਤ ਵਗੈਰਾਂ ਬਣਾ ਕੇ ਵਰਤੋਂ ਵਿੱਚ ਲਿਆਂਦਾ ਜਾਂਦਾ ਹੈ।

ਪੁਦੀਨਾ ਕੁਝ ਗਰਮ (ਖੁਸ਼ਕ) ਵਾਯੂ ਰੋਗਾਂ ਲਈ ਚੰਗਾ ਹੈ। ਇਹ ਬਦਹਜ਼ਮੀ, ਪੇਟ ਦਰਦ, ਅਫਾਰਾ ਅਤੇ ਉਲਟੀਆਂ ਵਿੱਚ ਖਾਸ ਲਾਭਕਾਰੀ ਹੈ। ਭੁੱਖ ਦਾ ਨਾ ਲੱਗਣਾ, ਖੰਘ ਦਾ ਬੁਖਾਰ, ਮਰੋੜਾ, ਵਾਯੂ ਦੇ ਦਰਦ ਅਤੇ ਗੁਰਦੇ ਦੀ ਪੱਥਰੀ ਲਈ ਇਹਦਾ ਰਸ ਪਿਆਉਣ ਨਾਲ ਲਾਭ ਹੁੰਦਾ ਹੈ। ਦਿਲ ਨੂੰ ਤਾਕਤ ਦਿੰਦਾ ਹੈ। ਜ਼ਿਆਦਾ ਪਿਸ਼ਾਬ ਆਉਂਦਾ ਹੋਵੇ ਘੱਟ ਕਰਦਾ ਹੈ। ਸ਼ਰਾਬ ਦੇ ਨਸ਼ੇ ਨੂੰ ਘੱਟ ਕਰਦਾ ਹੈ। ਹੈਜ਼ਾ, ਸੰਗ੍ਰਹਿਣੀ, ਦਸਤ, ਪੁਰਾਣਾ, ਬੁਖਾਰ ਅਤੇ ਪੇਟ ਦੇ ਕੀੜਿਆਂ ਨੂੰ ਨਸ਼ਟ ਕਰਦਾ ਹੈ।

ਪੁਦੀਨੇ ਦੇ ਰਸ ਦੀਆਂ ਇਕ-ਦੋ ਬੂੰਦਾਂ ਨੱਕ ਵਿੱਚ ਪਾਉਣ ਨਾਲ ਜ਼ੁਕਾਮ ਦਾ ਰੇਸ਼ਾ ਨਿਕਲ ਜਾਂਦਾ ਹੈ, ਨੱਕ ਦੇ ਕੀੜੇ ਵੀ ਨਿਕਲ ਜਾਂਦੇ ਹਨ। ਖਾਂਸੀ, ਦਸਤ ਵਿੱਚ ਪੁਦੀਨੇ ਦਾ ਰਸ ੧੦ ਗ੍ਰਾਮ ਪਿਆਵੇ।

**ਬਿੱਛੂ ਲੜੇ ਤੋਂ** - ਪੁਦੀਨੇ ਦਾ ਰਸ ਇੱਕ ਚਮਚਾ, ਪਾਨ ਦਾ ਰਸ ੫ ਗ੍ਰਾਮ ਮਿਲਾ ਕੇ ਪਿਆਵੇ ਡੰਗ ਵਾਲੀ ਥਾਂ ਤੇ ਵੀ ਪੁਦੀਨਾ ਰਗੜ ਕੇ ਲਾਵੇ।

**ਪੇਟ ਦਰਦ ਲਈ -** ਪੁਦੀਨੇ ਦਾ ਰਸ ੫ ਗ੍ਰਾਮ, ਅਦਰਕ ਦਾ ਰਸ ਪੰਜ ਗ੍ਰਾਮ, ਲਾਹੌਰੀ (ਪਾਕਿਸਤਾਨੀ) ਲੂਣ, ਇਕ ਗ੍ਰਾਮ ਮਿਲਾ ਕੇ ਪਿਆਵੇ।

**ਪੁਦੀਨੇ ਦੀ ਚਟਣੀ -** ਪੁਦੀਨੇ ਦੇ ਪੱਤੇ, ਕਾਲੀ ਮਿਰਚ, ਪਾਕਿਸਤਾਨੀ ਲੂਣ, ਭੁੰਨੀ, ਹਿੰਗ, ਭੁੰਨਿਆ ਜੀਰਾ, ਮਨੱਕੇ ਦੇ (ਬੀਜ ਕੱਢ ਕੇ) ਨਿੰਬੂ ਦਾ ਰਸ ਪਾ ਕੇ ਚਟਣੀ ਬਣਾਵੇ ਇਹਦੀ ਦੀ ਵਰਤੋਂ ਨਾਲ ਖੂਬ ਭੁੱਖ ਲੱਗਦੀ ਹੈ।

**ਜ਼ੁਕਾਮ ਅਤੇ ਬੁਖਾਰ ਖਾਂਸੀ ਲਈ -** ਪੁਦੀਨਾ ਇਕ ਤੋਲਾ, ਅਦਰਕ ਪੰਜ ਗ੍ਰਾਮ, ਮੁਨੱਕਾ ਦੱਸ ਗ੍ਰਾਮ, ਪਾਣੀ ਇੱਕ ਪਾਈਆ ਵਿੱਚ ਕਾੜ੍ਹਾ ਕਰੇ। ਜਦੋਂ ਇਕ ਛਟਾਂਕ ਰਹਿ ਜਾਵੇ ਫਿਰ ਪੁਣ ਕੇ ਪੀ ਲਵੋ। ਇਸੇ ਤਰ੍ਹਾਂ ਸਵੇਰੇ-ਸ਼ਾਮ ਲੈਣਾ ਚਾਹੀਦਾ। ਇਸ ਨਾਲ ਬਦਹਜ਼ਮੀ, ਖਾਂਸੀ, ਜ਼ੁਕਾਮ ਦਾ ਬੁਖਾਰ ਦੂਰ ਹੋ ਜਾਂਦਾ ਹੈ।

ਮਹਾਂਵਾਰੀ ਘੱਟ ਆਉਂਦੀ ਹੋਵੇ - ਪੁਦੀਨਾ ੧੦ ਗ੍ਰਾਮ, ਦੇਸੀ ਜਵੈਣ ੧੦ ਗ੍ਰਾਮ, ਗੁੜ ੨੦ ਗ੍ਰਾਮ ਪਾਈਆ ਪਾਣੀ ਵਿੱਚ ਉਬਾਲੋ ਛਟਾਂਕ ਰਹਿਣ ਤੇ ਸਵੇਰੇ-ਸ਼ਾਮ ਪੀਣ ਨਾਲ ਪੇਡੂ ਦਾ ਦਰਦ ਠੀਕ ਹੁੰਦਾ ਹੈ ਇੱਕ ਹਫਤਾ ਪਹਿਲਾਂ ਪੀਣਾ ਸ਼ੁਰੂ ਕਰੋ।

**ਧਨੀਆ -** ਹਰ ਰੋਜ਼ ਘਰਾਂ ਵਿੱਚ ਧਨੀਏ ਦੀ ਵਰਤੋਂ ਕੀਤੀ ਜਾਂਦੀ ਹੈ। ਹਰੇ ਧਨੀਏ ਦੀ ਚਟਣੀ ਬਣਾ ਕੇ ਜਾਂ ਸੁੱਕਾ ਧਨੀਆ ਦਾਲ, ਸਬਜ਼ੀ ਵਿੱਚ ਵਰਤਿਆ ਜਾਂਦਾ ਹੈ, ਕੱਚਾ ਧਨੀਆ ਭੋਜਨ ਵਿੱਚ ਵਰਤੋਂ ਕਰਨ ਨਾਲ ਸੁਆਦ ਅਤੇ ਸੁਗੰਧ ਪੈਦਾ ਕਰਦਾ ਹੈ। ਦਿਲ ਨੂੰ ਤਾਕਤ ਦਿੰਦਾ ਹੈ। ਸੁੱਕਾ ਧਨੀਆਂ ਪਿਆਸ ਅਤੇ ਮਿਹਦੇ ਦੀ ਜਲਨ ਨੂੰ ਦੂਰ ਕਰਦਾ ਹੈ। ਧਨੀਆਂ, ਖਾਂਸੀ, ਪਿਆਸ, ਉਲਟੀ, ਬੁਖਾਰ ਅਤੇ ਅੱਖਾਂ ਦੇ ਰੋਗਾਂ ਲਈ ਹਿਤਕਾਰੀ ਹੈ। ਇਸ ਨਾਲ ਅਗਨੀ ਦੀਪਨ ਹੁੰਦੀ ਹੈ ਅਤੇ ਚੰਗੀ ਤਰ੍ਹਾਂ ਭੁੱਖ ਲਗਦੀ ਹੈ। ਇਸ ਨਾਲ ਪਿਸ਼ਾਬ ਵੀ ਖੁੱਲ੍ਹ ਕੇ ਆਉਂਦਾ ਹੈ। ਇਸ ਨਾਲ ਵੀ ਖੁੱਲ੍ਹ ਕੇ ਆਉਂਦਾ ਹੈ। ਦਸਤਾਂ ਨੂੰ ਵੀ ਠੀਕ ਕਰਦੀ ਹੈ। ਵਾਰ-ਵਾਰ ਜਲਾਬ ਆਉਂਦੇ ਹੋਣ ਲਈ ਵੀ ਲਾਭਕਾਰੀ ਹੈ। ਗਰਭਵਤੀ ਇਸਤਰੀਆਂ ਨੂੰ ਜੋ ਉਲਟੀ ਆਉਂਦੀ ਹੈ ਉਹਦੇ ਲਈ ਧਨੀਆਂ ਲਾਭਕਾਰੀ ਹੈ। ਬੱਚਿਆਂ ਦੇ ਪੇਟ ਦੇ ਕੀੜੇ ਲਈ ਇਹਦਾ ਸੇਵਨ ਕਰੇ।

**ਨਵੇਂ ਬੁਖਾਰ ਲਈ -** ਧਨੀਆਂ ੧੦ ਗ੍ਰਾਮ, ਸੁੰਢ ਪੰਜ ਗ੍ਰਾਮ, ਪਾਈਆ ਪਾਣੀ ਵਿੱਚ ਚੌਥਾ ਹਿੱਸਾ ਰਹਿਣ ਨਾਲ ਇਹ ਖੁਰਾਕ ਸਵੇਰੇ ਸਾਮ ਦਿਓ।

**ਪਿਸ਼ਾਬ ਦੀ ਰੁਕਾਵਟ -** ਕਿਸੀ ਕਾਰਣ ਪਿਸ਼ਾਬ ਦੀ ਰੁਕਾਵਟ ਹੋ ਜਾਵੇ ਧਨੀਏ ਦਾ ਕਾੜ੍ਹਾ ਕਰਕੇ ਪੀਣ ਨਾਲ ਪਿਸ਼ਾਬ ਦੀ ਰੁਕਾਵਟ ਖੁੱਲ੍ਹ ਜਾਂਦੀ ਹੈ।

**ਖਾਂਸੀ -** ਧਨੀਏ ਅਤੇ ਮੁਲੱਠੀ ਦਾ ਕਾੜ੍ਹਾ ਕਰਕੇ ਪਿਲਾਵੇ ਕਿਸੇ ਤਰ੍ਹਾਂ ਦਾ ਦਿਲ ਦਾ ਰੋਗ ਹੋਵੇ, ਧਨੀਏ ਅਤੇ ਮਿਸਰੀ ਬਰਾਬਰ ਮਿਲਾ ਕੇ ਦਿਲ ਦੀ ਬੇਚੈਨੀ ਦੂਰ ਹੁੰਦੀ ਹੈ।

**ਖੂਨ ਦਾ ਵਹਿਣਾ -** ਖੂਨੀ ਬਵਾਸੀਰ, ਪੈਰਾਂ, ਹੱਥਾਂ ਪੈਰਾਂ ਦੀ ਜਲਨ ਜਾਂ ਛਾਤੀ ਵਿਚੋਂ ਖੂਨ ਦਾ ਆਉਣਾ, ਧਨੀਆ ਉਬਾਲ ਕੇ ਵਾਰ-ਵਾਰ ਪਾਣੀ ਦਿਓ।

**ਪਿਸ਼ਾਬ ਦੀ ਗਰਮੀ -** ਧਨੀਆਂ ਪੀਸ ਕੇ ਬਰਾਬਰ ਮਿਸ਼ਰੀ ਮਿਲਾ ਕੇ ਠੰਢੇ ਪਾਣੀ ਨਾਲ ਦੋ-ਤਿੰ ਵਾਰੀ ਚਮਚਾ-ਚਮਚਾ ਲਵੋ। ਪਿਸ਼ਾਬ ਦੀ ਗਰਮੀ ਠੀਕ ਹੋ ਜਾਂਦੀ ਹੈ।

**ਹਲਦੀ -** ਆਯੁਰਵੈਦ ਗ੍ਰੰਥਾਂ ਵਿੱਚ ਹਲਦੀ ਨੂੰ ਮਾਨਵ ਹਿਤਕਾਰੀ ਅਤੇ ਛੂਤ ਰੋਗਾਂ ਤੋਂ ਬਚਾਉਣ ਵਾਲੀ ਲਿਖਿਆ ਹੈ। ਹਲਦੀ ਹੇਠ ਲਿਖੀਆਂ ਬਿਮਾਰੀਆਂ ਲਈ ਬਹੁਤ ਗੁਣਕਾਰੀ ਹੈ।

**ਚੇਚਕ (ਮਾਤਾ) -** ਚੇਚਕ ਲਈ ਕੱਚੀ ਹਲਦੀ ੧੦ ਗ੍ਰਾਮ, ਇੱਖ ਦਾ ਰਸ ੧੦ ਗ੍ਰਾਮ, ਸਵੇਰੇ ਇਸ਼ਨਾਨ ਕਰਨ ਤੋਂ ਬਾਅਦ ੧੦-੧੫ ਦਿਨ ਸੇਵਨ ਕਰਨ ਨਾਲ ਚੇਚਕ ਹੋਣ ਦਾ ਭੈਅ ਨਹੀਂ ਰਹਿੰਦਾ।

**ਮੋਚ -** ਸਰੀਰ ਦੇ ਕਿਸੇ ਵੀ ਓਂਗ ਤੇ ਸੋਚ ਆ ਜਾਵੇ ਤਾਂ ਹਲਦੀ, ਕਣਕ ਦਾ ਆਟਾ, ਨਮਕ ਮਿਲਾ ਕੇ ਗਰਮ ਕਰਕੇ ਲਗਾਵੇ ਦਰਦ, ਸੋਜ ਹਟ ਜਾਂਦੀ ਹੈ।

**ਜ਼ੁਕਾਮ –** ਜ਼ੁਕਾਮ ਹੋ ਜਾਵੇ ਤਾਂ ਇੱਕ ਪਿਓਲਾ ਗਰਮ ਦੁੱਧ ਵਿੱਚ ਇਕ ਚਮਚਾ ਪੀਸੀ ਹਲਦੀ ਪਾ ਕੇ ਚੰਗੀ ਤਰ੍ਹਾਂ ਫੈਂਟ ਕੇ ਫਿਰ ਸ਼ੱਕਰ ਪਾ ਕੇ ਪੀਣ ਨਾਲ ਰੇਸ਼ਾ, ਬਲਗਮ ਪੱਕ ਕੇ ਨਿਕਲ ਜਾਂਦੀ ਹੈ।

**ਨੋਟ –** ਜ਼ੁਕਾਮ ਵਿੱਚ ਕਦੀ ਰੇਸ਼ਾ ਰੋਕਣ ਲਈ ਨਸ਼ੇ ਵਾਲੀ ਦਵਾਈ ਨਹੀਂ ਲੈਣੀ ਚਾਹੀਦੀ। ਇੱਕ ਦਮ ਰੇਸ਼ਾ ਰੋਕਣ ਨਾਲ ਸਾਹ–ਦਮਾ ਆਦਿ ਰੋਗ ਹੋ ਜਾਂਦੇ ਹਨ। ਜ਼ੁਕਾਮ ਵਿੱਚ ਵਰਤ ਰੱਖਣਾ ਬਹੁਤ ਲਾਭਕਾਰੀ ਹੈ। ਦਿਨ ਵਿੱਚ ਸੌਣ ਨਾਲ ਜ਼ੁਕਾਮ ਜ਼ਿਆਦਾ ਵਿਗੜਦਾ ਹੈ।

**ਪੇਟ ਦੇ ਕੀੜੇ –** ਕੱਚੀ ਹਲਦੀ ਵਿੱਚ ਥੋੜ੍ਹਾ ਨਮਕ ਮਿਲਾ ਕੇ ਖਾਣ ਨਾਲ ਪੇਟ ਦੇ ਕੀੜੇ ਖਤਮ ਹੋ ਜਾਂਦੇ ਹਨ।

**ਖੁਰਾਕ –** ੩ ਤੋਂ ੫ ਗ੍ਰਾਮ ਤੱਕ ਰਿੜਕੀ ਹੋਈ ਲੱਸੀ ਜਾਂ ਪਾਣੀ ਨਾਲ ਖਾਲੀ ਪੇਟ ਲਵੋ। ਕੁਝ ਦਿਨਾਂ ਵਿੱਚ ਹੀ ਲਾਭ ਹੋਵੇਗਾ। ਕੱਚੀ ਹਲਦੀ ਦਾ ਰਸ ਸ਼ਹਿਦ ਵਿੱਚ ਮਿਲਾ ਕੇ ਰੋਜ਼ ਸਵੇਰੇ ਪੀਣ ਨਾਲ ਚੇਚਕ, ਹੈਜ਼ਾ ਆਦਿ ਬੀਮਾਰੀਆਂ ਹੋਣ ਦਾ ਡਰ ਨਹੀਂ ਰਹਿੰਦਾ ਅਤੇ ਬੱਚਿਆਂ ਦੀ ਯਕ੍ਰਿਤ ਦੀ ਕਮਜ਼ੋਰੀ, ਪੇਟ ਦੇ ਰੋਗ, ਖਾਂਸੀ, ਜ਼ੁਕਾਮ, ਪੀਲੀਆ ਠੀਕ ਹੁੰਦਾ ਹੈ ਤੇ ਬੱਚਾ ਤੰਦਰੁਸਤ, ਤਾਕਤਵਰ ਤੇ ਸੁੰਦਰ ਬਣਦਾ ਹੈ। ਫੋੜਾ, ਫਿਨਸੀ, ਦੱਦ, ਖਾਜ਼, ਧਫੜੀ ਅਤੇ ਜ਼ਖਮ ਨੂੰ ਵੀ ਹਲਦੀ ਦੀ ਮਾਲਿਸ਼ ਕਰਕੇ ਨਿੰਮ ਦੇ ਪੱਤੇ ਦੀ ਹਲਦੀ ਦੀਂ ਗੱਠੀ ਪਾਣੀ ਵਿੱਚ ਉਬਾਲ ਕੇ ਇਸ਼ਨਾਨ ਕਰਨ ਨਾਲ ਚਮੜੀ ਰੋਗ ਮਿੱਟ ਜਾਂਦੇ ਹਨ।

**ਪ੍ਰਸੂਤਿਕਾ (ਜਣੇਪਾ)** – ਮਹਾਂਰਾਸ਼ਟਰ ਵਿੱਚ ਜਣੇਪੇ ਤੋਂ ਬਾਅਦ ਗੁੜ ਨਾਲ ਹਲਦੀ ਖੁਆਈ ਜਾਂਦੀ ਹੈ। ਇਹ ਬੰਗਾਲ ਵਿੱਚ ਵੀ ਪ੍ਰਚਲਿਤ ਹੈ। ਜਣੇਪੇ ਤੋਂ ਤਿੰਨ–ਚਾਰ ਦਿਨ ਪਹਿਲਾਂ ਖਿਚੜੀ (ਚਾਵਲ, ਮੂੰਗੀ) ਦਿੱਤੀ ਜਾਂਦੀ ਹੈ। ਉਸ ਵਿੱਚ ਪਹਿਲਾਂ ਇੱਕ ਗ੍ਰਾਮ (ਇੱਕ ਗੱਠ) ਕੱਚੀ ਹਲਦੀ ਦੀ ਪੀਸੀ ਹੋਈ ਖਵਾਈ ਜਾਂਦੀ ਹੈ।

ਪੁਰਾਣੇ ਲੋਕ ਹਲਦੀ ਦੀ ਗੱਠੀ ਨੂੰ ਨਜ਼ਰ ਵਗੈਰਾ ਤੋਂ ਰੱਖਿਆ ਲਈ ਦਵਾ ਸਮਝਦੇ ਸਨ ਜਦੋਂ ਕਿ ਅਸਲ ਗੱਲ ਇਹ ਹੈ ਕਿ ਹਲਦੀ ਕੀਟਨਾਸ਼ਕ ਹੈ। ਪਾਣੀ ਵਿੱਚ ਹਲਦੀ ਦੀਆ ਗੱਠੀਆਂ ਕੁੱਟ ਕੇ ਉਬਾਲ ਕੇ ਬੱਚਿਆਂ ਨੂੰ ਨਹਾਉਣ ਨਾਲ ਚਮੜੀ ਰੋਗ ਨਹੀਂ ਲਗਦੇ ਅਤੇ ਚਮੜੀ ਮੁਲਾਇਮ ਤੇ ਸੁੰਦਰ ਹੁੰਦੀ ਹੈ।

ਵਿਆਹ ਤੋਂ ਪਹਿਲਾਂ ਲੜਕੇ–ਲੜਕੀ ਦੀ ਸੁੰਦਰਤਾ ਲਈ ਵਟਣਾ ਮਲਣਾ ਇੱਕ ਰਸਮ ਹੈ। ਜਿਸ ਵਿੱਚ ਹਲਦੀ, ਜੌਆਂ ਦਾ ਆਟਾ, ਵੇਸਣ, ਤੇਲ, ਦੁੱਧ ਅਤੇ ਚੰਦਨ ਦਾ ਪਾਊਡਰ ਆਦਿ ਪਾ ਕੇ ਵਿਆਹ ਤੋਂ ਕਈ ਦਿਨ ਪਹਿਲਾਂ ਸਰੀਰ ਤੇ ਵਟਣਾ ਮਲਿਆ ਜਾਂਦਾ ਹੈ। ਮਨ ਦੀ ਖੁਸ਼ੀ ਲਈ ਇਸਤਰੀਆਂ ਮੰਗਲਮਈ ਗੀਤ ਗਾਉਂਦੀਆਂ ਹਨ।

ਮਨੁੱਖ ਦੇ ਨਾਲ–ਨਾਲ ਪਸ਼ੂ–ਪੰਛੀਆਂ ਦੇ ਜ਼ਖਮਾਂ ਲਈ ਵੀ ਹਲਦੀ ਇੱਕ ਗੁਣਕਾਰੀ ਦਵਾ ਹੈ।

**ਅਦਰਕ –** ਸਰਦੀ ਵਿੱਚ ਜ਼ਿਆਦਾ ਲੋਕ ਚਾਹ ਦਾ ਸੇਵਨ ਕਰਦੇ ਹਨ। ਚਾਹ ਵਿੱਚ ਅਦਰਕ ਅਤੇ ਗੁੜ ਪਾਇਆ ਜਾਵੇ ਤਾਂ ਬਹੁਤ ਲਾਭਕਾਰੀ ਹੈ। ਇਸ ਨਾਲ ਕਫ (ਬਲਗਮ) ਅਤੇ ਵਾਯੂ ਦੇ ਵਿਕਾਰ ਪੈਦਾ ਨਹੀਂ ਹੁੰਦੇ। ਨਿਮੋਨੀਆ ਠੰਘ ਦਾ ਬੁਖਾਰ, ਖਾਂਸੀ, ਜ਼ੁਕਾਮ ਨਹੀਂ ਹੁੰਦਾ।


(ਇਥੋਂ ਕੱਟ ਕੇ ਭੇਜੋ ਜੀ)

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ। ਕਿਰਪਾ ਕਰਕੇ ਚੈਕ ਜਾਂ ਬੈਂਕ ਡਰਾਫਟ "**Vishav Gurmat Roohani Mission charitable Trust**" ਦੇ ਨਾਂ ਤੇ ਭੇਜਿਆ ਜਾਵੇ ਜੀ ।

ਆਤਮ ਮਾਰਗ
Monthly Magazine ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 240/- | 2040/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

**MEMBERSHIP FORM** ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

Order from for back Issus

ਜਨਵਰੀ ☐
ਫਰਵਰੀ ☐
ਮਾਰਚ ☐
ਅਪ੍ਰੈਲ ☐
ਮਈ ☐
ਜੂਨ ☐
ਜੁਲਾਈ ☐
ਅਗਸਤ ☐
ਸਤੰਬਰ ☐
ਅਕਤੂਬਰ ☐
ਨਵੰਬਰ ☐
ਦਸੰਬਰ ☐

ਨਾਮ/Name ..............................................................

ਪਤਾ/Address ..............................................................

..............................................................

..............................................................

..............................Pin Code..............................

Phone........................ E-mail :....................................

ਮੈਂ.....................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.......................ਮਿਤੀ........................ਰਾਹੀਂ ਭੇਜ ਰਿਹਾ ਹਾਂ।

**ATAM MARG MONTHLY MAGAZINE** ਦਸਖਤ...............................

Gurdwara Ratwara Sahib, P.o. Mullanpur Garibdas, Distt. S.A.S. Nagar (Mohali) Pin - 140901 (Pb.) India

Phone : 0160-2255002, Fax : 0160-2255009, Email : atammarg@glide.net.in, www.ratwarasahib.org

**ਅਦਰਕ ਦੀ ਚਾਹ ਬਨਾਉਣ ਦੀ ਵਿਧੀ –** ੧੦ ਗ੍ਰਾਮ ਅਦਰਕ ਦੇ ਛੋਟੇ-ਛੋਟੇ ਟੁਕੜੇ ਕਰਕੇ ੨੫੦ ਗ੍ਰਾਮ ਪਾਣੀ ਵਿਚ ਪਾਉਣਾ ਚਾਹੀਦਾ ਹੈ। ਜਦੋਂ ਅੱਧਾ ਪਾਣੀ ਬਾਕੀ ਰਹਿ ਜਾਵੇ ਤਾ ਪੁਣ ਕੇ ਦੁੱਧ, ਸ਼ੱਕਰ ਮਿਲਾ ਕੇ ਹੌਲੀ-ਹੌਲੀ ਪੀਣ ਨਾਲ ਖਾਂਸੀ, ਜ਼ੁਕਾਮ, ਸਿਰ ਦਰਦ, ਕਫ, ਕਮਰ, ਪਸਲੀ ਦਾ ਦਰਦ ਦੂਰ ਹੋ ਜਾਂਦਾ ਹੈ। ਪਸੀਨਾ ਆ ਕੇ ਬੁਖਾਰ ਵੀ ਘੱਟ ਜਾਂਦਾ ਹੈ।

**ਸੌਂਫ ਦੇ ਗੁਣ –** ਸਿਰ ਦੀ ਕਮਜ਼ੋਰੀ-ਸੌਫ ਨੂੰ ਬਰੀਕ ਰਗੜ ਕੇ ਬਰਾਬਰ ਖੰਡ ਮਿਲਾ ਕੇ ਰਾਤ ਨੂੰ ਪਾਣੀ ਜਾਂ ਦੁੱਧ ਨਾਲ ਸੇਵਨ ਕਰੋ।

**ਖੁਰਾਕ –** ੫ ਤੋਂ ੧੦ ਗ੍ਰਾਮ ਕੁਝ ਦਿਨਾਂ ਵਿਚ ਸਿਰ ਨੂੰ ਤਾਕਤ ਆ ਜਾਂਦੀ ਹੈ। ਕਬਜ਼ ਦੂਰ ਹੋ ਕੇ ਮਿਹਦੇ ਨੂੰ ਸ਼ਕਤੀ ਮਿਲਦੀ ਹੈ। ਇਹ ਨੁਕਸਾ ਨਿਗ੍ਹਾ ਵਧਾਉਣ ਲਈ ਵੀ ਲਾਭਕਾਰੀ ਹੈ।

**ਅਤੀਸਾਰ – (ਦਸਤ)** – ਸੌਂਫ ਭੁੰਨ ਕੇ ਬਰਾਬਰ ਮਿਸਰੀ ਮਿਲਾ ਕੇ ਰਗੜ ਕੇ ਰੱਖੋ। ਇਸ ਵਿੱਚ ਪੰਜ ਗ੍ਰਾਮ ਦਿਨ ਵਿੱਚ ਤਿੰਨ ਵਾਰੀ ਰਿੜਕੀ ਹੋਈ ਚਾਟੀ ਦੀ ਲੱਸੀ ਨਾਲ ਲਵੋ। ਦਸਤ ਬੰਦ ਹੋ ਜਾਂਦੇ ਹਨ।

**ਮਰੋੜ –** ਬਾਰ-ਬਾਰ ਥੋੜ੍ਹਾ-ਥੋੜ੍ਹਾ ਦਸਤ ਆਉਣਾ ਸੌਂਫ ਦੀ ਗਿਰੀ ੫੦ ਗ੍ਰਾਮ, ਬਿਲੋ ਗਿਰੀ ੫੦ ਗ੍ਰਾਮ, ਮਿਸਟੀ ੧੦੦ ਗ੍ਰਾਮ ਬਰੀਕ ਰਗੜ ਕੇ ਤਾਜ਼ੇ ਪਾਣੀ ਨਾਲ ਪੰਜ ਗ੍ਰਾਮ ਲਵੇ। ਦਿਨ ਵਿਚ ਦੋ ਵਾਰ ਸੇਵਨ ਕਰੋ। ਹਰ ਪ੍ਰਕਾਰ ਦੇ ਦਸਤ ਨਾਲ ਖੂਨ ਵੀ ਆਉਂਦਾ ਹੋਵੇ ਤਾਂ ਅਤਿ ਲਾਭਕਾਰੀ ਹੈ।

**ਜੀਅ ਮਿਚਲਾਣਾ ਜਾਂ ਉਲਟੀ ਆਉਣਾ –** ਸੌਂਫ ਇਕ ਗ੍ਰਾਮ, ਪੁਦੀਨਾ ਤਿੰਨ ਗ੍ਰਾਮ, ਗੁਲੂਕੰਦ ਵੀਹ ਗ੍ਰਾਮ, ਪਾਣੀ ਸੌ ਗ੍ਰਾਮ ਉਬਾਲੋ, ਅੱਧਾ ਰਹਿਣ ਤੇ ਪੁਣ ਕੇ ਛਾਣ ਕੇ ਠੰਢਾ ਕਰਕੇ ਪੀਣ ਨਾਲ ਲਾਭ ਹੋਵੇਗਾ।

**ਬਵਾਸੀਰ –** ਪੁਰਾਣੀ, ਖੂਨੀ ਜਾਂ ਬਾਦੀ ਹੋਵੇ ਮੌਕੇ ਅੰਦਰ ਜਾਂ ਬਾਹਰ ਹੋਣ। ਪਖਾਣੇ ਦੀ ਜਗ੍ਹਾ ਜਕੜਣ ਜਾਂ ਸੌਜ ਹੋ ਜਾਂਦੀ ਹੋਵੇ। ਗਰਮ ਚੀਜ਼ ਮੁਆਫਕ ਨਾ ਆਉਂਦੀ ਹੋਵੇ। ਇਸ ਇਲਾਜ ਵਾਸਤੇ ਸੈਂਕੜੇ ਦਵਾਈਆਂ ਇੱਕ ਪਾਸੇ ਹਰੜ ਦਾ ਮੁਰੱਬਾ ਇੱਕ ਪਾਸੇ।

ਰਾਤ ਸੌਣ ਵੇਲੇ ਦੋ ਹਰੜਾਂ, ਕੋਸੇ ਦੁੱਧ ਨਾਲ ਖਾਵੇ, ਤਿੰਨ-ਚਾਰ ਮਹੀਨੇ ਲਗਾਤਾਰ ਸੇਵਨ ਕਰੇ। ਬਵਾਸੀਰ ਹਟ ਜਾਵੇਗੀ।

**ਪ੍ਰਹੇਜ਼ –** ਲਾਲ ਮਿਰਚ ਅਤੇ ਗਰਮ ਚੀਜ਼ਾਂ ਤੋਂ ਪ੍ਰਹੇਜ਼ ਕਰੋ।

**ਗੁ. ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਸਤਿਸੰਗ ਪ੍ਰੋਗਰਾਮ ਸਬੰਧੀ**

**ਐਤਵਾਰ** – **06, 13, 20, 27** ਦਿਸੰਬਰ
**(ਦਿਨ ਦੇ ਸਮੇਂ** 1.00 **ਵਜੇ ਤੋਂ** 4.00 **ਵਜੇ ਤੱਕ)**

**ਸੰਗਰਾਂਦ** – 15 ਦਿਸੰਬਰ, ਦਿਨ ਮੰਗਲਵਾਰ
**(ਦਿਨ ਦੇ ਸਮੇਂ** 1.00 **ਵਜੇ ਤੋਂ** 4.00 **ਵਜੇ ਤੱਕ)**

**ਪੂਰਨਮਾਸ਼ੀ** – 2 ਦਿਸੰਬਰ, ਦਿਨ ਬੁੱਧਵਾਰ
**(ਸਮਾਂ – ਦੁਪਿਹਰ 1.00 ਰਾਤ 1.00 ਵਜੇ ਤੱਕ ਰੈਣ ਸਬਾਈ ਕੀਰਤਨ)**

**ਜਰੂਰੀ ਸੂਚਨਾ** – ਹਰ ਪੂਰਨਮਾਸ਼ੀ ਤੇ ਅੱਧੀ ਭੇਟਾ ਨਾਲ ਆਤਮ ਮਾਰਗ ਮੈਗਜੀਨ ਦੇ ਮੈਂਬਰ ਬਣਾਏ ਜਾਂਦੇ ਹਨ ਅਤੇ ਦਰਗਾਹੀ ਪ੍ਰਸ਼ਾਦ ਆਯੁਰਵੈਦਿਕ ਖੀਰ ਹਰ ਇਕ ਪੂਰਨਮਾਸ਼ੀ ਨੂੰ ਰਾਤ **1.00** ਵਜੇ ਰਤਵਾੜਾ ਸਾਹਿਬ ਵਿਖੇ ਵਰਤਾਈ ਜਾਂਦੀ ਹੈ।

**ਅੰਮ੍ਰਿਤ ਸੰਚਾਰ – ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਰਾਤ ਨੂੰ 9.00 ਵਜੇ ਹੁੰਦਾ ਹੈ।**

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

| | | *ਪੰਜਾਬੀ* | *ਹਿੰਦੀ* |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ -ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ -੧ | 30/- | 35/- |
| 5. | ਕਿਵ ਸਚਿਆਰਾ ਹੋਈਐ -੨ | 60/- | 65/- |
| 6. | ਕਿਵ ਸਚਿਆਰਾ ਹੋਈਐ - ੩ | 100/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 1੬. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 70/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 40/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | |
| 26. | ਅਬਿਨਾਸੀ ਜੋਤ ਭਾਗ-2 | 90/- | |
| 27. | ਰੂਹਾਨੀ ਗੁਲਦਸਤਾ -1 | 60/- | |
| 28. | ਰੂਹਾਨੀ ਗੁਲਦਸਤਾ - 2 | 60/- | |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | | 50/- |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. | ਗੁਰੂ ਅਮਰਦਾਸ ਪਰਸੀਐ | 50/- | |
| 32. | ਭਗਵਤ ਗੀਤਾ.............। | 100/- | |
| 33. | ਅਨੰਦਮਈ ਜੀਵਨ ਜਾਚ | 50/- | |
| 34. | ਪੱਤਰਕਾਰ ਦੇ ਪ੍ਰਸ਼ਨ? ਮਹਾਂਪੁਰਸ਼ਾਂ ਵਲੋਂ ਉਤਰ | 25/- | |
| 35. | ਅਨੁਭਵੀ ਪ੍ਰਵਚਨ | 50/- | |
| 36. | ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ | 35/- | |
| 37. | ਅੰਦਰਲੀ ਖੋਜ | 130/- | |
| 38. | ਸਿਮਰਤ ਕਹਾਂ ਨਹੀਂ | 135/- | |
| ੩9. | ਰੂਹਾਨੀ ਪ੍ਰਵਚਨ | 35/- | |
| 40. | 'ਸੇਵਾ ਸਿਮਰਨ ਜੁਗਤੀਆਂ' | 160/- | |
| 41. | 'ਮਾਨੁੱਖ ਤਨ ਦਾ ਪ੍ਰਯੋਜਨ' | 150/- | |
| 42. | 'ਯੋਗਾ ਉਪਰ ਲੈਕਚਰ', | 30/- | |
| 43. | 'ਕਰਮ ਬੰਧਨ ਤੋਂ ਮੁਕਤੀ' :- | 30/- | |

| | **English Version** | **Price** |
|---|---|---|
| 1. | Baisakhi | Rs. 5/- |
| 2. | How Rend The Veil of Untruth | Rs. 70/- |
| 3. | Discourses on the Beyond-1 | Rs 50/- |
| 4. | Discourses on the Beyond -2 | Rs. 50/- |
| 5. | Discourses on the Beyond -3 | Rs. 50/- |
| 6. | Discourses on the Beyond -4 | Rs. 60/- |
| 7. | Discourses on the Beyond -5 | Rs. 60/- |
| 8. | The way to the imperceptible | Rs. 80/- |
| 9. | The Lights Immortal | Rs. 20/- |
| 10. | Transcendental Bliss | Rs. 70/- |
| 11. | How to Know Thy Real Self-(Vol-1) | Rs. 80/- |
| 12. | How to Know Thy Real Self-(Vol-2) | Rs. 80/- |
| 13. | How to Know Thy Real Self-(Vol-3) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |
| 16. | Divine Word Contemplation Path', | Rs.70/- |